@Qpatrika @qaumipatrika punjabi instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 27 February 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 27 ਫਰਵਰੀ 2026, 15 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 114, qpatrika@gmail.com ਫੋਨ : 9971359517 www.qaumipatrika.org

## ਹਾਈ ਕੋਰਟ ਦਾ ਅਹਿਮ ਫੈਸਲਾ; 'ਲਾਈਫਸਟਾਈਲ ਡਿਸਆਰਡਰ' ਦੱਸ ਕੇ ਫੌਜੀਆਂ ਦੀ ਡਿਸਏਬਿਲਿਟੀ ਪੈਨਸ਼ਨ ਨਹੀਂ ਰੋਕ ਸਕਦੇ

ਨਵੀਂ ਦਿੱਲੀ 26 ਫਰਵਰੀ। ਦਿੱਲੀ ਹਾਈ ਕੋਰਟ ਨੇ ਹਥਿਆਰਬੰਦ ਫ਼ੋਰਸਾਂ ਦੇ ਕਰਮਚਾਰੀਆਂ ਦੇ ਹੱਕ 'ਚ ਇਕ ਅਹਿਮ ਫੈਸਲਾ ਸੁਣਾਇਆ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਫੌਜੀਆਂ ਦੀ ਦਿਵਯਾਂਗਤਾ ਪੈਨਸ਼ਨ ਨੂੰ ਸਿਰਫ਼ ਇਹ ਕਹਿ ਕੇ ਨਹੀਂ ਰੋਕਿਆ ਜਾ ਸਕਦਾ ਕਿ ਉਨ੍ਹਾਂ ਦੀ ਬੀਮਾਰੀ ਇਕ 'ਲਾਈਫਸਟਾਈਲ ਡਿਸਆਰਡਰ' ਹੈ ਜਾਂ ਇਹ 'ਪੀਸ ਏਰੀਆ' (ਸ਼ਾਂਤ ਖੇਤਰ) 'ਚ ਤਾਇਨਾਤੀ ਦੌਰਾਨ ਹੋਈ ਹੈ। ਜਸਟਿਸ ਵੀ. ਕਾਮੇਸ਼ਵਰ ਰਾਓ ਅਤੇ ਜਸਟਿਸ ਮਨਮੀਤ ਪ੍ਰੀਤਮ ਸਿੰਘ ਅਰੋੜਾ ਦੀ ਬੈਂਚ ਨੇ ਕਿਹਾ ਕਿ ਗੈਰ-ਆਪਰੇਸ਼ਨਲ ਜਾਂ ਪੀਸ ਏਰੀਆ 'ਚ ਵੀ ਫੌਜੀ ਸੇਵਾ ਤਣਾਅਪੂਰਨ ਹੁੰਦੀ ਹੈ,




ਜਿਸ ਕਾਰਨ ਗੰਭੀਰ ਬੀਮਾਰੀਆਂ ਹੋ ਸਕਦੀਆਂ ਹਨ। ਅਦਾਲਤ ਨੇ ਆਰਮਡ ਫੋਰਸਿਜ਼ ਟ੍ਰਿਬਿਊਨਲ (16") ਦੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ, ਜਿਸ 'ਚ ਭਾਰਤੀ ਹਵਾਈ ਸੈਨਾ ਦੇ ਇਕ ਸੇਵਾਮੁਕਤ ਅਧਿਕਾਰੀ ਦੀ ਪੈਨਸ਼ਨ ਦੀ ਮੰਗ ਖਾਰਜ ਕਰ ਦਿੱਤੀ ਗਈ ਸੀ। ਇਹ ਅਧਿਕਾਰੀ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਗੰਭੀਰ ਬੀਮਾਰੀ (ਕੋਰੋਨਰੀ ਆਰਟਰੀ ਡਿਜ਼ੀਜ਼) ਤੋਂ ਪੀੜਤ ਹੈ। ਅਦਾਲਤ ਨੇ ਕਿਹਾ ਕਿ ਅਸਲੀ ਸਵਾਲ ਇਹ ਹੈ ਕਿ ਕੀ ਬੀਮਾਰੀ ਦਾ ਸਬੰਧ ਸੇਵਾ ਦੀਆਂ ਸਥਿਤੀਆਂ ਨਾਲ ਹੈ ਜਾਂ ਨਹੀਂ। ਜੇਕਰ ਮੈਡੀਕਲ ਬੋਰਡ ਇਹ ਸਾਬਤ ਨਹੀਂ ਕਰ ਸਕਦਾ ਕਿ ਬੀਮਾਰੀ ਸੇਵਾ ਕਾਰਨ ਨਹੀਂ ਵਧੀ, ਤਾਂ ਪੈਨਸ਼ਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਿਨਾਂ ਕਿਸੇ ਠੋਸ ਮੈਡੀਕਲ ਸਬੂਤ ਦੇ ਕਿਸੇ ਬੀਮਾਰੀ ਨੂੰ ਸਿਰਫ ਜੀਵਨ ਸ਼ੈਲੀ ਨਾਲ ਜੋੜਨਾ ਕਾਨੂੰਨੀ ਤੌਰ 'ਤੇ ਸਹੀ ਨਹੀਂ ਹੈ। ਅਦਾਲਤ ਨੇ ਮੋਟਾਪੇ ਜਾਂ ਹੋਰ ਆਦਤਾਂ ਨਾਲ ਜੁੜੀਆਂ ਦਲੀਲਾਂ ਨੂੰ ਵੀ ਰੱਦ ਕਰ ਦਿੱਤਾ ਕਿਉਂਕਿ ਮੈਡੀਕਲ ਰਿਪੋਰਟ 'ਚ ਇਹ ਕਾਰਨ ਨਹੀਂ ਦੱਸੇ ਗਏ ਸਨ। ਪਟੀਸ਼ਨਕਰਤਾ ਨੇ ਹਵਾਈ ਫੌਜ 'ਚ 40 ਸਾਲ ਤੋਂ ਵੱਧ ਸੇਵਾ ਦਿੱਤੀ ਸੀ ਅਤੇ ਭਰਤੀ ਵੇਲੇ ਉਹ ਪੂਰੀ ਤਰ੍ਹਾਂ ਫਿੱਟ ਸੀ। 2016 'ਚ ਓਪਨ-ਹਾਰਟ ਸਰਜਰੀ ਤੋਂ ਬਾਅਦ ਉਸ ਦੀ ਦਿਵਯਾਂਗਤਾ 50% ਆਂਕੀ ਗਈ ਸੀ। ਹਾਈ ਕੋਰਟ ਨੇ ਹਵਾਈ ਫੌਜ ਦੇ ਇਸ ਸੇਵਾਮੁਕਤ ਅਧਿਕਾਰੀ ਨੂੰ 50% ਉਮਰ ਭਰ ਦਿਵਯਾਂਗਤਾ ਪੈਨਸ਼ਨ ਦੇਣ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਨੇ ਕਿਹਾ ਹੈ ਕਿ ਰਿਟਾਇਰਮੈਂਟ ਦੀ ਤਰੀਕ ਤੋਂ ਸਾਰਾ ਬਕਾਇਆ 8 ਹਫ਼ਤਿਆਂ ਦੇ ਅੰਦਰ ਅਦਾ ਕੀਤਾ ਜਾਵੇ। ਜੇਕਰ ਭੁਗਤਾਨ 'ਚ ਦੇਰੀ ਹੁੰਦੀ ਹੈ, ਤਾਂ 12% ਸਾਲਾਨਾ ਵਿਆਜ ਵੀ ਦੇਣਾ ਪਵੇਗਾ।

## ਸ਼ਰੋਮਣੀ ਅਕਾਲੀ ਦਲ ਨੇ ਕੀਤੀਆਂ ਨਵੀਆਂ ਨਿਯੁਕਤੀਆਂ

ਚੰਡੀਗੜ੍ਹ 26 ਫਰਵਰੀ। ਸ਼ਰੋਮਣੀ ਅਕਾਲੀ ਦਲ ਵੱਲੋਂ ਅੱਜ 2 ਅਹਿਮ ਨਿਯੁਕਤੀਆਂ ਕੀਤੀਆਂ ਗਈਆਂ ਹਨ। ਪਾਰਟੀ ਵੱਲੋਂ ਐਡਵੋਕੇਟ ਨਗਿੰਦਰ ਬੈਨੀਪਾਲ ਨੂੰ ਪਾਰਟੀ ਦਾ ਰਾਸ਼ਟਰੀ ਬੁਲਾਰਾ ਅਤੇ ਪਰਮਜੀਤ ਸਿੰਘ ਰਾਣਾ ਨੂੰ ਪਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਦਾ ਐਲਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤਾ ਹੈ। ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਡਵੋਕੇਟ ਨਗਿੰਦਰ ਬੈਨੀਪਾਲ ਅਤੇ ਪਰਮਜੀਤ ਸਿੰਘ ਰਾਣਾ ਨੂੰ ਇਸ ਨਿਯੁਕਤੀ ਲਈ ਵਧਾਈਆਂ ਦਿੱਤੀਆਂ ਤੇ ਵਿਸ਼ਵਾਸ ਜਤਾਇਆ ਕਿ ਉਨ੍ਹਾਂ ਦਾ ਤਜ਼ਰਬਾ ਤੇ ਸਮਰਪਣ ਦੀ ਭਾਵਨਾ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰੇਗੀ। ਸੁਖਬੀਰ ਸਿੰਘ ਬਾਦਲ ਨੇ ਟਵੀਟ ਕੀਤਾ, ਐਡਵੋਕੇਟ ਨਗਿੰਦਰ ਬੈਨੀਪਾਲ ਨੂੰ ਪਾਰਟੀ ਦਾ ਰਾਸ਼ਟਰੀ ਬੁਲਾਰਾ ਅਤੇ ਪਰਮਜੀਤ ਸਿੰਘ ਰਾਣਾ ਨੂੰ ਪਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਹੋਣ 'ਤੇ ਬਹੁਤ ਬਹੁਤ ਵਧਾਈਆਂ।

# 'ਅਗਲਾ ਹਮਲਾ ਹੋਵੇਗਾ 'ਆਪ੍ਰੇਸ਼ਨ ਸਿੰਦੂਰ' ਤੋਂ ਵੀ ਖ਼ਤਰਨਾਕ', ਭਾਰਤੀ ਫੌਜ ਦੀ ਪਾਕਿਸਤਾਨ ਨੂੰ ਵੱਡੀ ਚਿਤਾਵਨੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਪਠਾਨਕੋਟ 26 ਫਰਵਰੀ। ਪੰਜਾਬ ਦੇ ਪਠਾਨਕੋਟ 'ਚ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਵੈਸਟਰਨ ਆਰਮੀ ਕਮਾਂਡਰ ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਪਾਕਿਸਤਾਨ ਨੂੰ ਬੇਹੱਦ ਸਖ਼ਤ ਲਹਿਜੇ ਵਿੱਚ ਚਿਤਾਵਨੀ ਦਿੱਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਗੁਆਂਢੀ ਦੇਸ਼ ਨੇ ਦੁਬਾਰਾ ਕੋਈ ਗਲਤ ਹਰਕਤ ਕੀਤੀ ਤਾਂ ਭਾਰਤ ਦਾ ਜਵਾਬ ਪਿਛਲੇ ਸਾਲ ਕੀਤੇ ਗਏ 'ਆਪ੍ਰੇਸ਼ਨ ਸਿੰਦੂਰ' ਨਾਲੋਂ ਵੀ ਕਿਤੇ ਜ਼ਿਆਦਾ ਭਿਆਨਕ ਅਤੇ ਮਾਰੂ ਹੋਵੇਗਾ। ਲੈਫਟੀਨੈਂਟ ਜਨਰਲ ਕਟਿਆਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਅਗਲੀ ਜੰਗ ਸਿਰਫ਼ ਅੱਤਵਾਦੀ ਕੈਂਪਾਂ ਨੂੰ ਨਸ਼ਟ ਕਰਨ ਤੱਕ ਸੀਮਤ ਨਹੀਂ ਰਹੇਗੀ। ਉਨ੍ਹਾਂ ਸੰਕੇਤ ਦਿੱਤਾ ਕਿ ਭਾਰਤੀ ਫੌਜ ਇਸ ਵਾਰ ਪਾਕਿਸਤਾਨ ਦੀ ਧਰਤੀ 'ਤੇ ਵੀ ਸਿੱਧੀ ਕਾਰਵਾਈ ਕਰ ਸਕਦੀ ਹੈ। ਉਨ੍ਹਾਂ ਕਿਹਾ, ਖ਼ਤਰਾ ਅਜੇ ਟਲਿਆ ਨਹੀਂ ਹੈ ਅਤੇ ਭਾਰਤੀ ਫੌਜ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਆਪ੍ਰੇਸ਼ਨ ਸਿੰਦੂਰ ਦਾ ਜ਼ਿਕਰ ਕਰਦਿਆਂ ਜਨਰਲ ਨੇ ਦੱਸਿਆ ਕਿ ਪਿਛਲੇ ਸਾਲ ਭਾਰਤ ਨੇ ਪਾਕਿਸਤਾਨੀ ਅੱਤਵਾਦੀ ਅੱਡਿਆਂ 'ਤੇ ਹਮਲਾ ਕੀਤਾ ਸੀ। ਜਦੋਂ ਪਾਕਿਸਤਾਨ ਨੇ ਜਵਾਬੀ ਕਾਰਵਾਈ ਦੀ ਕੋਸ਼ਿਸ਼ ਕੀਤੀ ਤਾਂ ਭਾਰਤੀ ਫੌਜ ਨੇ ਉਨ੍ਹਾਂ ਦੇ ਫੌਜੀ ਅਤੇ




ਹਵਾਈ ਅੱਡਿਆਂ ਨੂੰ ਤਬਾਹ ਕਰ ਦਿੱਤਾ। ਸਥਿਤੀ ਇੰਨੀ ਗੰਭੀਰ ਹੋ ਗਈ ਸੀ ਕਿ ਸਿਰਫ਼ 88 ਘੰਟਿਆਂ ਦੀ ਲੜਾਈ ਤੋਂ ਬਾਅਦ ਪਾਕਿਸਤਾਨ ਨੇ ਭਾਰਤ ਅਤੇ ਹੋਰ ਦੇਸ਼ਾਂ ਸਾਹਮਣੇ ਜੰਗਬੰਦੀ ਲਈ ਹੱਥ ਫੈਲਾਉਣੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਭਾਰਤ ਨੇ ਹਮੇਸ਼ਾ ਸਿਰਫ਼ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਨਾਗਰਿਕ ਖੇਤਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਪਾਕਿਸਤਾਨ ਵੱਲੋਂ ਵਾਰ-ਵਾਰ ਦਿੱਤੀਆਂ ਜਾਣ ਵਾਲੀਆਂ ਪਰਮਾਣੂ ਹਮਲੇ ਦੀਆਂ ਧਮਕੀਆਂ ਬਾਰੇ ਬੋਲਦਿਆਂ ਆਰਮੀ ਕਮਾਂਡਰ ਨੇ ਇਸ ਨੂੰ ਮਹਿਜ਼ ਇੱਕ 'ਬਲੱਫ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਧਮਕੀਆਂ ਭਾਰਤ ਨੂੰ ਕਾਰਵਾਈ ਕਰਨ ਤੋਂ ਰੋਕਣ ਲਈ ਦਿੱਤੀਆਂ ਜਾਂਦੀਆਂ ਹਨ, ਪਰ ਹੁਣ ਸਮਾਂ ਆ ਗਿਆ ਹੈ ਕਿ ਇਸ ਝੂਠ ਦਾ ਪਰਦਾਫਾਸ਼ ਕੀਤਾ ਜਾਵੇ। ਲੈਫਟੀਨੈਂਟ ਜਨਰਲ ਕਟਿਆਰ ਨੇ ਕਿਹਾ ਕਿ ਪਾਕਿਸਤਾਨ ਵਿੱਚ ਅਸਲ ਸ਼ਾਸਨ ਉੱਥੋਂ ਦੀ ਫੌਜ ਦਾ ਹੈ। ਉਨ੍ਹਾਂ ਮੁਤਾਬਕ ਪਾਕਿਸਤਾਨੀ ਫੌਜ ਨਹੀਂ ਚਾਹੁੰਦੀ ਕਿ ਉੱਥੇ ਕੋਈ ਰਾਜਨੀਤਿਕ ਲੀਡਰਸ਼ਿਪ ਮਜ਼ਬੂਤ ਹੋਵੇ ਜਾਂ ਸ਼ਾਂਤੀ ਸਥਾਪਿਤ ਹੋਵੇ, ਕਿਉਂਕਿ ਜੇਕਰ ਸ਼ਾਂਤੀ ਹੋ ਗਈ ਤਾਂ ਪਾਕਿਸਤਾਨੀ ਫੌਜ ਦੀ ਅਹਿਮੀਅਤ ਖਤਮ ਹੋ ਜਾਵੇਗੀ। ਉਨ੍ਹਾਂ ਅਫਸੋਸ ਜਤਾਇਆ ਕਿ ਪਾਕਿਸਤਾਨ ਨੇ 1965, 1971 ਅਤੇ ਕਾਰਗਿਲ ਦੀਆਂ ਜੰਗਾਂ ਤੋਂ ਅਜੇ ਤੱਕ ਕੋਈ ਸਬਕ ਨਹੀਂ ਸਿੱਖਿਆ। ਵੈਸਟਰਨ ਆਰਮੀ ਕਮਾਂਡਰ ਨੇ ਭਰੋਸਾ ਦਿੱਤਾ ਕਿ ਭਾਰਤੀ ਫੌਜ ਪਾਕਿਸਤਾਨ ਵੱਲੋਂ ਅੱਤਵਾਦੀ ਢਾਂਚੇ ਨੂੰ ਮੁੜ ਸਰਗਰਮ ਕਰਨ ਦੀਆਂ ਕੋਸ਼ਿਸ਼ਾਂ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਜੇਕਰ ਪਾਕਿਸਤਾਨ ਨੇ ਅੱਤਵਾਦੀ ਅੱਡੇ ਮੁੜ ਚਾਲੂ ਕੀਤੇ, ਤਾਂ ਭਾਰਤ ਉਸ ਦਾ ਮੂੰਹ ਤੋੜ ਜਵਾਬ ਦੇਣ ਲਈ ਤਿਆਰ ਹੈ। ਇਸ ਸਮਾਗਮ ਦੌਰਾਨ ਉਨ੍ਹਾਂ ਯੂਨਿਟਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਜਿਨ੍ਹਾਂ ਨੇ ਪਿਛਲੇ ਸਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ।

## ਪੁਲਸ ਨੂੰ ਨਵਜੋਤ ਕੌਰ ਸਿੱਧੂ ਦਾ ਸੁਨੇਹਾ, 'ਲੀਡਰਾਂ ਦੇ ਦਬਾਅ ਹੇਠ ਕੰਮ ਕਰਨ ਵਾਲਿਆਂ ਨੂੰ ਜਨਤਾ ਮਾਫ਼ ਨਹੀਂ ਕਰੇਗੀ'

ਅੰਮ੍ਰਿਤਸਰ 26 ਫਰਵਰੀ। ਡਾ. ਨਵਜੋਤ ਕੌਰ ਸਿੱਧੂ ਨੇ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਲੈ ਕੇ ਪੁਲਸ ਪ੍ਰਸ਼ਾਸਨ 'ਤੇ ਵੱਡਾ ਸਵਾਲ ਚੁੱਕਿਆ ਹੈ। ਅੰਮ੍ਰਿਤਸਰ ਵਿਖੇ ਦਿੱਤੇ ਆਪਣੇ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਉਨ੍ਹਾਂ ਪੁਲਸ ਅਧਿਕਾਰੀਆਂ ਨੂੰ ਕਦੇ ਵੀ ਮੁਆਫ਼ ਨਹੀਂ ਕਰਨਗੇ ਜੋ ਸਿਆਸੀ ਆਗੂਆਂ ਦੇ ਇਸ਼ਾਰਿਆਂ 'ਤੇ ਕੰਮ ਕਰਦੇ ਹਨ। ਡਾ. ਸਿੱਧੂ ਨੇ ਅਧਿਕਾਰੀਆਂ ਨੂੰ ਯਾਦ ਕਰਵਾਇਆ ਕਿ ਵਰਦੀ ਦਾ ਮਤਲਬ ਸਿਰਫ਼ ਨੌਕਰੀ ਕਰਨਾ ਨਹੀਂ, ਸਗੋਂ ਜਨਤਾ ਦੀ ਸੁਰੱਖਿਆ ਅਤੇ ਨਿਆਂ ਯਕੀਨੀ ਬਣਾਉਣਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ



ਜੇਕਰ ਪੁਲਸ ਅਧਿਕਾਰੀ ਸਿਆਸੀ ਦਬਾਅ ਹੇਠ ਫੈਸਲੇ ਲੈਣਗੇ, ਤਾਂ ਇਸ ਨਾਲ ਆਮ ਲੋਕਾਂ ਦਾ ਸਿਸਟਮ ਤੋਂ ਭਰੋਸਾ ਟੁੱਟ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਸਿਆਸੀ ਪਾਰਟੀ ਜਾਂ ਨੇਤਾ ਦੀ ਬਜਾਏ ਆਪਣੀ ਜ਼ਮੀਰ ਦੀ ਆਵਾਜ਼ ਸੁਣਨ ਅਤੇ ਪੰਜਾਬ ਦੇ ਹਿੱਤ ਵਿੱਚ ਕੰਮ ਕਰਨ। ਨਵਜੋਤ ਕੌਰ ਸਿੱਧੂ ਨੇ ਅੱਗੇ ਕਿਹਾ ਕਿ ਸੂਬੇ ਦੀ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣਾ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਉਨ੍ਹਾਂ ਅਨੁਸਾਰ ਪੁਲਸ ਦੀ ਨਿਰਪੱਖਤਾ ਹੀ ਜਨਤਾ ਵਿੱਚ ਵਿਸ਼ਵਾਸ ਪੈਦਾ ਕਰ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਲੋਕ ਸਭ ਕੁਝ ਦੇਖ ਰਹੇ ਹਨ ਅਤੇ ਸਹੀ ਸਮਾਂ ਆਉਣ 'ਤੇ ਉਹ ਇਸ ਦਾ ਜਵਾਬ ਦੇਣਗੇ। ਉਨ੍ਹਾਂ ਦੇ ਇਸ ਬਿਆਨ ਨੇ ਪੰਜਾਬ ਦੀ ਸਿਆਸਤ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ, ਜਿਸ ਨਾਲ ਪੁਲਸ ਦੀ ਭੂਮਿਕਾ ਨੂੰ ਲੈ ਕੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ।

# ਮਨਜੀਤ ਸਿੰਘ ਜੀਕੇ ਦੀ ਵੱਡੀ ਕਾਰਵਾਈ ! ਗੁਰਦੁਆਰਾ ਹਾਲ 'ਚ ਦੇਹਧਾਰੀ ਗੁਰੂ ਦਾ ਸਮਾਗਮ ਕਰਵਾਇਆ ਰੱਦ

ਕੌਮੀ ਪਤ੍ਰਿਕਾ

ਨਵੀਂ ਦਿੱਲੀ 26 ਫਰਵਰੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਕਾਲਕਾ ਜੀ ਇਲਾਕੇ 'ਚ ਇਕ ਦੇਹਧਾਰੀ ਗੁਰੂ ਦੇ ਹੋਣ ਜਾ ਰਹੇ ਸਮਾਗਮ ਨੂੰ ਲੈ ਕੇ ਸਖਤ ਸਟੈਂਡ ਲਿਆ ਹੈ। ਜੀਕੇ ਦੇ ਦਖਲ ਅਤੇ ਸੰਗਤ ਦੇ ਵਿਰੋਧ ਤੋਂ ਬਾਅਦ ਸਥਾਨਕ ਸਿੰਘ ਸਭਾ ਨੇ ਇਸ ਸਮਾਗਮ ਨੂੰ ਰੱਦ ਕਰ ਦਿੱਤਾ ਹੈ। ਮਨਜੀਤ ਸਿੰਘ ਜੀਕੇ ਨੇ ਦੱਸਿਆ ਕਿ ਏ-ਬਲਾਕ ਕਾਲਕਾ ਜੀ ਡੀਡੀਏ ਫਲੈਟਸ 'ਚ ਇਕ ਦੇਹਧਾਰੀ 'ਗੁਰੂ ਜੀ' ਦਾ ਸਮਾਗਮ ਗੁਰਦੁਆਰਾ ਸਾਹਿਬ ਦੇ ਹਾਲ 'ਚ ਕਰਵਾਉਣ ਲਈ ਕਾਰਡ ਵੰਡੇ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਜਿਵੇਂ ਹੀ ਇਹ ਮਾਮਲਾ ਉਨ੍ਹਾਂ ਦੇ ਨੋਟਿਸ 'ਚ ਆਇਆ, ਉਨ੍ਹਾਂ ਨੇ ਤੁਰੰਤ ਸਥਾਨਕ ਆਗੂ ਬਲਵਿੰਦਰ ਸਿੰਘ ਲੱਕੀ ਰਾਹੀਂ ਸਿੰਘ ਸਭਾ ਦੇ ਅਹੁਦੇਦਾਰਾਂ ਨਾਲ ਗੱਲ ਕੀਤੀ। ਜੀਕੇ ਨੇ ਸਪੱਸ਼ਟ ਕੀਤਾ ਕਿ ਗੁਰੂ ਘਰ ਦੇ ਅੰਦਰ ਕਿਸੇ ਦੇਹਧਾਰੀ ਗੁਰੂ ਦਾ ਪ੍ਰੋਗਰਾਮ ਕਰਵਾਉਣਾ ਸਿੱਖ ਮਰਿਆਦਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਓਟ ਦੇ ਬਿਲਕੁਲ ਖਿਲਾਫ ਹੈ। ਉਨ੍ਹਾਂ ਦੱਸਿਆ ਕਿ ਵਿਰੋਧ ਤੋਂ ਬਾਅਦ ਸਿੰਘ ਸਭਾ ਦੇ ਪ੍ਰਧਾਨ ਨੇ ਲਿਖਤੀ ਤੌਰ 'ਤੇ ਇਸ ਪ੍ਰੋਗਰਾਮ ਨੂੰ ਰੱਦ ਕਰਨ ਦਾ ਭਰੋਸਾ ਦਿੱਤਾ ਹੈ। ਸਾਰੀਆਂ ਗੁਰਦੁਆਰਾ ਕਮੇਟੀਆਂ ਨੂੰ ਅਪੀਲ



ਕਰਦਿਆਂ ਜੀਕੇ ਨੇ ਕਿਹਾ ਕਿ ਗੁਰੂ ਘਰਾਂ 'ਚ ਸਿਰਫ਼ 'ਸ਼ਬਦ ਗੁਰੂ', ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਪਾਤਸ਼ਾਹੀਆਂ ਦੀ ਮਰਿਆਦਾ ਹੀ ਚੱਲ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਦੇਹਧਾਰੀ ਲੋਕ ਬਾਣੀ ਨਾਲ ਛੇੜਛਾੜ ਕਰਦੇ ਹਨ ਅਤੇ ਲੋਕਾਂ ਤੋਂ ਮੱਥੇ ਟਿਕਾਉਂਦੇ ਹਨ, ਜੋ ਕਿ ਬਰਦਾਸ਼ਤ ਤੋਂ ਬਾਹਰ ਹੈ। ਉਨ੍ਹਾਂ ਹੈਰਾਨੀ ਜਤਾਈ ਕਿ ਇਹ ਘਟਨਾ ਉਸ ਕਾਲਕਾ ਜੀ ਹਲਕੇ 'ਚ ਹੋ ਰਹੀ ਸੀ ਜੋ ਮੌਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਦਾ ਆਪਣਾ ਖੇਤਰ ਹੈ। ਇਸ ਦੇ ਨਾਲ ਹੀ ਮਨਜੀਤ ਸਿੰਘ ਜੀਕੇ ਨੇ ਦਿੱਲੀ ਕੈਂਟ ਦੇ ਇਕ ਇੰਸਟੀਟਿਊਟ 'ਚ ਪ੍ਰੀਖਿਆ ਦੇਣ ਗਏ ਸਿੱਖ ਬੱਚੇ ਦੇ ਕਕਾਰ (ਕੜਾ/ਕਿਰਪਾਨ) ਉਤਾਰਨ ਦੀ ਘਟਨਾ ਦੀ ਸਖਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਦੀ ਧਾਰਾ ਸਾਨੂੰ ਆਪਣੇ ਕਕਾਰ ਪਹਿਨਣ ਦੀ ਇਜਾਜ਼ਤ ਦਿੰਦੀ ਹੈ। ਉਨ੍ਹਾਂ ਐਲਾਨ ਕੀਤਾ ਕਿ ਉਹ ਅਜਿਹੀ ਹਰਕਤ ਕਰਨ ਵਾਲੇ ਸਕੂਲ ਜਾਂ ਇੰਸਟੀਟਿਊਟ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨਗੇ ਅਤੇ ਮਾਮਲੇ ਨੂੰ ਅਦਾਲਤ 'ਚ ਲੈ ਕੇ ਜਾਣਗੇ। ਉਨ੍ਹਾਂ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਅਜਿਹੀਆਂ ਘਟਨਾਵਾਂ 'ਤੇ ਤੁਰੰਤ ਰੋਕ ਲਗਾਉਣ ਲਈ ਸਖਤ ਕਦਮ ਚੁੱਕੇ ਜਾਣ।

# ਸੁਖਵਿੰਦਰ ਸਿੱਧੂ ਦੇ ਪਰਿਵਾਰ ਖ਼ਿਲਾਫ ਖੁਫੀਆ ਵਿਭਾਗ ਦੀ ਕਾਰਵਾਈ ਅਤਿ ਨਿੰਦਣਯੋਗ : ਚਰਨਜੀਤ ਚੰਨੀ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਜਲੰਧਰ 26 ਫਰਵਰੀ। ਪਿਛਲੇ ਕੁਝ ਸਮੇਂ ਤੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੱਚ ਲਈ ਆਵਾਜ਼ ਉਠਾਉਣ ਵਾਲੇ ਮੀਡੀਆ ਹਾਊਸਾਂ ਤੇ ਪੱਤਰਕਾਰਾਂ ਖ਼ਿਲਾਫ਼ ਕਾਰਵਾਈ 'ਚ ਰੁੱਝੀ ਹੋਈ ਹੈ। ਇਸੇ ਦੌਰਾਨ ਮਾਨ ਸਰਕਾਰ ਦੀ ਇਕ ਹੋਰ ਅਜਿਹੀ ਕਾਰਵਾਈ ਸਾਹਮਣੇ ਆਈ ਹੈ, ਜਿੱਥੇ 'ਲੋਕ ਨਾਦ ਟੀਵੀ' ਦੇ ਪੱਤਰਕਾਰ ਸੁਖਵਿੰਦਰ ਸਿੰਘ ਸਿੱਧੂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਖੁਫੀਆ ਵਿਭਾਗ ਵੱਲੋਂ ਉਨ੍ਹਾਂ ਦਾ ਪਿੱਛਾ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪਿੱਛਾ ਕਰਨ ਤੋਂ ਇਲਾਵਾ ਉਨ੍ਹਾਂ ਦੇ ਗੁਆਂਢੀਆਂ ਤੇ ਸਾਥੀ-ਸੱਜਣਾਂ ਤੋਂ ਵੀ ਫੋਨ ਕਰ ਕੇ ਉਨ੍ਹਾਂ ਬਾਰੇ ਜਾਣਕਾਰੀ ਲਈ ਜਾ ਰਹੀ ਹੈ। ਸਿੱਧੂ ਨੇ ਅੱਗੇ ਦੱਸਿਆ ਕਿ ਸਰਕਾਰ ਉਨ੍ਹਾਂ ਖਿਲਾਫ਼ ਇਹ ਕਾਰਵਾਈ ਇਸ ਲਈ ਕਰ ਰਹੀ ਹੈ ਕਿਉਂਕਿ ਉਹ ਪਿਛਲੇ ਲੰਬੇ ਸਮੇਂ ਤੋਂ ਸੱਚ ਦਾ ਸਾਥ ਦਿੰਦੇ ਆ ਰਹੇ ਹਨ। ਉਨ੍ਹਾਂ ਨੇ ਅੱਗੇ ਇਹ ਵੀ ਕਿਹਾ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਆਪ ਸਰਕਾਰ ਹੋਰ ਪੱਤਰਕਾਰਾਂ ਤੇ ਸੁਖਪਾਲ ਸਿੰਘ ਖਹਿਰਾ ਵਰਗੇ ਆਗੂ, ਜੋ ਸੱਚ ਦਾ ਸਾਥ ਦੇ ਰਹੇ ਹਨ, ਖ਼?ਲਾਫ਼ ਵੀ ਕਾਰਵਾਈ ਕਰ ਸਕਦੀ ਹੈ। ਪੱਤਰਕਾਰ ਦੀ ਇਸ ਪੋਸਟ



ਮਗਰੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਆਪ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ ਹੈ। ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਪੋਸਟ ਸਾਂਝੀ ਕਰਦਿਆਂ ਉਨ੍ਹਾਂ ਲਿਖਿਆ, "ਪੱਤਰਕਾਰ ਸੁਖਵਿੰਦਰ ਸਿੰਘ ਸਿੱਧੂ ਤੇ ਉਨ੍ਹਾਂ ਦੇ ਪਰਿਵਾਰ ਖ਼?ਲਾਫ਼ ਖੁਫੀਆ ਵਿਭਾਗ ਦੀ ਕਾਰਵਾਈ ਅਤਿ ਨਿੰਦਣਯੋਗ ਹੈ। 'ਆਪ' ਸਰਕਾਰ ਸੱਚ ਬੋਲਣ ਵਾਲੇ ਪੱਤਰਕਾਰਾਂ ਦੀਆਂ ਆਵਾਜ਼ਾਂ ਨੂੰ ਇਨ੍ਹਾਂ ਕੋਝੀਆਂ ਚਾਲਾਂ ਨਾਲ ਦਬਾ ਨਹੀਂ ਸਕਦੀ।" ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਵੀ ਆਪ ਸਰਕਾਰ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ ਸੀ। ਉਨ੍ਹਾਂ ਪੋਸਟ ਸਾਂਝੀ ਕਰਦੇ ਹੋਏ ਲਿਖਿਆ ਕਿ ਇਹ ਕਾਰਵਾਈ ਇਸ ਗੱਲ ਦਾ ਸਬੂਤ ਹੈ ਕਿ 'ਆਪ' ਸਰਕਾਰ ਆਪਣੇ ਖ਼ੁਫ਼ੀਆ ਰਾਹੀਂ ਸੱਚ ਬੋਲਣ ਵਾਲੇ ਪੱਤਰਕਾਰ ਤੇ ਉਸ ਦੇ ਪਰਿਵਾਰ ਨੂੰ ਡਰਾ ਕੇ ਉਸ ਨੂੰ ਚੁੱਪ ਕਰਵਾਉਣਾ ਚਾਹੁੰਦੀ ਹੈ। ਇਹ ਨਾਕਾਮ ਸਰਕਾਰ ਹੁਣ ਆਜ਼ਾਦ ਪੱਤਰਕਾਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੀ ਹੈ। ਸ਼?ਰੋਮਣੀ ਅਕਾਲੀ ਦਲ ਕਦੇ ਵੀ ਆਪ ਸਰਕਾਰ ਨੂੰ ਪੰਜਾਬ ਦੀ ਆਵਾਜ਼ ਦਬਾਉਣ 'ਚ ਕਾਮਯਾਬ ਨਹੀਂ ਹੋਣ ਦੇਵੇਗਾ। ਅਸੀਂ ਪ੍ਰੈੱਸ ਦੀ ਆਜ਼ਾਦੀ ਦੀ ਹਰ ਕੀਮਤ 'ਤੇ ਰੱਖਿਆ ਕਰਾਂਗੇ।

## ਹਰਦੀਪ ਗਿੱਲ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਵਾਈਸ ਚੇਅਰਮੈਨ ਵਜੋਂ ਨਿਭਾਉਣਗੇ ਸੇਵਾਵਾਂ

ਅੰਮ੍ਰਿਤਸਰ 26 ਫਰਵਰੀ। ਕੇਂਦਰ ਸਰਕਾਰ ਵੱਲੋਂ ਹਰਦੀਪ ਸਿੰਘ ਗਿੱਲ ਨੂੰ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਵਿੱਚ ਵਾਈਸ ਚੇਅਰਮੈਨ ਵਜੋਂ ਸੇਵਾਵਾਂ ਨਿਭਾਉਣ ਲਈ ਨਵੇਂ ਹੁਕਮ ਜਾਰੀ ਕਰ ਦਿੱਤੇ ਗਏ ਹਨ। ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸ਼ਸ਼ਕਤੀਕਰਨ ਮੰਤਰਾਲੇ ਵੱਲੋਂ ਜਾਰੀ ਨਵੇਂ ਆਦੇਸ਼ਾਂ ਮੁਤਾਬਕ ਹਰਦੀਪ ਸਿੰਘ ਗਿੱਲ ਨੂੰ ਵਾਈਸ ਚੇਅਰਮੈਨ ਵਜੋਂ ਕੰਮ ਕਰਨ ਦੀ ਜਿੰਮੇਵਾਰੀ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਵੱਲੋਂ ਹਰਦੀਪ ਸਿੰਘ ਗਿੱਲ ਨੂੰ ਕੌਮੀ ਸਫਾਈ ਕਰਮਚਾਰੀ ਕਮਿਸ਼ਨ ਵਿੱਚ ਮੈਂਬਰ ਨਾਮਜ਼ਦ ਕੀਤਾ ਗਿਆ ਸੀ, ਹੁਣ ਉਹ ਉਪ ਚੇਅਰਮੈਨ ਵਜੋਂ ਸੇਵਾਵਾਂ ਨਿਭਾਉਣਗੇ। ਹਰਦੀਪ ਸਿੰਘ ਗਿੱਲ ਨੇ ਨਵੀਂ ਜਿੰਮੇਵਾਰੀ ਮਿਲਣ 'ਤੇ ਦੇਸ਼ ਦੇ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਦਾ ਧੰਨਵਾਦ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਨੂੰ ਜਿਹੜੀ ਜਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਸਫਾਈ ਕਰਮਚਾਰੀਆਂ ਦੀ ਭਲਾਈ ਅਤੇ ਬਿਹਤਰੀ ਲਈ ਭਾਰਤ ਸਰਕਾਰ ਨੂੰ ਸਿਫਾਰਸ਼ ਕਰਨਗੇ ਅਤੇ ਸਫਾਈ ਕਰਮਚਾਰੀਆਂ ਦੇ ਹੱਕਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕੀਤਾ ਜਾਵੇਗਾ। ਉਨ੍ਹਾਂ ਦੇਸ਼ ਦੇ



ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਵੀਨ, ਕੇਂਦਰੀ ਮੰਤਰੀ ਵਰਿੰਦਰ ਖਟੀਕ, ਪੰਜਾਬ ਪ੍ਰਧਾਨ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸੰਗਠਨ ਮਹਾਂ ਮੰਤਰੀ ਸ੍ਰੀਨਿਵਾਸਲੂ ਦਾ ਵੀ ਧੰਨਵਾਦ ਕੀਤਾ।

# ਡਿਜੀਟਲ ਕਲਾਸਰੂਮ ਪੰਜਾਬ ਸਿੱਖਿਆ ਕ੍ਰਾਂਤੀ ਦੇ ਪ੍ਰਣਾਲੀਗਤ ਸੁਧਾਰ ਦਾ ਅਧਾਰ ਹਨ: ਹਰਜੋਤ ਸਿੰਘ ਬੈਂਸ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ, 26 ਫਰਵਰੀ: ਪੰਜਾਬ ਦੇ ਵਿਦਿਅਕ ਇਤਿਹਾਸ ਵਿੱਚ ਸਭ ਤੋਂ ਵੱਡੇ ਤਕਨੀਕੀ ਸੁਧਾਰਾਂ ਵਿੱਚੋਂ ਇੱਕ ਵੱਲ ਕਦਮ ਵਧਾਉਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 400 ਕਰੋੜ ਰੁਪਏ ਦੇ ਵਿਆਪਕ ਡਿਜੀਟਲਾਈਜ਼ੇਸ਼ਨ ਪ੍ਰੋਜੈਕਟ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਇੱਕ ਬੇਮਿਸਾਲ ਤਬਦੀਲੀ ਦੀ ਸ਼ੁਰੂਆਤ ਕੀਤੀ ਗਈ ਹੈ ਜੋ ਸਰਕਾਰੀ ਸਕੂਲਾਂ ਨੂੰ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਕਰਨ ਦੇ ਨਾਲ ਨਾਲ ਸੂਬੇ ਭਰ ਵਿੱਚ ਕਲਾਸਰੂਮ ਸਿੱਖਿਆ ਨੂੰ ਬੁਨਿਆਦੀ ਤੌਰ 'ਤੇ ਨਵਾਂ ਰੂਪ ਪ੍ਰਦਾਨ ਕਰੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਪਹਿਲਕਦਮੀ ਨੂੰ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਇੱਕ ਪਰਿਵਰਤਨਸ਼ੀਲ ਮੀਲ ਪੱਥਰ ਕਰਾਰ ਦਿੱਤਾ। ਉਨ੍ਹਾਂ ਕਿਹਾ, ਇਹ ਇੱਕ ਇਤਿਹਾਸਕ ਪਹਿਲ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਵੀ ਇੰਨੇ ਵੱਡੇ ਪੱਧਰ 'ਤੇ ਡਿਜੀਟਲ ਬੁਨਿਆਦੀ ਢਾਂਚਾ ਨਹੀਂ ਪੇਸ਼ ਕੀਤਾ ਗਿਆ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ, ਅਸੀਂ ਪਹਿਲਾਂ ਕਲਾਸਰੂਮਾਂ ਨੂੰ ਮਜ਼ਬੂਤ ਕੀਤਾ ਅਤੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਇਆ। ਹੁਣ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਹਰ ਬੱਚੇ ਦੀ ਆਧੁਨਿਕ ਡਿਜੀਟਲ ਸਾਧਨਾਂ ਤੱਕ ਆਸਾਨ ਪਹੁੰਚ ਹੋਵੇ। ਸਾਡੇ ਵਿਦਿਆਰਥੀਆਂ ਨੂੰ ਸਿਰਫ਼ ਅੱਜ ਲਈ ਹੀ ਨਹੀਂ, ਸਗੋਂ ਭਵਿੱਖ ਲਈ ਵੀ ਤਿਆਰ ਹੋਣੇ ਚਾਹੀਦੇ ਹਨ। ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਪਹਿਲਕਦਮੀ ਤਹਿਤ ਪੁਰਾਣੇ ਹਾਰਡਵੇਅਰ ਅਤੇ ਕੰਪਿਊਟਰਾਂ ਨੂੰ ਬਦਲਿਆ ਜਾ ਰਿਹਾ ਹੈ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਈ ਸਕੂਲ ਅਤੇ ਮਿਡਲ ਸਕੂਲ ਨਵੀਨਤਮ ਡਿਜੀਟਲ ਬੁਨਿਆਦੀ ਢਾਂਚੇ ਨਾਲ ਲੈਸ ਹੋਣ। ਇਸ ਇਤਿਹਾਸਕ ਪਹਿਲਕਦਮੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ, 5,012 ਸਰਕਾਰੀ ਸਕੂਲਾਂ ਨੂੰ ਨਵੀਨਤਮ ਸੌਫਟਵੇਅਰ ਨਾਲ ਲੈਸ 38,649 ਨਵੇਂ ਕੰਪਿਊਟਰ ਪ੍ਰਦਾਨ ਕੀਤੇ ਜਾ ਰਹੇ ਹਨ। ਇਹ ਕੰਪਿਊਟਰ ਸਾਰੇ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਦੇ ਨਾਲ-ਨਾਲ 50 ਫ਼ੀਸਦੀ ਮਿਡਲ ਸਕੂਲਾਂ ਨੂੰ ਦਿੱਤੇ ਜਾਣਗੇ ਤਾਂ ਜੋ ਵਿਦਿਆਰਥੀਆਂ ਦੀ ਨਵੀਨਤਮ ਹਾਰਡਵੇਅਰ ਅਤੇ ਤਕਨਾਲੋਜੀ ਤੱਕ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ 5,000 ਸਰਕਾਰੀ ਸਕੂਲਾਂ ਵਿੱਚ ਸਮਰਪਿਤ ਕੰਪਿਊਟਰ ਲੈਬਾਂ ਸਥਾਪਤ ਕੀਤੀਆਂ ਜਾਣਗੀਆਂ ਤਾਂ ਜੋ ਸਾਰੇ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਰਕਾਰੀ ਸਕੂਲਾਂ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਕੰਪਿਊਟਰ ਲੈਬਾਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਕਿਹਾ, ਇੰਟਰਐਕਟਿਵ ਲਰਨਿੰਗ ਨੂੰ ਉਤਸ਼ਾਹਿਤ ਕਰਨ ਲਈ ਅਸੀਂ 3,694 ਸਕੂਲਾਂ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ ਸਥਾਪਤ ਕਰ ਰਹੇ ਹਾਂ। ਹਰੇਕ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲ ਨੂੰ ਇਹ ਪੈਨਲ ਦਿੱਤੇ



ਜਾਣਗੇ, ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ 'ਤੇ ਵੱਡੇ ਸਕੂਲਾਂ ਨੂੰ ਚਾਰ, ਪੰਜ ਜਾਂ ਅੱਠ ਯੂਨਿਟ ਦਿੱਤੇ ਜਾਣਗੇ। ਤਕਨਾਲੋਜੀ ਵਿੱਚ ਕੀਤੇ ਇਸ ਵੱਡੇ ਨਿਵੇਸ਼ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਡਿਜੀਟਲ ਸਾਖਰਤਾ ਅਤੇ ਸਮਾਰਟ ਲਰਨਿੰਗ ਹੁਣ ਸਿਰਫ ਨਿੱਜੀ ਸਕੂਲਾਂ ਤੱਕ ਹੀ ਸੀਮਿਤ ਨਹੀਂ ਹਨ ਬਲਕਿ ਇਹ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਹਰ ਵਿਦਿਆਰਥੀ ਦਾ ਬੁਨਿਆਦੀ ਅਧਿਕਾਰ ਹਨ। ਇਸ ਕਦਮ ਨੂੰ ਰਵਾਇਤੀ ਚਾਕਬੋਰਡਾਂ ਤੋਂ ਤਕਨਾਲੋਜੀ ਅਧਾਰਤ ਸਮਾਰਟ ਕਲਾਸਰੂਮਾਂ ਵੱਲ ਇੱਕ ਫੈਸਲਾਕੁੰਨ ਤਬਦੀਲੀ ਦੱਸਦਿਆਂ ਸਿੱਖਿਆ ਮੰਤਰੀ ਨੇ ਕਿਹਾ, ਇਸ ਕਦਮ ਤਹਿਤ ਪੁਰਾਣੇ ਕੰਪਿਊਟਰਾਂ ਨੂੰ ਬਦਲਿਆ ਜਾਵੇਗਾ। ਬਹੁਤ ਲੰਬੇ ਸਮੇਂ ਤੋਂ, ਸਾਡੇ ਵਿਦਿਆਰਥੀ ਪੁਰਾਣੇ ਕੰਪਿਊਟਰਾਂ 'ਤੇ ਕੰਮ ਕਰ ਰਹੇ ਸਨ ਜੋ ਬਹੁਤ ਘੱਟ ਕੰਮ ਕਰਦੇ ਸਨ ਅਤੇ ਅਜੇ ਵੀ ਮਾਈਕ੍ਰੋਸਾਫਟ ਪੇਂਟ ਦੇ ਪੁਰਾਣੇ ਸੰਸਕਰਣਾਂ 'ਤੇ ਚੱਲ ਰਹੇ ਸਨ। ਅਸੀਂ ਇਸ ਨੂੰ ਸਥਾਈ ਤੌਰ 'ਤੇ ਬਦਲ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਸਬੰਧੀ ਲਾਗੂਕਰਨ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਅਤੇ ਇਹ ਕੋਈ ਭਵਿੱਖੀ ਵਾਅਦਾ ਨਹੀਂ ਹੈ। ਉਨ੍ਹਾਂ ਕਿਹਾ, ਇਹ ਸਿਰਫ਼ ਭਵਿਖੀ ਐਲਾਨ ਨਹੀਂ ਹੈ; ਅੱਜ ਸਕੂਲਾਂ ਵਿੱਚ ਕੰਪਿਊਟਰਾਂ ਦੀ ਡਿਲੀਵਰੀ ਸ਼ੁਰੂ ਹੋ ਚੁੱਕੀ ਹੈ। 20 ਮਾਰਚ ਤੱਕ, ਪੰਜਾਬ ਦੇ ਹਰ ਜ਼ਿਲ੍ਹੇ ਦੇ ਹਰ ਸਕੂਲ ਨੂੰ ਆਪਣੇ ਨਵੇਂ ਉਪਕਰਣ ਮਿਲ ਜਾਣਗੇ। ਸ. ਹਰਜੋਤ ਸਿੰਘ ਬੈਂਸ ਨੇ ਦੁਹਰਾਇਆ ਕਿ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਇਹ ਬਦਲਾਅ ਸਿੱਖਿਆ ਸ਼ਾਸਤਰ ਵਿੱਚ ਇੱਕ ਢਾਂਚਾਗਤ ਤਬਦੀਲੀ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ, ਇੰਟਰਐਕਟਿਵ ਫਲੈਟ ਪੈਨਲਾਂ ਅਤੇ ਕੰਪਿਊਟਰਾਂ ਦਾ ਇਹ ਵੱਡੇ ਪੱਧਰ 'ਤੇ ਬਦਲਾਅ ਅਹਿਮ ਭੂਮਿਕਾ ਨਿਭਾਏਗਾ। ਇਹ ਬੁਨਿਆਦੀ ਤੌਰ 'ਤੇ ਪੜ੍ਹਾਉਣ , ਸਮਝਣ ਅਤੇ ਅਨੁਭਵ ਨੂੰ ਬਦਲ ਦੇਵੇਗਾ। ਪੰਜਾਬ ਸਿੱਖਿਆ ਕ੍ਰਾਂਤੀ ਪ੍ਰਣਾਲੀਗਤ ਸੁਧਾਰ ਬਾਰੇ ਹੈ ਅਤੇ ਡਿਜੀਟਲ ਕਲਾਸਰੂਮ ਇਸ ਦਾ ਇੱਕ ਅਹਿਮ ਥੰਮਹ ਹਨ। Contd..................page-3

# ਵਾਟਰ ਸਪਲਾਈ 'ਚ ਗੰਦਗੀ ਤੇ ਸਪੋਲੀਏ, ਪ੍ਰਸ਼ਾਸਨ 'ਤੇ ਉਠੇ ਸਵਾਲ; ਬਿਮਾਰੀ ਫੈਲਣ ਦਾ ਡਰ

**ਕੌਮੀ ਪਤ੍ਰਿਕਾ**

ਭਵਾਨੀਗੜ੍ਹ, 26 ਫਰਵਰੀ। ਇਕ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਸੂਬੇ ਵਿਚ ਆਮ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਦੂਜੇ ਪਾਸੇ ਸ਼ਹਿਰ ਦੀ ਹਨੂੰਮਾਨ ਬਸਤੀ ਦੇ ਬਾਸ਼ਿੰਦੇ ਬੁਨਿਆਦੀ ਸਹੂਲਤਾਂ ਲਈ ਵੀ ਤਰਸਦੇ ਨਜ਼ਰ ਆ ਰਹੇ ਹਨ। ਇਲਾਕੇ ਦੇ ਵਸਨੀਕਾਂ ਅਨੁਸਾਰ ਪਿਛਲੇ ਕਈ ਦਿਨਾਂ ਤੋਂ ਨਗਰ ਕੌਂਸਲ ਵੱਲੋਂ ਵਾਟਰ ਵਰਕਸ ਰਾਹੀਂ ਸਪਲਾਈ ਕੀਤਾ ਜਾ ਰਿਹਾ ਪੀਣ ਵਾਲਾ ਪਾਣੀ ਦੂਸ਼ਿਤ ਆ ਰਿਹਾ ਹੈ। ਗੰਦਲੇ ਪਾਣੀ ਦੇ ਨਾਲ ਛੋਟੇ ਸਪੋਲੀਏ ਆ ਰਹੇ ਹਨ ਜਿਸ ਨਾਲ ਲੋਕਾਂ ਦੀ ਜ਼ਿੰਦਗੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਮੁਹੱਲਾ ਵਾਸੀਆਂ ਹਰਮੇਸ਼ ਮੇਸ਼ੀ, ਮਨਜੀਤ ਕੌਰ, ਰੋਸ਼ਨੀ ਦੇਵੀ, ਇਕਬਾਲ ਸਿੰਘ, ਸਿੰਦਰ ਕੌਰ ਆਦਿ ਨੇ ਦੱਸਿਆ ਕਿ ਸਰਕਾਰੀ ਟੂਟੀਆਂ 'ਚੋਂ ਆ ਰਿਹਾ ਪਾਣੀ ਗੰਦਲਾ ਤੇ ਬਦਬੂਦਾਰ ਹੈ ਜਿਸ ਕਾਰਨ ਨਾ ਤਾਂ ਇਹ ਪੀਣ ਜੋਗਾ ਹੈ ਅਤੇ ਨਾ ਹੀ ਰਸੋਈ ਜਾਂ ਹੋਰ ਘਰੇਲੂ ਕੰਮਾਂ ਲਈ ਵਰਤਣ ਯੋਗ ਹੈ। ਕਈ ਘਰਾਂ ਦੇ ਲੋਕ ਮਜਬੂਰਨ ਦੂਰ-ਦਰਾਜ਼ ਇਲਾਕਿਆਂ ਤੋਂ ਸਾਫ ਪਾਣੀ ਲਿਆਉਣ ਲਈ ਮਜਬੂਰ ਹਨ। ਇਸ ਕਾਰਨ ਉਨ੍ਹਾਂ ਨੂੰ ਵਾਧੂ ਖਰਚੇ ਅਤੇ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਪ੍ਰਸ਼ਾਸਨ ਪ੍ਰਤੀ ਰੋਸ ਜਾਹਿਰ ਕਰਦਿਆਂ ਲੋਕਾਂ ਦੱਸਿਆ ਕਿ ਗੰਦੇ ਪਾਣੀ ਦੀ ਸਪਲਾਈ ਕਾਰਨ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ 'ਤੇ ਵੀ ਮੰਦਾ ਅਸਰ ਪੈ ਰਿਹਾ ਹੈ। ਇੱਕ ਬਜ਼ੁਰਗ ਜੋੜੇ ਨੇ ਦੱਸਿਆ ਕਿ ਦੂਸ਼ਿਤ ਪਾਣੀ ਪੀਣ ਨਾਲ ਦੋ ਦਿਨਾਂ ਤੋਂ ਉਨ੍ਹਾਂ ਨੂੰ ਉਲਟੀ ਤੇ ਦਸਤ ਦੀ ਸ਼ਿਕਾਇਤ ਮਹਿਸੂਸ ਹੋ ਰਹੀ ਹੈ। ਹੋਰ ਲੋਕਾਂ ਨੂੰ ਪੇਟ ਦੀਆਂ ਬਿਮਾਰੀਆਂ ਅਤੇ ਚਮੜੀ ਸੰਬੰਧੀ ਰੋਗ ਫੈਲਣ ਦਾ ਡਰ ਵੀ ਸਤਾ ਰਿਹਾ ਹੈ। ਵਸਨੀਕਾਂ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਵੀ ਟੂਟੀਆਂ 'ਚੋਂ ਪਾਣੀ ਦੇ ਨਾਲ ਪੰਛੀਆਂ ਦੇ ਖੰਭ ਵਗੈਰਾ ਆਏ ਸਨ। ਲੋਕਾਂ ਨੇ ਦੋਸ਼ ਲਗਾਇਆ ਕਿ ਵਾਟਰ ਸਪਲਾਈ ਲਾਈਨਾਂ ਦੀ ਸਫਾਈ ਅਤੇ ਮੁਰੰਮਤ ਲੰਬੇ ਸਮੇਂ ਤੋਂ ਨਹੀਂ ਕੀਤੀ ਗਈ ਜਿਸ ਕਰਕੇ ਗੰਦਾ ਪਾਣੀ ਘਰਾਂ ਤੱਕ ਪਹੁੰਚ ਰਿਹਾ ਹੈ। ਇਸ ਤੋਂ ਇਲਾਵਾ ਕੁਝ ਵਸਨੀਕਾਂ ਨੇ



ਸੀਵਰੇਜ ਲਾਈਨਾਂ ਦੇ ਨੇੜੇ ਪਾਣੀ ਦੀਆਂ ਪਾਈਪਾਂ ਹੋਣ ਕਰਕੇ ਮਿਲਾਵਟ ਦੀ ਸੰਭਾਵਨਾ ਦਾ ਖਦਸ਼ਾ ਜਤਾਇਆ ਹੈ। ਮੁਹੱਲਾ ਵਾਸੀਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਜਲਦ ਹੀ ਇਸ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਸਰਕਾਰ ਤੇ ਪ੍ਰਸ਼ਾਸਨ ਖ਼?ਲਾਫ਼ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ। ਉਨ੍ਹਾਂ ਨੇ ਮੰਗ ਕੀਤੀ ਕਿ ਸਬੰਧਤ ਵਿਭਾਗ ਵੱਲੋਂ ਪਾਣੀ ਦੇ ਸੈਂਪਲ ਦੀ ਜਾਂਚ ਕਰਵਾ ਕੇ ਸਪਲਾਈ ਲਾਈਨਾਂ ਦੀ ਮੁਰੰਮਤ ਕੀਤੀ ਜਾਵੇ ਅਤੇ ਲੋਕਾਂ ਨੂੰ ਸਾਫ-ਸੁੱਥਰਾ ਪਾਣੀ ਮੁਹੱਈਆ ਕਰਵਾਇਆ ਜਾਵੇ। ਉਧਰ, ਨਗਰ ਕੌਂਸਲ ਭਵਾਨੀਗੜ੍ਹ ਦੇ ਕਾਰਜਸਾਧਕ ਅਫ਼ਸਰ ਦੀਪਕ ਗੋਇਲ ਨੇ ਕਿਹਾ ਕਿ ਉਕਤ ਮੁਹੱਲੇ ਵਿਚ ਲੋਕਾਂ ਨੂੰ ਦੂਸ਼ਿਤ ਪਾਣੀ ਦੀ ਸਪਲਾਈ ਹੋਣ ਬਾਰੇ ਤੁਹਾਡੇ ਤੋਂ ਜਾਣਕਾਰੀ ਮਿਲੀ ਹੈ, ਜਿਸ ਸਬੰਧੀ ਸੋਮਵਾਰ ਨੂੰ ਚੈਕ ਕੀਤਾ ਜਾਵੇਗਾ।

## ਨਜਾਇਜ਼ ਅਸਲੇ, ਜ਼ਿੰਦਾ ਰੌਂਦ ਅਤੇ ਕਾਰ ਸਮੇਤ ਇਕ ਕਾਬੂ

ਕੋਟਕਪੂਰਾ 26 ਫਰਵਰੀ। ਜ਼ਿਲ੍ਹਾ ਪੁਲਸ ਮੁਖੀ ਡਾ. ਪ੍ਰਗਿਆ ਜੈਨ ਵੱਲੋਂ ਬੁਰੇ ਅਨਸਰਾਂ ਖਿਲਾਫ ਸਖ਼ਤ ਕਾਰਵਾਈ ਕਰਨ ਦੀਆਂ ਹਦਾਇਤਾਂ ''ਤੇ ਸੀ.ਆਈ.ਏ. ਸਟਾਫ ਯੂਨਿਟ ਜੈਤੋ ਵੱਲੋਂ ਇਕ ਵਿਅਕਤੀ ਨੂੰ ਅਸਲੇ, ਜ਼ਿੰਦਾ ਰੌਂਦ ਤੇ ਕਾਰ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਪਤਾ ਲੱਗਾ ਹੈ। ਇਸ ਸਬੰਧ ਵਿਚ ਥਾਣਾ ਸਿਟੀ ਪੁਲਸ ਕੋਟਕਪੂਰਾ ਵਿਖੇ ਦਰਜ ਮਾਮਲੇ ਅਨੁਸਾਰ ਸੀ.ਆਈ.ਏ. ਸਟਾਫ ਯੂਨਿਟ ਜੈਤੋ ਦੇ ਹੌਲਦਾਰ ਗੁਰਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸਥਾਕਨ ਮੋਗਾ ਰੋਡ ''ਤੇ ਸਥਿਤ ਦਾਣਾ ਮੰਡੀ ਦੇ ਗੇਟ ਨੰਬਰ-1 ਕੋਲ ਮੌਜੂਦ ਸਨ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਮਨਪ੍ਰੀਤ ਸਿੰਘ ਵਾਸੀ ਕਾਂਵਾਂ ਵਾਲੀ (ਮੋਗਾ) ਕਾਰ ''ਤੇ ਸਥਾਨਕ ਕੋਟਕਪੂਰਾ-ਮੋਗਾ ਰੋਡ ਵਾਲੇ ਬਾਈਪਾਸ ''ਤੇ ਪੁਲ ਦੇ ਹੇਠਾਂ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕ ਵਿਚ ਖੜ੍ਹਾ ਹੈ ਅਤੇ ਉਸ ਕੋਲ ਕੋਈ ਨਜਾਇਜ਼ ਅਸਲਾ ਵੀ ਹੋ ਸਕਦਾ ਹੈ। ਸੂਚਨਾ ਦੇ ਆਧਾਰ ''ਤੇ ਪੁਲਸ ਪਾਰਟੀ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਉਕਤ ਸਥਾਨਕ ਤੋਂ ਮਨਪ੍ਰੀਤ ਸਿੰਘ ਨੂੰ ਇਕ ਦੇਸੀ ਪਿਸਟਲ 32 ਬੋਰ ਸਮੇਤ ਮੈਗਜੀਨ ਤੇ 2 ਰੌਂਦ ਜਿੰਦਾ 32 ਬੋਰ, ਇਕ ਪਿਸਟਲ 30 ਬੋਰ ਸਮੇਤ ਮੈਗਜੀਨ ਤੇ 2 ਰੌਂਦ ਜਿੰਦਾ 30 ਬੋਰ, ਇਕ ਸਵਿੱਫਟ ਕਾਰ ਅਤੇ ਇਕ ਮੋਬਾਇਲ ਸਮੇਤ ਗ੍ਰਿਫਤਾਰ ਕਰ ਲਿਆ ਗਿਆ।

# ਦੁਕਾਨ ਦਾ ਰੌਸ਼ਨਦਾਨ ਤੋੜ ਕੇ ਅੰਦਰ ਵੜੇ ਚੋਰ, 2 ਲੱਖ ਦੀ ਨਕਦੀ ਤੇ ਕੀਮਤੀ ਸਾਮਾਨ ਕੀਤਾ ਚੋਰੀ

ਲੁਧਿਆਣਾ 26 ਫਰਵਰੀ। ਮਹਾਨਗਰ ਦੇ ਭੀੜ-ਭੜੱਕੇ ਵਾਲੇ ਇਲਾਕੇ ਜਵਾਹਰ ਨਗਰ ਕੈਂਪ ਵਿਚ ਬੀਤੀ ਰਾਤ ਬੇਖੌਫ਼ ਚੋਰਾਂ ਨੇ ਇਕ ਵੱਡੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਪੁਲਸ ਗਸ਼ਤ ਦੇ ਦਾਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਸ਼ਾਤਰ ਚੋਰਾਂ ਨੇ ਇੱਥੇ ਸਥਿਤ 'ਆਹੂਜਾ ਪੈਕਿੰਗ' ਨਾਮਕ ਦੁਕਾਨ ਨੂੰ ਆਪਣਾ ਨਿਸ਼ਾਨਾ ਬਣਾਇਆ ਅਤੇ ਦੁਕਾਨ ਦੀ ਉਪਰਲੀ ਮੰਜ਼ਿਲ ਦਾ ਰੋਸ਼ਨਦਾਨ ਤੋੜ ਕੇ ਅੰਦਰ ਦਾਖ਼ਲ ਹੋ ਗਏ। ਚੋਰਾਂ ਨੇ ਨਾ ਸਿਰਫ਼ ਗੱਲੇ ਵਿਚ ਪਈ 2 ਲੱਖ ਰੁਪਏ ਦੀ ਭਾਰੀ-ਭਰਕਮ ਨਕਦੀ 'ਤੇ ਹੱਥ ਸਾਫ਼ ਕੀਤਾ, ਬਲਕਿ ਦੁਕਾਨ ਵਿਚ ਰੱਖਿਆ ਹੋਰ ਕੀਮਤੀ ਸਾਮਾਨ ਵੀ ਸਮੇਟ ਕੇ ਰਫੂਚੱਕਰ ਹੋ ਗਏ। ਘਟਨਾ ਦੇ ਸਬੰਧ ਵਿਚ ਜਾਣਕਾਰੀ ਦਿੰਦਿਆਂ ਦੁਕਾਨ ਦੇ ਮਾਲਕ ਨਵੀਨ ਆਹੂਜਾ ਨੇ ਦੱਸਿਆ ਕਿ 14 ਅਤੇ 15 ਫਰਵਰੀ ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਚੋਰਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਸਵੇਰੇ ਜਦੋਂ ਦੁਕਾਨ ਖੋਲ੍ਹੀ ਗਈ ਤਾਂ ਅੰਦਰ ਦਾ ਮੰਜ਼ਰ ਦੇਖ ਕੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਦੁਕਾਨ ਦੀ ਉੱਪਰਲੀ ਮੰਜ਼ਿਲ 'ਤੇ ਲੱਗਾ ਰੌਸ਼ਨਦਾਨ ਟੁੱਟਿਆ ਹੋਇਆ ਸੀ ਅਤੇ ਸਾਰਾ ਸਾਮਾਨ ਖੁਰਦ-ਬੁਰਦ ਪਿਆ ਸੀ। ਜਾਂਚ ਕਰਨ 'ਤੇ ਪਤਾ ਲੱਗਾ ਕਿ ਦੁਕਾਨ ਤੋਂ 2 ਲੱਖ ਰੁਪਏ ਦੀ ਨਕਦੀ ਅਤੇ ਕਾਫੀ ਕੀਮਤੀ ਸਾਮਾਨ ਗਾਇਬ ਹੈ। ਦੁਕਾਨਦਾਰ ਨੇ ਤੁਰੰਤ ਇਸ ਦੀ ਸੂਚਨਾ ਥਾਣਾ ਡਿਵੀਜ਼ਨ ਨੰਬਰ 5 ਦੀ ਪੁਲਿਸ ਨੂੰ ਦਿੱਤੀ। ਪੀੜਤ ਦਾ ਕਹਿਣਾ ਹੈ ਕਿ ਉਸ ਨੇ ਆਪਣੇ ਪੱਧਰ 'ਤੇ ਵੀ ਛਾਨਬੀਨ ਸ਼ੁਰੂ ਕਰ ਦਿੱਤੀ ਹੈ ਅਤੇ ਉਸ ਨੂੰ ਕੁਝ ਅਹਿਮ ਸੁਰਾਗ ਹੱਥ ਲੱਗੇ ਹਨ। ਉੱਥੇ ਹੀ, ਮੌਕੇ 'ਤੇ ਪਹੁੰਚੀ ਪੁਲਸ ਨੇ ਦੁਕਾਨ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਲੱਗੇ ਸੀ.ਸੀ.ਟੀ.ਵੀ.




ਕੈਮਰਿਆਂ ਦੀ ਫੁਟੇਜ ਨੂੰ ਖੰਗਾਲਣਾ ਸ਼ੁਰੂ ਕਰ ਦਿੱਤੀ ਹੈ। ਪੁਲਸ ਦਾ ਕਹਿਣਾ ਹੈ ਕਿ ਰੌਸ਼ਨਦਾਨ ਰਾਹੀਂ ਅੰਦਰ ਵੜਨ ਦੇ ਤਰੀਕੇ ਤੋਂ ਲੱਗਦਾ ਹੈ ਕਿ ਚੋਰਾਂ ਨੂੰ ਦੁਕਾਨ ਦੇ ਅੰਦਰੂਨੀ ਹਿੱਸੇ ਦੀ ਪੂਰੀ ਜਾਣਕਾਰੀ ਸੀ। ਫਿਲਹਾਲ ਪੁਲਸ ਨੂੰ ਮੁਲਜ਼ਮ ਦੀ ਪਛਾਣ ਹੋ ਗਈ ਹੈ, ਮੁਲਜ਼ਮ ਧੂਰੀ ਲਾਈਨ ਦਾ ਰਹਿਣ ਵਾਲਾ ਰਾਹੁਲ ਹੈ। ਪੁਲਸ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਪੂਜਾ ਲਈ ਵਿਦਿਆਰਥੀਆਂ ਨੇ ਨਹੀਂ ਦਿੱਤੇ 100 ਰੁਪਏ, ਗੁੱਸੇ 'ਚ ਹੈੱਡਮਾਸਟਰ ਨੇ ਜੋ ਕੀਤਾ ਸੁਣ ਹੋਵੇਗੇ ਹੈਰਾਨ

ਝਾਰਖੰਡ 26 ਫਰਵਰੀ। ਝਾਰਖੰਡ ਦੇ ਜਾਰਮੁੰਡੀ ਦੇ ਗਰਲਜ ਮਿਡਲ ਸਕੂਲ ਵਿੱਚ ਸਰਸਵਤੀ ਪੂਜਾ ਦੇ ਨਾਮ 'ਤੇ 100 ਰੁਪਏ ਦਾਨ ਨਾ ਕਰਨ 'ਤੇ ਬੱਚਿਆਂ ਨੂੰ ਤੰਗ-ਪ੍ਰੇਸਾਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਡਿਪਟੀ ਕਮਿਸਨਰ ਨੂੰ ਇੱਕ ਅਰਜੀ ਦੇ ਕੇ ਪੂਰੇ ਮਾਮਲੇ ਦੀ ਜਾਂਚ ਅਤੇ ਦੋਸੀ ਹੈੱਡਮਾਸਟਰ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਅਰਜੀ ਵਿੱਚ ਕਿਹਾ ਗਿਆ ਹੈ ਕਿ ਸਕੂਲ ਦੇ ਹੈੱਡਮਾਸਟਰ (ਮੁੱਖ ਅਧਿਆਪਕ) ਨੇ ਹਰੇਕ ਵਿਦਿਆਰਥੀ ਨੂੰ ਸਰਸਵਤੀ ਪੂਜਾ ਲਈ 100 ਦਾਨ ਕਰਨ ਲਈ ਕਿਹਾ ਸੀ। ਇਸ ਦੌਰਾਨ ਜਿਹੜੇ ਬੱਚਿਆਂ ਨੇ ਪੂਜਾ ਲਈ 100 ਰੁਪਏ ਨਹੀਂ ਦਿੱਤੇ, ਉਨ੍ਹਾਂ ਬੱਚਿਆਂ ਨੂੰ ਪੂਜਾ



ਤੋਂ ਬਾਅਦ ਪਰੇਸਾਨ ਕੀਤਾ ਗਿਆ ਅਤੇ ਸਕੂਲ ਆਉਣ ਤੋਂ ਵੀ ਰੋਕ ਦਿੱਤਾ ਗਿਆ। ਸੱਤਵੀਂ ਜਮਾਤ ਦੀ ਵਿਦਿਆਰਥਣ ਨੀਤੂ ਕੁਮਾਰੀ ਨੇ ਕਿਹਾ ਕਿ ਉਸਨੇ 100 ਰੁਪਏ ਨਹੀਂ ਦਿੱਤੇ ਸਨ। ਇਸ ਤੋਂ ਬਾਅਦ ਹੈੱਡਮਾਸਟਰ ਨੇ ਉਸਨੂੰ 100 ਵਾਰ ਉੱਠਣ-ਬੈਠਣ ਲਈ ਕਿਹਾ ਅਤੇ ਦੁਪਹਿਰ ਦਾ ਖਾਣਾ ਦੇਣ ਤੋਂ ਇਨਕਾਰ ਕਰ ਦਿੱਤਾ। ਜ਼?ਆਦਾ ਬੈਠਣ ਅਤੇ ਭੁੱਖੇ ਰਹਿਣ ਨਾਲ ਉਸਦੀ ਸਿਹਤ ਵਿਗੜ ਗਈ। ਛੁੱਟੀ ਮੰਗਣ ਤੋਂ ਬਾਅਦ ਵੀ ਉਸਨੂੰ ਜਲਦੀ ਘਰ ਨਹੀਂ ਜਾਣ ਦਿੱਤਾ ਗਿਆ। ਘਰ ਪਹੁੰਚ ਕੇ ਉਸਨੇ ਆਪਣੀ ਮਾਂ ਨੂੰ ਸਭ ਕੁਝ ਦੱਸ ਦਿੱਤਾ। ਇਸ ਦੌਰਾਨ ਬਹੁਤ ਸਾਰੇ ਵਿਦਿਆਰਥੀਆਂ ਨੇ ਕਈ ਹੋਰਾਂ ਨਾਲ ਮਿਲ ਕੇ ਦੋਸ ਲਗਾਇਆ ਕਿ ਉਨ੍ਹਾਂ ਨੂੰ ਦਾਨ ਨਾ ਦੇਣ ਕਾਰਨ ਸਕੂਲ ਜਾਣ ਤੋਂ ਰੋਕ ਦਿੱਤਾ ਗਿਆ ਸੀ। ਦੁਪਹਿਰ ਦੇ ਖਾਣੇ ਦੌਰਾਨ ਉਨ੍ਹਾਂ ਨੂੰ ਦੱਸਿਆ ਗਿਆ ਕਿ ਜਿਹੜੇ ਵਿਦਿਆਰਥੀਆਂ ਨੇ ਪੈਸੇ ਨਹੀਂ ਦਿੱਤੇ, ਉਨ੍ਹਾਂ ਨੂੰ ਅੰਡੇ ਨਹੀਂ ਮਿਲਣਗੇ। ਵਿਦਿਆਰਥੀਆਂ ਨੇ ਇਹ ਵੀ ਦੱਸਿਆ ਕਿ ਕਲਾਸਰੂਮ ਦਾ ਤਾਲਾ ਗਾਇਬ ਸੀ ਅਤੇ ਉਨ੍ਹਾਂ ਨੂੰ ਲਿੰਕ ਕੰਪਨੀ ਤੋਂ ਨਵਾਂ ਤਾਲਾ ਖਰੀਦਣ ਲਈ ਕਿਹਾ ਗਿਆ ਸੀ। ਇਸ ਦੇ ਨਾਲ ਹੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਡਿਪਟੀ ਕਮਿਸਨਰ ਤੋਂ ਮੰਗ ਕੀਤੀ ਹੈ ਕਿ ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇ ਅਤੇ ਦੋਸੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

## ਨੋਇਡਾ 'ਚ ਦਰਦਨਾਕ ਹਾਦਸਾ: 18ਵੀਂ ਮੰਜ਼ਿਲ ਤੋਂ ਡਿੱਗ ਕੇ ਮਹਿਲਾ ਮਜ਼ਦੂਰ ਦੀ ਮੌਤ

ਨੈਸ਼ਨਲ ਡੈਸਕ 26 ਫਰਵਰੀ। ਨੋਇਡਾ ਦੇ ਸੈਕਟਰ-43 ਵਿੱਚ ਇੱਕ ਨਿਰਮਾਣ ਅਧੀਨ ਬਹੁ-ਮੰਜ਼ਿਲਾਂ ਇਮਾਰਤ ਵਿੱਚ ਕੰਮ ਕਰਦੇ ਸਮੇਂ ਇੱਕ ਵੱਡਾ ਹਾਦਸਾ ਵਾਪਰਨ ਦੀ ਖ਼ਬਰ ਹੈ। ਇੱਥੇ 18ਵੀਂ ਮੰਜ਼ਿਲ ਤੋਂ ਹੇਠਾਂ ਡਿੱਗਣ ਕਾਰਨ ਇੱਕ 23 ਸਾਲਾ ਮਹਿਲਾ ਮਜ਼ਦੂਰ ਦੀ ਮੌਤ ਹੋ ਗਈ। ਥਾਣਾ ਸੈਕਟਰ-39 ਦੇ ਇੰਚਾਰਜ ਇੰਸਪੈਕਟਰ ਡੀ.ਪੀ. ਸ਼ੁਕਲਾ ਨੇ ਦੱਸਿਆ ਕਿ ਮ੍ਰਿਤਕਾ ਦੀ ਪਛਾਣ ਸੁਖੀ ਸੋਰੇਨ (23) ਵਜੋਂ ਹੋਈ ਹੈ। ਉਹ ਸੈਕਟਰ-43 ਸਥਿਤ ਇੱਕ ਨਿਰਮਾਣ ਅਧੀਨ ਇਮਾਰਤ ਵਿੱਚ ਮਜ਼ਦੂਰੀ ਕਰ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਕੰਮ ਕਰਦੇ ਸਮੇਂ ਅਚਾਨਕ ਸੰਤੁਲਨ ਵਿਗੜ ਗਿਆ ਅਤੇ ਉਹ 18ਵੀਂ ਮੰਜ਼ਿਲ ਤੋਂ ਸਿੱਧੀ ਹੇਠਾਂ ਜਾ ਡਿੱਗੀ। ਹਾਦਸੇ ਤੋਂ ਤੁਰੰਤ ਬਾਅਦ ਮਹਿਲਾ ਨੂੰ ਗੰਭੀਰ ਹਾਲਤ ਵਿੱਚ ਇਲਾਜ ਲਈ ਨੇੜਲੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਹਾਲਾਂਕਿ, ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕਾ ਦੀ ਦੇਹ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਥਾਣਾ ਇੰਚਾਰਜ ਅਨੁਸਾਰ, ਇਸ ਮਾਮਲੇ ਵਿੱਚ ਮਹਿਲਾ ਦੇ ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ ਮਿਲਣ 'ਤੇ ਰਿਪੋਰਟ ਦਰਜ ਕੀਤੀ ਜਾਵੇਗੀ ਅਤੇ ਘਟਨਾ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾਵੇਗੀ।

## ਸਰਕਾਰੀ ਮੁਲਾਜਮਾਂ ਦੀ ਹੋਵੇਗੀ ਬੱਲੇ-ਬੱਲੇ, ਕੀ ਪ੍ਰਾਈਵੇਟ ਮੁਲਾਜਮਾਂ ਦੀ ਵੀ ਵਧੇਗੀ ਸੈਲਰੀ?

ਬਿਜਨੈੱਸ ਡੈਸਕ 26 ਫਰਵਰੀ। 8ਵੇਂ ਕੇਂਦਰੀ ਤਨਖਾਹ ਕਮਿਸਨ ਦੇ ਗਠਨ ਹੋਣ ਦੇ ਨਾਲ ਹੀ ਦੇਸ ਭਰ ਦੇ ਲੱਖਾਂ ਮੁਲਾਜਮਾਂ ਨੂੰ ਨਵੀਂ ਆਸ ਬੱਝੀ ਹੈ। ਜਿੱਥੇ ਸਰਕਾਰੀ ਮੁਲਾਜਮਾਂ ਅਤੇ ਪੈਨਸਨਰਾਂ ਲਈ ਤਨਖਾਹ ਵਿੱਚ ਵੱਡੇ ਉਛਾਲ ਦੀ ਉਮੀਦ ਜਤਾਈ ਜਾ ਰਹੀ ਹੈ, ਉੱਥੇ ਹੀ ਪ੍ਰਾਈਵੇਟ ਸੈਕਟਰ ਵਿੱਚ ਕੰਮ ਕਰਨ ਵਾਲੇ ਲੋਕ ਵੀ ਇਹ ਜਾਣਨ ਲਈ ਉਤਸੁਕ ਹਨ ਕਿ ਇਸ ਦਾ ਉਨ੍ਹਾਂ 'ਤੇ ਕੀ ਅਸਰ ਪਵੇਗਾ। 8ਵੇਂ ਤਨਖਾਹ ਕਮਿਸਨ ਦੀ ਅਧਿਕਾਰਤ ਵੈੱਬਸਾਈਟ ਲਾਈਵ ਹੋ ਚੁੱਕੀ ਹੈ, ਜਿੱਥੇ ਮੁਲਾਜਮ ਅਤੇ ਯੂਨੀਅਨਾਂ 16 ਮਾਰਚ 2026 ਤੱਕ ਆਪਣੇ ਸੁਝਾਅ ਅਤੇ ਫੀਡਬੈਕ ਜਮ੍ਹਾਂ ਕਰਵਾ ਸਕਦੇ ਹਨ। ਦੱਸ ਦੇਈਏ ਕਿ ਇਸ ਕਮਿਸਨ ਦਾ ਗਠਨ ਨਵੰਬਰ 2025 ਵਿੱਚ ਕੀਤਾ ਗਿਆ ਸੀ ਅਤੇ ਇਸ ਨੇ 18 ਮਹੀਨਿਆਂ ਦੇ ਅੰਦਰ ਆਪਣੀਆਂ ਸਿਫਾਰਸਾਂ ਸਰਕਾਰ ਨੂੰ ਸੌਂਪਣੀਆਂ ਹਨ। ਹਾਲਾਂਕਿ ਇਹ ਕਮਿਸਨ ਸਿਰਫ ਕੇਂਦਰੀ ਸਰਕਾਰੀ ਮੁਲਾਜਮਾਂ (ਲਗਭਗ 48-50 ਲੱਖ) ਅਤੇ ਪੈਨਸਨਰਾਂ (ਕਰੀਬ 68-70 ਲੱਖ) ਲਈ ਬਣਾਇਆ ਗਿਆ ਹੈ ਅਤੇ ਪ੍ਰਾਈਵੇਟ ਕੰਪਨੀਆਂ 'ਤੇ ਇਹ ਕਾਨੂੰਨੀ ਤੌਰ 'ਤੇ ਲਾਗੂ ਨਹੀਂ ਹੁੰਦਾ। ਪਰ ਮਾਹਿਰਾਂ ਅਨੁਸਾਰ, ਇਸ ਦਾ ਪ੍ਰਾਈਵੇਟ ਸੈਕਟਰ 'ਤੇ ਅਸਿੱਧੇ () ਤੌਰ 'ਤੇ ਵੱਡਾ ਅਸਰ ਦੇਖਣ ਨੂੰ ਮਿਲਦਾ ਹੈ: ਸਰਕਾਰੀ ਤਨਖਾਹਾਂ ਵਧਣ ਤੋਂ ਬਾਅਦ, ਚੰਗੇ ਪੇਸੇਵਰਾਂ ਨੂੰ ਆਪਣੇ ਕੋਲ ਬਣਾਈ ਰੱਖਣ ਲਈ ਪ੍ਰਾਈਵੇਟ ਕੰਪਨੀਆਂ ਨੂੰ ਵੀ ਤਨਖਾਹਾਂ ਵਧਾਉਣੀਆਂ ਪੈਂਦੀਆਂ ਹਨ। ਬੈਂਚਮਾਰਕਿੰਗ: ਕਈ ਵੱਡੀਆਂ ਨਿੱਜੀ ਕੰਪਨੀਆਂ (ਜਿਵੇਂ , ਆਦਿ) ਆਪਣੇ ਤਨਖਾਹ ਢਾਂਚੇ ਦੀ ਤੁਲਨਾ ਸਰਕਾਰੀ ਤਨਖਾਹਾਂ ਨਾਲ ਕਰਦੀਆਂ ਹਨ। ਮਾਰਕੀਟ ਡਿਮਾਂਡ: ਲੱਖਾਂ ਮੁਲਾਜਮਾਂ ਦੇ ਹੱਥ ਵਿੱਚ ਵੱਧ ਪੈਸਾ ਆਉਣ ਨਾਲ ਬਾਜਾਰ ਵਿੱਚ ਮੰਗ ਵਧਦੀ ਹੈ, ਜਿਸ ਦਾ ਫਾਇਦਾ ਕੰਪਨੀਆਂ ਨੂੰ ਹੁੰਦਾ ਹੈ ਅਤੇ ਉਹ ਆਪਣੇ ਮੁਲਾਜਮਾਂ ਦੀਆਂ ਤਨਖਾਹਾਂ ਵਧਾਉਂਦੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਜੇਕਰ 8ਵੇਂ ਤਨਖਾਹ ਕਮਿਸਨ ਵਿੱਚ ਫਿਟਮੈਂਟ ਫੈਕਟਰ 2.0 ਤੋਂ ਉੱਪਰ ਰਹਿੰਦਾ ਹੈ

# ਪੰਜਾਬ ਪੁਲਸ ਨੂੰ ਚੁਣੌਤੀ! ਡਿਊਟੀ 'ਤੇ ਗਏ ਮੁਲਾਜ਼ਮ ਦੇ ਕੁਆਰਟਰ 'ਚ ਚੋਰੀ

**ਕੌਮੀ ਪਤ੍ਰਿਕਾ**

ਲੁਧਿਆਣਾ 26 ਫਰਵਰੀ। ਸ਼ਹਿਰ ਵਿਚ ਚੋਰਾਂ ਦਾ ਦਹਿਸ਼ਤ ਇਸ ਕਦਰ ਵੱਧ ਗਈ ਹੈ ਕਿ ਹੁਣ ਕਾਨੂੰਨ ਦੇ ਰਾਖੇ ਵੀ ਸੁਰੱਖਿਅਤ ਨਹੀਂ ਰਹੇ। ਬੇਖੌਫ਼ ਚੋਰਾਂ ਨੇ ਹੁਣ ਪੁਲਸ ਦੇ ਘਰ ਵਿਚ ਹੀ ਸੰਨ੍ਹ ਲਗਾ ਕੇ ਪੁਲਸ ਪ੍ਰਸ਼ਾਸਨ ਨੂੰ ਖੁੱਲ੍ਹੀ ਚੁਣੌਤੀ ਦੇ ਦਿੱਤੀ ਹੈ। ਤਾਜ਼ਾ ਮਾਮਲੇ ਵਿਚ ਇਕ ਪੁਲਸ ਮੁਲਾਜ਼ਮ ਦੇ ਘਰ ਨੂੰ ਨਿਸ਼ਾਨਾ ਬਣਾਇਆ ਗਿਆ, ਜਿੱਥੇ ਚੋਰਾਂ ਨੇ ਦਿਨ-ਦਿਹਾੜੇ ਤਾਲੇ ਤੋੜ ਕੇ ਅਲਮਾਰੀ ਵਿਚ ਰੱਖੀ ਨਕਦੀ ਅਤੇ ਜ਼ਰੂਰੀ ਦਸਤਾਵੇਜ਼ਾਂ 'ਤੇ ਹੱਥ ਸਾਫ਼ ਕਰ ਦਿੱਤਾ। ਪੁਲਸ ਹੁਣ ਆਪਣੇ ਹੀ ਵਿਭਾਗ ਦੇ ਸਾਥੀ ਦੇ ਘਰ ਹੋਈ ਚੋਰੀ ਦੇ ਮਾਮਲੇ ਵਿਚ ਸੀ.ਸੀ.ਟੀ.ਵੀ. ਫੁਟੇਜ ਦੇ ਆਧਾਰ 'ਤੇ ਮੁਲਜ਼ਮਾਂ ਦੀ ਭਾਲ ਵਿਚ ਜੁੱਟ ਗਈ ਅਤੇ ਇਕ ਹਫ਼ਤੇ ਬਾਅਦ ਪੁਲਸ ਨੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਪੁਲਸ ਮੁਲਾਜ਼ਮ ਅਮਰਜੀਤ ਸਿੰਘ ਨੇ ਦੱਸਿਆ ਕਿ ਉਹ 13 ਫਰਵਰੀ ਨੂੰ ਸਵੇਰੇ ਆਪਣੀ ਡਿਊਟੀ 'ਤੇ ਤਾਇਨਾਤ ਹੋਣ ਲਈ ਗਿਆ ਸੀ। ਉਸ ਨੂੰ ਕੀ ਪਤਾ ਸੀ ਕਿ ਮਹਿਜ਼ ਕੁਝ ਹੀ ਮਿੰਟਾਂ ਵਿਚ ਉਸ ਦੇ ਪਿੱਛੋਂ ਵੱਡੀ ਵਾਰਦਾਤ ਹੋ




ਜਾਵੇਗੀ। ਦੁਪਹਿਰ ਕਰੀਬ 12:15 ਵਜੇ ਜਦੋਂ ਉਹ ਆਪਣੇ ਕੁਆਰਟਰ ਵਾਪਸ ਪਰਤਿਆ ਤਾਂ ਘਰ ਦਾ ਟੁੱਟਿਆ ਹੋਇਆ ਤਾਲਾ ਦੇਖ ਕੇ ਉਸ ਦੇ ਹੋਸ਼ ਉੱਡ ਗਏ। ਅੰਦਰ ਜਾ ਕੇ ਦੇਖਿਆ ਤਾਂ ਅਲਮਾਰੀ ਖੁੱਲ੍ਹੀ ਪਈ ਸੀ ਅਤੇ ਉਸ ਵਿਚ ਰੱਖਿਆ ਬੈਗ ਗਾਇਬ ਸੀ। ਪੀੜਤ ਅਨੁਸਾਰ ਬੈਗ ਵਿਚ 15 ਹਜ਼ਾਰ ਰੁਪਏ ਦੀ ਨਕਦੀ, ਆਧਾਰ ਕਾਰਡ ਅਤੇ ਹੋਰ ਕਈ ਮਹੱਤਵਪੂਰਨ ਸਰਕਾਰੀ ਤੇ ਨਿੱਜੀ ਦਸਤਾਵੇਜ਼ ਸਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਚੋਰੀ ਕਿਸੇ ਅਣਪਛਾਤੇ ਵਿਅਕਤੀ ਨੇ ਨਹੀਂ ਬਲਕਿ ਮੁਲਾਜ਼ਮ ਦੇ ਜਾਣਕਾਰ ਨੇ ਹੀ ਆਪਣੇ ਸਾਥੀ ਨਾਲ ਮਿਲ ਕੇ ਕੀਤੀ। ਵਾਰਦਾਤ ਤੋਂ ਬਾਅਦ ਜਦੋਂ ਇਲਾਕੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਗਈ ਤਾਂ ਸਾਰਾ ਸੱਚ ਸ਼ੀਸ਼ੇ ਵਾਂਗ ਸਾਫ਼ ਹੋ ਗਿਆ। ਫੁਟੇਜ ਵਿਚ ਸਾਫ਼ ਤੌਰ 'ਤੇ ਦੇਖਿਆ ਗਿਆ ਕਿ ਅਸ਼ਵਨੀ ਕੁਮਾਰ ਨੇ ਆਪਣੇ ਦੋਸਤ ਅਨੰਤਵੀਰ ਸਿੰਘ ਨਾਲ ਮਿਲ ਕੇ ਇਸ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਫਿਲਹਾਲ ਪੁਲਸ ਨੇ ਸੀ.ਸੀ.ਟੀ.ਵੀ. ਫੁਟੇਜ ਨੂੰ ਕਬਜ਼ੇ ਵਿਚ ਲੈ ਕੇ ਨਾਮਜ਼ਦ ਮੁਲਜ਼ਮਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਔਰਤ ਤੇ ਉਸ ਦੇ ਪਤੀ ਦੀ ਕੁੱਟਮਾਰ ਕਰਕੇ ਮਿਰਚਾ ਦੀ ਫ਼ਸਲ ਵਾਹੀ

ਫਿਰੋਜ਼ਪੁਰ 26 ਫਰਵਰੀ। ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਹਬੀਬ ਵਾਲਾ ਵਿਖੇ ਇਕ ਔਰਤ ਅਤੇ ਉਸ ਦੇ ਪਤੀ ਦੀ ਕੁੱਟਮਾਰ ਕਰਕੇ ਮਿਰਚਾ ਦੀ ਫ਼ਸਲ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਵਿਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 6 ਬਾਏ ਨੇਮ ਲੋਕਾਂ ਅਤੇ 7 ਅਣਪਛਾਤਿਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵੀਰਪਾਲ ਕੌਰ ਪਤਨੀ ਪੂਰਨ ਸਿੰਘ ਵਾਸੀ ਹਬੀਬ ਵਾਲਾ ਨੇ ਦੱਸਿਆ ਕਿ ਮਿਤੀ 14 ਫਰਵਰੀ 2026 ਨੂੰ ਰਾਤ ਕਰੀਬ 10.30 ਵਜੇ ਰੋਟੀ-ਪਾਣੀ ਖਾ ਕੇ ਪਏ ਸਨ। ਇਸ ਦੌਰਾਨ ਬਾਹਰੋਂ ਦੋਸ਼ੀਅਨ ਅਮਰ ਸਿੰਘ ਪੁੱਤਰ ਬਿਸ਼ਨ ਸਿੰਘ, ਕਰਮ ਸਿੰਘ ਪੁੱਤਰ ਅਮਰ ਸਿੰਘ, ਕਾਲਾ ਸਿੰਘ ਪੁੱਤਰ ਅਮਰ ਸਿੰਘ, ਸੁਰਜੀਤੋ ਬਾਈ ਪਤਨੀ ਅਮਰ ਸਿੰਘ, ਰਾਜਵਿੰਦਰ ਕੌਰ ਪਤਨੀ ਕਰਮ ਸਿੰਘ ਵਾਸੀਅਨ ਹਬੀਬ ਵਾਲਾ, ਅਕਾਸ਼ ਪੁੱਤਰ ਮਹਿੰਦਰ ਸਿੰਘ ਵਾਸੀ ਹਬੀਬ ਵਾਲਾ ਅਤੇ 7 ਅਣਪਛਾਤੇ ਵਿਅਕਤੀਆਂ ਨੇ ਦਰਵਾਜ਼ਾ ਖੜਕਾਇਆ। ਵੀਰਪਾਲ ਕੌਰ ਨੇ ਦੱਸਿਆ ਕਿ ਜਦ ਉਸ ਵੱਲੋਂ ਦਰਵਾਜ਼ਾ ਖੋਲ੍ਹਿਆ ਤਾਂ ਦੋਸ਼ੀਅਨ ਉਸ ਦੇ ਅਤੇ ਉਸ ਦੇ ਪਤੀ ਦੇ ਗਲ ਪੈ ਗਏ ਤੇ ਸੱਟਾਂ ਮਾਰੀਆਂ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਦੋਸ਼ੀਅਨ ਨੇ ਉਨ੍ਹਾਂ ਦੀ ਫ਼ਸਲ ਮਿਰਚਾ ਦਾ ਨੁਕਸਾਨ ਹੱਲ ਨਾਲ ਵਾਹੀ ਕਰਕੇ ਕੀਤਾ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਰਬਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਅਨ ਖ਼?ਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਰਾਜਾ ਵੜਿੰਗ ਨੇ ਖਹਿਰਾ ਖ਼?ਲਾਫ਼ 'ਆਪ' ਸਰਕਾਰ ਦੀ ਕਾਰਵਾਈ ਨੂੰ ਦੱਸਿਆ 'ਸਿਆਸੀ ਬਦਲਾਖੋਰੀ'

ਚੰਡੀਗੜ੍ਹ 26 ਫਰਵਰੀ। ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਹੁਕਮਾਂ 'ਤੇ ਅੱਜ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ 'ਤੇ ਪ੍ਰਸ਼ਾਸਨ ਵੱਲੋਂ 'ਪੀਲਾ ਪੰਜਾ' ਚਲਾਇਆ ਗਿਆ। ਇਸ ਕਾਰਵਾਈ ਤੋਂ ਬਾਅਦ ਸੂਬੇ ਦੀ ਸਿਆਸਤ ਪੂਰੀ ਤਰ੍ਹਾਂ ਗਰਮਾ ਗਈ ਹੈ ਅਤੇ ਕਾਂਗਰਸ ਲੀਡਰਸ਼ਿਪ ਨੇ ਸਰਕਾਰ ਵਿਰੁੱਧ ਤਿੱਖਾ ਮੋਰਚਾ ਖੋਲ੍ਹ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਬਦਲਾਖੋਰੀ ਦੀ ਕਾਰਵਾਈ ਕਰਾਰ ਦਿੱਤਾ ਹੈ। ਵੜਿੰਗ ਨੇ ਟਵੀਟਰ ਰਾਹੀਂ ਆਪਣਾ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਰਕਾਰ ਵੱਲੋਂ ਕੀਤੀ ਜਾ ਰਹੀ ਸਿਰਫ਼ ਸਿਆਸੀ ਪ੍ਰੇਸ਼ਾਨੀ ਹੈ। ਵੜਿੰਗ ਨੇ ਅੱਗੇ ਕਿਹਾ ਕਿ ਵਿਰੋਧੀ ਧਿਰ ਦੀਆਂ ਆਵਾਜ਼ਾਂ ਨੂੰ ਚੁੱਪ ਕਰਾਉਣ ਲਈ ਸੱਤਾ ਦੀ ਅਜਿਹੀ ਸ਼ਰੇਆਮ ਦੁਰਵਰਤੋਂ ਪੂਰੀ ਤਰ੍ਹਾਂ ਗੈਰ-ਲੋਕਤੰਤਰੀ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਜੇਕਰ ਕੋਈ ਕਥਿਤ ਉਲੰਘਣਾ ਹੋਈ ਵੀ ਸੀ, ਤਾਂ ਸਰਕਾਰ ਨੂੰ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਦੇ ਹੋਏ ਪਹਿਲਾਂ ਉਚਿਤ ਨੋਟਿਸ ਦੇਣਾ ਚਾਹੀਦਾ ਸੀ। ਦੱਸ ਦੇਈਏ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਇਸ ਕਾਰਵਾਈ ਨੇ ਪੰਜਾਬ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਚੱਲ ਰਹੇ ਸਿਆਸੀ ਟਕਰਾਅ ਨੂੰ ਹੋਰ ਤੇਜ਼ ਕਰ ਦਿੱਤਾ ਹੈ।

# ਹਾਲ-ਏ-ਪੰਜਾਬ! ਨਸ਼ੇ 'ਚ ਟੱਲੀ ਨੌਜਵਾਨ ਨੇ ਪਿਓ ਨੂੰ ਚਾਕੂ ਮਾਰ ਕੇ ਉਤਾਰਿਆ ਮੌਤ ਦੇ ਘਾਟ

**ਕੌਮੀ ਪਤ੍ਰਿਕਾ**

ਲੁਧਿਆਣਾ 26 ਫਰਵਰੀ। ਲੁਧਿਆਣਾ ਦੇ ਫੋਕਲ ਪੁਆਇੰਟ ਇਲਾਕੇ ਵਿਚ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਇਕ ਵਾਰਦਾਤ ਸਾਹਮਣੇ ਆਈ ਹੈ, ਜਿੱਥੇ ਢੰਡਾਰੀ ਖੁਰਦ ਦੀ ਦੀਪ ਕਾਲੋਨੀ ਵਿਚ ਇਕ ਪੁੱਤ ਨੇ ਨਸ਼ੇ ਦੀ ਹਾਲਤ ਵਿਚ ਆਪਣੇ ਹੀ ਪਿਓ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮਾਮੂਲੀ ਬਹਿਸ ਤੋਂ ਬਾਅਦ ਮੁਲਜ਼ਮ ਪੁੱਤ ਨੇ ਚਾਕੂ ਨਾਲ ਆਪਣੇ ਪਿਓ ਦੀ ਧੌਣ 'ਤੇ ਤਾਬੜਤੋੜ ਵਾਰ ਕੀਤੇ ਤੇ ਮੌਕੇ ਤੋਂ ਫਰਾਰ ਹੋ ਗਿਆ। ਕਤਲ ਦਾ ਖੁਲਾਸਾ ਉਦੋਂ ਹੋਇਆ ਜਦੋਂ ਬੰਦ ਕਮਰੇ 'ਚੋਂ ਖੂਨ ਵਹਿ ਕੇ ਬਾਹਰ ਗਲੀ ਵਿਚ ਆਉਣ ਲੱਗਿਆ, ਜਿਸ ਨੂੰ ਦੇਖ ਕੇ ਗੁਆਂਢੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਨ੍ਹਾਂ ਨੇ ਰੌਲਾ ਪਾਇਆ ਅਤੇ ਪੁਲਸ ਨੂੰ ਸੂਚਨਾ ਦਿੱਤੀ। ਥਾਣਾ ਫੋਕਲ ਪੁਆਇੰਟ ਦੀ ਪੁਲਸ ਮੌਕੇ 'ਤੇ ਪੁੱਜੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕ ਦੀ ਪਛਾਣ ਸਿਕੰਦਰ ਚੌਹਾਨ (44) ਵਜੋਂ ਹੋਈ ਹੈ, ਜੋ ਆਪਣੇ ਪੁੱਤ ਉਮੇਸ਼ ਚੌਹਾਨ (25) ਨਾਲ ਕਿਰਾਏ ਦੇ ਮਕਾਨ 'ਚ ਰਹਿੰਦਾ ਸੀ। ਜਾਣਕਾਰੀ




ਅਨੁਸਾਰ ਐਤਵਾਰ ਸ਼ਾਮ ਲੱਗਭਗ 4 ਵਜੇ ਉਮੇਸ਼ ਨਸ਼ਾ ਕਰ ਕੇ ਘਰ ਮੁੜਿਆ। ਘਰ ਜਾਂਦੇ ਹੀ ਉਸ ਦੀ ਆਪਣੇ ਪਿਓ ਨਾਲ ਕਿਸੇ ਗੱਲ ਨੂੰ ਲੈ ਕੇ ਤਿੱਖੀ ਬਹਿਸ ਸ਼ੁਰੂ ਹੋ ਗਈ। ਰੌਲਾ ਸੁਣ ਕੇ ਗੁਆਂਢੀ ਬਚਾਅ ਕਰਨ ਆਏ ਤੇ ਮਾਮਲਾ ਸ਼ਾਂਤ ਕਰਵਾ ਕੇ ਚਲੇ ਗਏ ਪਰ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਕਮਰੇ ਅੰਦਰ ਉਮੇਸ਼ ਹੈਵਾਨੀਅਤ 'ਤੇ ਉਤਾਰੂ ਹੋ ਜਾਵੇਗਾ। ਉਸ ਨੇ ਗੁੱਸੇ ਵਿਚ ਆ ਕੇ ਚਾਕੂ ਚੁੱਕਿਆ ਤੇ ਆਪਣੇ ਪਿਓ ਦੀ ਧੌਣ 'ਤੇ ਉਦੋਂ ਤੱਕ ਵਾਰ ਕੀਤੇ, ਜਦੋਂ ਤੱਕ ਉਸ ਦੇ ਸਾਹ ਨਹੀਂ ਰੁਕ ਗਏ। ਥਾਣਾ ਇੰਚਾਰਜ ਇੰਸਪੈਕਟਰ ਕੁਲਬੀਰ ਸਿੰਘ ਨੇ ਦੱਸਿਆ ਕਿ ਗ੍ਰਿਫਤਾਰੀ ਸਮੇਂ ਮੁਲਜ਼ਮ ਨਸ਼ੇ ਵਿਚ ਸੀ। ਸ਼ੁਰੂਆਤੀ ਪੁੱਛਗਿਛ ਵਿਚ ਉਸ ਨੇ ਹੈਰਾਨ ਕਰਨ ਵਾਲਾ ਦਾਅਵਾ ਕਰਦਿਆਂ ਕਿਹਾ ਕਿ ਉਸ ਦਾ ਪਿਓ ਉਸ ਦੀ ਪਤਨੀ ਨੂੰ ਪ੍ਰੇਸ਼ਾਨ ਕਰਦਾ ਸੀ, ਇਸ ਲਈ ਉਸ ਨੇ ਉਸ ਨੂੰ ਮਾਰ ਦਿੱਤਾ। ਪੁਲਸ ਇਸ ਦਲੀਲ ਨੂੰ ਸ਼ੱਕੀ ਨਜ਼ਰ ਨਾਲ ਦੇਖ ਰਹੀ ਹੈ ਕਿਉਂਕਿ ਮੁਲਜ਼ਮ ਦੀ ਪਤਨੀ ਤੇ ਮਾਂ ਲੁਧਿਆਣਾ ਵਿਚ ਨਹੀਂ, ਸਗੋਂ ਉਤਰ ਪ੍ਰਦੇਸ਼ ਦੇ ਇਕ ਪਿੰਡ ਵਿਚ ਰਹਿੰਦੀਆਂ ਹਨ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਲਜ਼ਮ ਫਿਲਹਾਲ ਨਸ਼ੇ ਵਿਚ ਹੈ ਤੇ ਆਪਣੇ ਬਿਆਨ ਵਾਰ-ਵਾਰ ਬਦਲ ਰਿਹਾ ਹੈ।

## ਬਠਿੰਡਾ ਸੂਟਕੇਸ ਕਤਲਕਾਂਡ : ਪਰਿਵਾਰ ਦਾ ਕੁੜੀ ਦੀਆਂ ਅੰਤਿਮ ਰਸਮਾਂ ਨਿਭਾਉਣ ਤੋਂ ਇਨਕਾਰ

ਬਠਿੰਡਾ 26 ਫਰਵਰੀ। ਇੱਥੇ ਕੁੱਝ ਦਿਨ ਪਹਿਲਾਂ ਇਕ ਕੁੜੀ ਦਾ ਕਤਲ ਕਰ ਕੇ ਉਸਦੀ ਲਾਸ਼ ਨੂੰ ਸੂਟਕੇਸ 'ਚ ਪਾ ਕੇ ਸੁੱਟ ਦਿੱਤਾ ਗਿਆ ਸੀ। ਇਸ ਤੋਂ ਬਾਅਦ ਸਹਾਰਾ ਜਨ ਸੇਵਾ ਵੱਲੋਂ ਮ੍ਰਿਤਕ ਕੁੜੀ ਦਾ ਅੰਤਿਮ ਸੰਸਕਾਰ ਕੀਤਾ ਗਿਆ। ਮੌਕੇ 'ਤੇ ਪਹੁੰਚੇ ਕੁੜੀ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਉਸ ਦੀਆਂ ਅਸਥੀਆਂ ਇਕੱਠੀਆਂ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਸਹਾਰਾ ਨੂੰ ਉਸ ਦੀਆਂ ਅਸਥੀਆਂ ਇਕੱਠੀਆਂ ਕਰਨ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ 9 ਫਰਵਰੀ ਨੂੰ ਕੁੜੀ ਸਪਨਾ ਉਰਫ਼ ਮਲਿਕਾ ਦਾ ਉਸਦੇ ਦੋਸਤ ਵੱਲੋਂ ਕਤਲ ਕਰ ਕੇ ਲਾਸ਼ ਨੂੰ ਸੂਟਕੇਸ 'ਚ ਭਰ ਕੇ ਮਲੋਟ ਰੋਡ 'ਤੇ ਸੁੱਟ ਦਿੱਤਾ ਗਿਆ ਸੀ। ਜਾਂਚ ਤੋਂ ਬਾਅਦ ਪੁਲਸ ਨੇ ਮਾਮਲੇ ਦੇ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਪਤਾ ਲੱਗਾ ਹੈ ਕਿ ਕੁੜੀ ਮੋਗਾ ਜ਼ਿਲ੍ਹੇ ਦੇ ਬਾਘਾਪੁਰਾਣਾ ਦੀ ਰਹਿਣ ਵਾਲੀ ਸੀ ਅਤੇ ਆਪਣੇ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਬਠਿੰਡਾ 'ਚ ਉਕਤ ਮੁੰਡੇ ਨਾਲ ਰਹਿ ਰਹੀ ਸੀ। ਇਸ ਕਾਰਨ ਉਸਦਾ ਪਰਿਵਾਰ ਉਸ ਤੋਂ ਨਾਰਾਜ਼ ਸੀ। ਪੁਲਸ ਪ੍ਰਸ਼ਾਸਨ ਨੇ ਕੁੜੀ ਦੀ ਲਾਸ਼ ਉਸਦੇ ਪਰਿਵਾਰ ਨੂੰ ਸੌਂਪਣ ਦੀ ਕੋਸ਼ਿਸ਼ ਕੀਤੀ ਪਰ



ਉਨ੍ਹਾਂ ਨੇ ਸਹਾਰਾ ਜਨਸੇਵਾ ਨਾਲ ਤਾਲਮੇਲ ਕਰ ਕੇ ਬਠਿੰਡਾ 'ਚ ਉਸਦਾ ਅੰਤਿਮ ਸੰਸਕਾਰ ਕੀਤਾ। ਉਸ ਦੇ ਕੁੱਝ ਰਿਸ਼ਤੇਦਾਰ ਮੌਕੇ 'ਤੇ ਸ਼ਾਮਲ ਹੋਏ ਪਰ ਉਨ੍ਹਾਂ ਨੇ ਸਪਨਾ ਦੀਆਂ ਅਸਥੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਸਸਕਾਰ ਤੋਂ ਬਾਅਦ ਸਹਾਰਾ ਜਨਸੇਵਾ ਨੇ ਅਸਥੀਆਂ ਇਕੱਠੀਆਂ ਕੀਤੀਆਂ ਅਤੇ ਉਨ੍ਹਾਂ ਨੂੰ ਸੁਰੱਖਿਅਤ ਰੱਖਿਆ।

# ਕੇਂਦਰੀ ਯੋਜਨਾ ਵਿਚ ਵੱਡੀ ਘਪਲੇਬਾਜ਼ੀ ਦੇ ਦੋਸ਼, ਸਵੇਰੇ-ਸਵੇਰੇ ਵੱਜਿਆ ਛਾਪਾ

**ਕੌਮੀ ਪਤ੍ਰਿਕਾ**

ਤਪਾ ਮੰਡੀ 26 ਫਰਵਰੀ। ਚਾਵਲਾਂ ਦੀ ਢੋਆ-ਢੁਆਈ ਨਾਲ ਜੁੜੇ ਇਕ ਵੱਡੇ ਮਾਮਲੇ ਦੀ ਜਾਂਚ ਦੇ ਸਿਲਸਿਲੇ ਵਿਚ ਅੱਜ ਸਵੇਰੇ ਪੰਜਾਬ ਵਿਜੀਲੈਂਸ ਵਿਭਾਗ ਦੀ ਟੀਮ ਨੇ ਟਰੱਕ ਯੂਨੀਅਨ ਤਪਾ ਵਿਚ ਅਚਾਨਕ ਦਸਤਕ ਦਿੱਤੀ। ਵਿਜੀਲੈਂਸ ਅਧਿਕਾਰੀਆਂ ਵੱਲੋਂ ਯੂਨੀਅਨ ਦੇ ਅਹਾਤੇ ਵਿਚ ਮੌਜੂਦ ਟਰੱਕ ਮਾਲਕਾਂ, ਡਰਾਈਵਰਾਂ ਅਤੇ ਕੰਡਕਟਰਾਂ ਨਾਲ ਲੰਬੀ ਪੁੱਛਗਿੱਛ ਕੀਤੀ ਗਈ ਅਤੇ ਪਿਛਲੇ ਕੁਝ ਸਾਲਾਂ ਦੀ ਢੁਆਈ ਨਾਲ ਸਬੰਧਤ ਦਸਤਾਵੇਜ਼ਾਂ ਦੀ ਜਾਂਚ ਵੀ ਕੀਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਜਾਂਚ ਕੇਂਦਰ ਸਰਕਾਰ ਦੀ "ਭਾਰਤ ਰਾਈਸ ਯੋਜਨਾ"ਤਹਿਤ ਚਾਵਲਾਂ ਦੀ ਸਪਲਾਈ ਅਤੇ ਵੰਡ ਨਾਲ ਜੁੜੀ ਹੋਈ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਆਮ ਲੋਕਾਂ, ਖਾਸ ਕਰਕੇ ਗਰੀਬ ਅਤੇ ਮੱਧ ਵਰਗ ਨੂੰ ਸਸਤੇ ਭਾਅ 'ਤੇ ਚਾਵਲ ਉਪਲਬਧ ਕਰਵਾਉਣਾ ਹੈ। ਸਰਕਾਰੀ ਏਜੰਸੀਆਂ ਰਾਹੀਂ ਚਾਵਲ ਨਿਰਧਾਰਤ ਕੀਮਤਾਂ 'ਤੇ ਖਰੀਦ ਕੇ ਪੈਕਿੰਗ ਸਮੇਤ ਸਰਕਾਰੀ ਦੁਕਾਨਾਂ ਅਤੇ ਸਹਿਕਾਰੀ ਸਭਾਵਾਂ ਤੱਕ ਪਹੁੰਚਾਉਣੇ ਸਨ। ਪਰ ਦੋਸ਼ ਲਗ ਰਹੇ ਹਨ ਕਿ ਪਿਛਲੇ ਲਗਭਗ ਤਿੰਨ ਸਾਲਾਂ ਦੌਰਾਨ ਇਸ ਯੋਜਨਾ ਵਿਚ ਵੱਡੇ ਪੱਧਰ 'ਤੇ



ਗੜਬੜੀ ਹੋਈ। ਦੱਸਿਆ ਜਾ ਰਿਹਾ ਹੈ ਕਿ ਕੁਝ ਪ੍ਰਾਈਵੇਟ ਵਪਾਰੀਆਂ ਨੇ ਸਰਕਾਰ ਤੋਂ ਰਿਲੀਜ਼ ਆਰਡਰਾਂ ਰਾਹੀਂ ਸਸਤੇ ਰੇਟਾਂ 'ਤੇ ਚਾਵਲ ਖਰੀਦੇ, ਪਰ ਉਨ੍ਹਾਂ ਨੂੰ ਨਿਰਧਾਰਤ ਟਿਕਾਣਿਆਂ 'ਤੇ ਪਹੁੰਚਾਉਣ ਦੀ ਬਜਾਏ ਖੁੱਲੀ ਮੰਡੀ ਵਿਚ ਉੱਚੇ ਭਾਅ 'ਤੇ ਵੇਚ ਦਿੱਤਾ। ਇਸ ਸਾਰੇ ਮਾਮਲੇ ਵਿਚ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਦੀ ਵੀ ਚਰਚਾ ਜ਼ੋਰਾਂ 'ਤੇ ਹੈ। ਇਲਾਕੇ ਵਿਚ ਇਹ ਵੀ ਗੱਲ ਚੱਲ ਰਹੀ ਹੈ ਕਿ ਕਈ ਟਰੱਕ ਤਾਂ ਸਰਕਾਰੀ ਰਿਕਾਰਡ ਅਨੁਸਾਰ ਮੰਜ਼ਿਲ 'ਤੇ ਪਹੁੰਚ ਗਏ, ਪਰ ਵੱਡੀ ਗਿਣਤੀ ਵਿਚ ਚਾਵਲਾਂ ਨਾਲ ਭਰੇ ਟਰੱਕਾਂ ਦਾ ਮਾਲ ਕਿਤੇ ਹੋਰ ਹੀ ਖਪਤ ਕਰ ਦਿੱਤਾ ਗਿਆ। ਇਸੇ ਕਾਰਨ ਵਿਜੀਲੈਂਸ ਟੀਮਾਂ ਵੱਲੋਂ ਟਰਾਂਸਪੋਰਟ ਰਿਕਾਰਡ, ਬਿਲ, ਡਰਾਈਵਰਾਂ ਦੇ ਬਿਆਨ ਅਤੇ ਰੂਟਾਂ ਦੀ ਜਾਂਚ ਕੀਤੀ ਜਾ ਰਹੀ ਹੈ। ਵਿਜੀਲੈਂਸ ਅਧਿਕਾਰੀ ਗੁਰਮੇਲ ਸਿੰਘ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਚਾਵਲਾਂ ਦੀ ਢੁਆਈ ਨਾਲ ਜੁੜੇ ਸਾਰੇ ਤੱਥ ਇਕੱਠੇ ਕਰਕੇ ਰਿਪੋਰਟ ਉੱਚ ਅਧਿਕਾਰੀਆਂ ਨੂੰ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਜਾਂਚ ਦੌਰਾਨ ਕੋਈ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਖ਼ਬਰ ਲਿਖੇ ਜਾਣ ਤੱਕ ਵਿਜੀਲੈਂਸ ਦੀਆਂ ਟੀਮਾਂ ਟਰੱਕ ਯੂਨੀਅਨ ਤਪਾ ਵਿਚ ਮੌਜੂਦ ਰਹੀਆਂ ਅਤੇ ਜਾਂਚ ਪ੍ਰਕਿਰਿਆ ਜਾਰੀ ਸੀ। ਆਉਣ ਵਾਲੇ ਦਿਨਾਂ ਵਿਚ ਇਹ ਮਾਮਲਾ ਕਿੰਨਾ ਵੱਡਾ ਰੂਪ ਧਾਰਦਾ ਹੈ, ਇਹ ਜਾਂਚ ਦੇ ਨਤੀਜਿਆਂ ਤੋਂ ਬਾਅਦ ਹੀ ਸਾਫ਼ ਹੋਵੇਗਾ।

## ਸਰਹੱਦ ਪਾਰੋਂ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

ਫਾਜ਼ਿਲਕਾ 26 ਫਰਵਰੀ। ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਫਾਜ਼ਿਲਕਾ ਵੱਲੋਂ ਖੁਫੀਆ ਸੂਚਨਾ 'ਤੇ ਕਾਰਵਾਈ ਕਰਦਿਆਂ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ 2.102 ਕਿੱਲੋਗ੍ਰਾਮ ਹੈਰੋਇਨ, 7 ਪਿਸਤੌਲ (ਇਕ ਗਲੌਕ 9ਐੱਮ ਐੱਮ.30 ਬੋਰ ਦੇ ਚਾਰ ਪਿਸਤੌਲ, ਅਤੇ 9✡✡ ਦੇ ਦੋ ਪਿਸਤੌਲ) ਸਮੇਤ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਪੁਲਸ ਅਫ਼ਸਰਾਂ ਮੁਤਾਬਕ, ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹੈਰੋਇਨ ਅਤੇ ਹਥਿਆਰਾਂ ਦੀ ਖੇਪ ਪਾਕਿਸਤਾਨ-ਅਧਾਰਤ ਤਸਕਰਾਂ ਤੋਂ ਸੂਬੇ ਵਿਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਪ੍ਰਾਪਤ ਕੀਤੀ ਗਈ ਸੀ। ਪੁਲਸ ਸਟੇਸ਼ਨ , ਫਾਜ਼ਿਲਕਾ ਵਿਖੇ ਐੱਫ.ਆਈ.ਆਰ ਦਰਜ ਕੀਤੀ ਗਈ ਹੈ। ਅਗਲੇ ਅਤੇ ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਕੌਮੀ ਪੱਤ੍ਰਿਕਾ

# ਗੁਰੂ ਰਵਿਦਾਸ ਜੀ ਬਾਰੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ ਸੈਮੀਨਾਰ ਕਰਾਉਣ ਦਾ ਹੋਇਆ ਫ਼ੈਸਲਾ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੀਂ ਸ਼ਤਾਬਦੀ ਮੌਕੇ ਦੇਸ਼ ਦੁਨੀਆ ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਜੀਵਨ ਬਾਰੇ ਵਿਚਾਰ ਚਰਚਾ ਤੇ ਹੋਰ ਕਈ ਤਰ੍ਹਾਂ ਦੇ ਸਮਾਗਮ ਤੇ ਨਗਰ ਕੀਰਤਨ ਕਰਨ ਦਾ ਪ੍ਰੋਗਰਾਮ ਵੱਖ ਵੱਖ ਸੰਸਥਾਵਾਂ ਤੇ ਸੰਗਤਾਂ ਵੱਲੋਂ ਉਲੀਕਿਆ ਜਾ ਰਿਹਾ ਹੈ। ਇਸੇ ਤਹਿਤ ਪੰਜਾਬ ਦੇ ਗੁਰੂ ਰਵਿਦਾਸ ਜੀ ਨੂੰ ਪਿਆਰ ਕਰਨ ਵਾਲਿਆਂ ਨੇ 'ਬਾਣੀ ਵਿਚਾਰ ਚੇਤਨਾ ਮੰਚ ਪੰਜਾਬ' ਦੇ ਬੈਨਰ ਹੇਠ ਪੰਜਾਬ ਭਰ ਵਿਚ ਗੁਰੂ ਰਵਿਦਾਸ ਨਾਲ ਸਬੰਧ ਅਕਾਦਮਿਕ ਤੇ ਅਧਿਆਤਮਿਕਤਾ ਦੇ ਸੁਮੇਲ ਤੇ ਵਿਚਾਰ ਚਰਚਾ ਕਰਨ ਲਈ ਸੈਮੀਨਾਰ ਕਰਾਉਣ ਦਾ ਫ਼ੈਸਲਾ ਕੀਤਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਬਾਣੀ ਵਿਚਾਰ ਚੇਤਨਾ ਮੰਚ ਦੇ ਮੁੱਖ ਸਰਪ੍ਰਸਤ ਬਲਵਿੰਦਰ ਸਿੰਘ ਜਾਤੀਵਾਲ ਸਾਬਕਾ ਜੀ ਐੱਮ ਮਿਲਕਫੈੱਡ ਪੰਜਾਬ ਨੇ ਦੱਸਿਆ ਕਿ ਇਹ ਸੈਮੀਨਾਰ ਪੰਜਾਬ ਭਰ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ ਕਰਾਏ ਜਾਣਗੇ, ਜਿਸ ਤਹਿਤ ਪਹਿਲਾ ਸੈਮੀਨਾਰ ਲੁਧਿਆਣਾ ਵਿਚ 22 ਮਾਰਚ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਦਿਆਰਥੀ ਭਵਨ ਵਿਚ ਕਰਾਇਆ ਜਾ ਰਿਹਾ ਹੈ ਜਦ ਕਿ ਦੂਜਾ ਸੈਮੀਨਾਰ ਜਲੰਧਰ ਵਿਖੇ 5 ਅਪਰੈਲ ਨੂੰ 10 ਤੋਂ 2 ਵਜੇ ਤੱਕ ਡਾ. ਭੀਮ ਰਾਓ ਅੰਬੇਡਕਰ ਭਵਨ ਵਿਖੇ ਕਰਾਇਆ ਜਾਵੇਗਾ। ਇਹ ਸੈਮੀਨਾਰ ਨਿਰੋਲ ਗੁਰੂ ਰਵੀਦਾਸ ਦੀ ਬਾਣੀ ਅਤੇ ਉਨ੍ਹਾਂ ਦੇ ਜੀਵਨ 'ਤੇ ਅਧਾਰਿਤ ਹੋਣਗੇ, ਇਸ ਬਾਰੇ ਇਕ ਮੀ ?ਟਿੰਗ ਪਟਿਆਲਾ ਵਿਖੇ ਹੋਏ, ਜਿਸ ਵਿਚ ਪੰਜਾਬ ਦੇ ਮੁੱਖ ਕੁਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਨੇ ਦੱਸਿਆ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਇਕਾਈਆਂ ਸਥਾਪਤ ਹੋ ਚੁੱਕੀਆਂ ਹਨ, ਹਰ ਇਕ ਸੈਮੀਨਾਰ ਵਿਚ ਵੱਖਰੇ ਵਿਦਵਾਨ ਪਰਚੇ ਪੜ੍ਹਨਗੇ ਜਿਵੇਂ ਪਹਿਲੇ ਸੈਮੀਨਾਰ ਲੁਧਿਆਣਾ ਵਿਚ ਪਰਚਾ ਦਿਲੀ ਯੂਨੀਵਰਸਿਟੀ ਦੇ ਪ੍ਰੋ. ਡਾ. ਕਮਲਜੀਤ ਸਿੰਘ ਅਤੇ ਡਾ. ਗੁਰਮੀਤ ਕੱਲਰਮਾਜਰੀ ਪੜ੍ਹਨਗੇ, ਜਦ ਕਿ ਜਲੰਧਰ ਵਿਚ ਪੇਪਰ ਪ੍ਰੋ. ਰੂਪ ਲਾਲ ਰੂਪ, ਪ੍ਰੋ. ਆਰ ਕੇ ਪੁਆਰ, ਪ੍ਰੋ. ਲਾਲ ਬਹਾਦਰ ਭਾਟੀਆ ਅਤੇ ਡਾ. ਸ਼ੀਤਲ ਸਿੰਘ ਪੜ੍ਹਨਗੇ।

# ਨਗਰ ਨਿਗਮ ਪਟਿਆਲਾ: ਕੌਂਸਲਰਾਂ ਲਈ 'ਈ-ਨਿਗਮ ਪੋਰਟਲ' ਦੀ ਦੋ ਰੋਜ਼ਾ ਟ੍ਰੇਨਿੰਗ ਸਫਲਤਾਪੂਰਵਕ ਸੰਪੰਨ

## ਹੁਣ ਸਾਰਾ ਕੰਮਕਾਜ 'ਈ-ਨਿਗਮ ਪੋਰਟਲ' ਰਾਹੀਂ ਹੀ ਨੇਪਰੇ ਚਾੜ੍ਹਿਆ ਜਾਵੇਗਾ: ਮੇਅਰ, ਕਮਿਸ਼ਨਰ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਦੀ ਅਗਵਾਈ ਹੇਠ ਨਗਰ ਨਿਗਮ ਪਟਿਆਲਾ ਦੇ ਜਨਰਲ ਹਾਊਸ ਦੀਆਂ ਮੀਟਿੰਗਾਂ ਨੂੰ ਪੂਰੀ ਤਰ੍ਹਾਂ ਡਿਜੀਟਲ ਕਰਨ ਦੀ ਲੜੀ ਤਹਿਤ ਅੱਜ ਕੌਂਸਲਰਾਂ ਲਈ ਚੱਲ ਰਹੀ ਦੋ ਰੋਜ਼ਾ ਵਿਸ਼ੇਸ਼ ਸਿਖਲਾਈ ਵਰਕਸ਼ਾਪ ਸਫਲਤਾਪੂਰਵਕ ਮੁਕੰਮਲ ਹੋ ਗਈ ਹੈ। ਅੱਜ ਟ੍ਰੇਨਿੰਗ ਦੇ ਦੂਜੇ ਦਿਨ ਵਾਰਡ ਨੰਬਰ 31 ਤੋਂ 60 ਤੱਕ ਦੇ ਕੌਂਸਲਰਾਂ ਨੇ ਭਾਗ ਲਿਆ ਅਤੇ 'ਈ-ਨਿਗਮ ਪੋਰਟਲ' ਦੀਆਂ ਤਕਨੀਕੀ ਬਾਰੀਕੀਆਂ ਨੂੰ ਸਮਝਿਆ।



ਨਗਰ ਨਿਗਮ ਦੇ ਡਾ. ਅੰਬੇਡਕਰ ਸਾਹਿਬ ਹਾਲ ਵਿਖੇ ਹੋਏ ਅੱਜ ਦੇ ਸੈਸ਼ਨ ਦੌਰਾਨ ਵਾਰਡ ਨੰਬਰ 31 ਤੋਂ 60 ਤੱਕ ਦੇ ਕੌਂਸਲਰਾਂ ਨੂੰ ਸਵੇਰੇ 10:30 ਤੋਂ 11:30 ਵਜੇ ਤੱਕ ਸਿਖਲਾਈ ਦਿੱਤੀ ਗਈ। ਕੌਂਸਲਰਾਂ ਨੇ ਨਿਗਮ ਵੱਲੋਂ ਮੁਹੱਈਆ ਕਰਵਾਏ ਗਏ ਟੈਬਾਂ ਰਾਹੀਂ ਪੋਰਟਲ 'ਤੇ ਲੌਗ-ਇਨ ਕਰਨਾ, ਮੀਟਿੰਗ ਦੇ ਏਜੰਡੇ ਦੇਖਣਾ ਅਤੇ ਡਿਜੀਟਲ ਮਾਧਿਅਮ ਰਾਹੀਂ ਆਪਣੀ ਰਾਏ ਦੇਣ ਦਾ ਅਭਿਆਸ ਕੀਤਾ। ਮੇਅਰ ਕੁੰਦਨ ਗੋਗੀਆ ਤੇ ਕਮਿਸ਼ਨਰ ਪਰਮਜੀਤ ਸਿੰਘ ਨੇ ਸਾਂਝੇ ਤੌਰ ਤੇ ਬਿਆਨ ਦਿੱਤਾ ਕਿ ਹੁਣ ਫਰਵਰੀ 2026 ਤੋਂ ਬਾਅਦ ਹੋਣ ਵਾਲੀਆਂ ਸਾਰੀਆਂ ਮੀਟਿੰਗਾਂ ਕਾਗਜ਼ ਰਹਿਤ ਹੋਣਗੀਆਂ। ਉਨ੍ਹਾਂ ਦੁਹਰਾਇਆ ਕਿ ਡਿਜੀਟਲ ਪ੍ਰਣਾਲੀ ਅਪਣਾਉਣ ਨਾਲ ਨਾ ਸਿਰਫ਼ ਕੰਮਾਂ ਦੀ ਰਫ਼ਤਾਰ ਵਧੇਗੀ, ਸਗੋਂ ਹਰ ਮਤੇ ਦਾ ਰਿਕਾਰਡ ਵੀ ਪਾਰਦਰਸ਼ੀ ਢੰਗ ਨਾਲ ਸੁਰੱਖਿਅਤ ਰਹੇਗਾ। ਉਨ੍ਹਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੁਣ ਸਾਰਾ ਕੰਮਕਾਜ 'ਈ-ਨਿਗਮ ਪੋਰਟਲ' ਰਾਹੀਂ ਹੀ ਨੇਪਰੇ ਚਾੜ੍ਹਿਆ ਜਾਵੇਗਾ।

ਟ੍ਰੇਨਿੰਗ ਦੌਰਾਨ ਨਿਗਮ ਦੀ ਆਈ.ਟੀ. ਟੀਮ ਅਤੇ ਮਤਾ ਸ਼ਾਖਾ ਦੇ ਅਧਿਕਾਰੀਆਂ ਨੇ ਕੌਂਸਲਰਾਂ ਦੀਆਂ ਤਕਨੀਕੀ ਸ਼ੰਕਾਵਾਂ ਨੂੰ ਦੂਰ ਕੀਤਾ। ਕੌਂਸਲਰਾਂ ਨੂੰ ਦੱਸਿਆ ਗਿਆ ਕਿ ਕਿਵੇਂ ਉਹ ਆਪਣੇ ਟੈਬ ਰਾਹੀਂ ਕਿਤੇ ਵੀ ਬੈਠ ਕੇ ਮੀਟਿੰਗ ਨਾਲ ਸਬੰਧਤ ਜਾਣਕਾਰੀ ਹਾਸਲ ਕਰ ਸਕਦੇ ਹਨ। ਇਸ ਦੋ ਰੋਜ਼ਾ ਸੈਸ਼ਨ ਦੇ ਖ਼ਤਮ ਹੋਣ ਨਾਲ ਹੁਣ ਨਗਰ ਨਿਗਮ ਪਟਿਆਲਾ ਦਾ ਜਨਰਲ ਹਾਊਸ ਪੂਰੀ ਤਰ੍ਹਾਂ 'ਹਾਈ-ਟੈਕ' ਹੋ ਗਿਆ ਹੈ ਅਤੇ ਆਉਣ ਵਾਲੀ ਮੀਟਿੰਗ ਪੂਰੀ ਤਰ੍ਹਾਂ ਡਿਜੀਟਲ ਅੰਦਾਜ਼ ਵਿੱਚ ਦੇਖਣ ਨੂੰ ਮਿਲੇਗੀ।

# ਉਤਰਾਂਚਲੀ ਕਲਚਰਲ ਐਂਡ ਵੈਲਫੇਅਰ ਸੋਸਾਇਟੀ ਨੇ ਦੋ ਕੁੜੀਆਂ ਦੀ ਸਾਲਾਨਾ ਫ਼ੀਸ ਵਿਖੇ ਜਮ੍ਹਾਂ ਕਰਵਾਈ



ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਉਤਰਾਂਚਲੀ ਕਲਚਰਲ ਐਂਡ ਵੈਲਫੇਅਰ ਸੋਸਾਇਟੀ (ਰਜਿਸਟਰਡ) ਪਟਿਆਲਾ ਨੇ ਆਪਣੇ ਸਹਿਯੋਗੀ ਮੈਂਬਰਾਂ ਨਾਲ ਮਿਲ ਕੇ, ਦੋ ਕੁੜੀਆਂ ਦੀ ਸਾਲਾਨਾ ਸਕੂਲ ਫੀਸ ਸੋਨੀ ਪਬਲਿਕ ਸਕੂਲ, ਪਟਿਆਲਾ ਵਿਖੇ ਜਮ੍ਹਾਂ ਕਰਵਾਈ ਜੋ ਪਰਿਵਾਰਕ ਹਾਲਾਤਾਂ ਦੇ ਮਾੜੇ ਹੋਣ ਕਾਰਨ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਅਨਪੜ੍ਹ ਸਨ।

ਉਨ੍ਹਾਂ ਨੂੰ ਉਤਰਾਂਚਲੀ ਕਲਚਰਲ ਐਂਡ ਵੈਲਫੇਅਰ ਸੋਸਾਇਟੀ ਦੇ ਯਤਨਾਂ ਰਾਹੀਂ ਸਕੂਲ ਵਿੱਚ ਦਾਖਲਾ ਵੀ ਦਿੱਤਾ ਗਿਆ।

ਇਨ੍ਹਾਂ ਬੱਚਿਆਂ ਦੇ ਦਾਖਲੇ ਦਾ ਪ੍ਰਬੰਧ ਵੀ ਉਤਰਾਂਚਲੀ ਕਲਚਰਲ ਐਂਡ ਵੈਲਫੇਅਰ ਸੋਸਾਇਟੀ (ਰਜਿਸਟਰਡ) ਪਟਿਆਲਾ ਵੱਲੋਂ ਕੀਤਾ ਗਿਆ ਸੀ।

ਇਹ ਸੁਸਾਇਟੀ ਦੇ ਯਤਨਾਂ ਸਦਕਾ ਹੈ ਕਿ ਕੁੜੀਆਂ ਸਕੂਲ ਜਾਣ ਲੱਗੀਆਂ ਹਨ। ਇਸਦਾ ਸਿਹਰਾ ਉਨ੍ਹਾਂ ਸਾਰੇ ਸਹਾਇਕ ਦਾਨੀਆਂ ਨੂੰ ਜਾਂਦਾ ਹੈ ਜੋ ਮਾਸਿਕ ਫੀਸਾਂ ਦੇ ਕੇ ਸੰਸਥਾ ਵਿੱਚ ਯੋਗਦਾਨ ਪਾ ਰਹੇ ਹਨ। ਇਸ ਮੌਕੇ ਸ੍ਰੀ ਭਗਤ ਸਿੰਘ ਭੰਡਾਰੀ, ਰਾਜਿੰਦਰ ਸਿੰਘ ਪੰਵਾਰ, ਜਸਪਾਲ ਸਿੰਘ, ਸਾਗਰ ਤਿਆਗੀ, ਸੰਜੀਵ ਸ਼ਰਮਾ ਨੇ ਸੰਸਥਾ ਉਤਰਾਂਚਲੀ ਕਲਚਰਲ ਐਂਡ ਵੈਲਫੇਅਰ ਸੁਸਾਇਟੀ ਰਜਿ. ਪਟਿਆਲਾ, ਸੋਨ ਪਬਲਿਕ ਸਕੂਲ, ਪਟਿਆਲਾ ਦੀ ਪ੍ਰਿੰਸੀਪਲ ਰਮਨਦੀਪ ਕੌਰ ਨੂੰ ਚੈੱਕ ਭੇਟ ਕੀਤਾ।

# ਮਾਡਲ ਸਕੂਲ ਵਿਖੇ ਯੁੱਧ ਨਸ਼ਿਆਂ ਵਿਰੁੰਧ ਮੁਹਿੰਮ ਅਧੀਨ ਮੁਫ਼ਤ ਮੈਡੀਕਲ ਚੈੱਕਅਪ ਅਤੇ ਜਾਗਰੂਕਤਾ ਕੈਂਪ ਲਗਾਇਆ



ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਸੈਕਡਰੀ ਮਾਡਲ ਸਕੂਲ ਵਿਖੇ ਅੱਜ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਸਿਹਤ ਚੈੱਕਅਪ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ । ਇਹ ਕੈਂਪ ਪੀ.ਐਚ.ਸੀ ਕੌਲੀ ਦੇ ਅਧਿਕਾਰੀ ਅਤੇ ਕਰਮਚਾਰੀਆਂ ਵੱਲੋਂ ਲਗਾਇਆ ਗਿਆ। ਸਕੂਲ ਸਵੇਰ ਦੀ ਸਭਾ ਵਿੱਚ ਪੀ.ਐਚ.ਸੀ ਕੌਲੀ ਵੱਲੋਂ ਬੱਚਿਆ ਅਤੇ ਸਟਾਫ ਨੂੰ ਮੂੰਹ ਦੀ ਸਿਹਤ ਦੀ ਸੰਭਾਲ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਦੇ ਨਾਲ ਨਾਲ ਬਾਕੀ ਬਿਮਾਰੀਆਂ ਅਤੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਕੈਂਪ ਦੌਰਾਨ ਆਈ ਟੀਮ ਜਿਸ ਵਿੱਚ ਡਾ. ਮੇਜਰ ਯੋਗੇਸ਼, ਡਾ.ਅਨੀਸ਼ ਕੌਸਿਕ ਅਤੇ ਡਾ. ਗਗਨਦੀਪ ਕੌਰ ਨੇ ਵਿਦਿਆਰਥੀਆਂ ਅਤੇ ਸਕੂਲ ਸਟਾਫ ਨੂੰ 40 ਬਿਮਾਰੀਆਂ ਲਈ ਜਨਰਲ ਚੈੱਕਅਪ ਕੀਤਾ ਗਿਆ । ਇਸ ਮੁਹੱਤਵਪੂਰਨ ਕੈਂਪ ਲਈ ਇੰਚਾਰਜ ਸਕੂਲ ਸ੍ਰੀ ਸਤਵੀਰ ਸਿੰਘ ਗਿੱਲ ਵੱਲੋਂ ਐਸ.ਐਮ.ਓ ਇੰਚਾਰਜ ਪੀ.ਐਸ.ਸੀ ਕੌਲੀ ਡਾ. ਗੁਰਪ੍ਰੀਤ ਸਿੰਘ ਨਾਗਰਾ ਅਤੇ ਡੀ.ਐਸ.ਐਮ.ਓ ਡਾ. ਅਸ਼ੀਸ਼ ਸ਼ਰਮਾ ਦਾ ਵਿਸੇ ?ਸ਼ ਧੰਨਵਾਦ ਕੀਤਾ ਗਿਆ । ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਐਮ.ਐਮ.ਓ ਡਾ ਰਗੀਨਾ ਮੈਣੀ ਜੀ ਦਾ ਆਪਣੀ ਮੌਜੂਦਗੀ ਦੇਣ ਲਈ ਵੀ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ।

# ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਨਾਲ ਮਾਨਤਾ ਲਈ ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨਾਂ ਤੋਂ ਅਰਜ਼ੀਆਂ ਦੀ ਮੰਗ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਾਈਕਲਿੰਗ ਲਈ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਵੱਲੋਂ ਬਣਾਈ ਐਡ-ਹੌਕ ਕਮੇਟੀ ਨੇ ਪੰਜਾਬ ਭਰ ਦੀਆਂ ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨਾਂ ਤੋਂ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਨਾਲ ਮਾਨਤਾ (ਐਫ਼ਿਲੀਏਸ਼ਨ) ਲਈ ਅਰਜ਼ੀਆਂ ਮੰਗੀਆਂ ਹਨ।

ਇਹ ਪ੍ਰਕਿਰਿਆ ਮਾਨਯੋਗ ਦਿੱਲੀ ਹਾਈ ਕੋਰਟ ਵੱਲੋਂ ਮਾਮਲਾ WP(C) ਨੰਬਰ 19341/2025 ਅਤੇ CM APPL ਨੰਬਰ 80719/2025 ਵਿੱਚ 21 ਜਨਵਰੀ 2026 ਨੂੰ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਵਿੱਚ ਕੀਤੀ ਜਾ ਰਹੀ ਹੈ।

ਇਹ ਜਾਣਕਾਰੀ ਸਾਂਝੀ ਕਰਦਿਆਂ ਸ਼ੈਲੇਂਦਰ ਪਾਠਕ, ਜੋ ਕਿ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਸੰਯੁਕਤ ਸਕੱਤਰ ਵਜੋਂ ਵੀ ਸੇਵਾ ਨਿਭਾ ਰਹੇ ਹਨ, ਨੇ ਦੱਸਿਆ ਕਿ ਰੁਚੀ ਰੱਖਣ ਵਾਲੀਆਂ ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨਾਂ ਆਪਣੀ ਅਰਜ਼ੀ ਨਾਲ ਆਪਣਾ ਰਜਿਸਟ੍ਰੇਸ਼ਨ ਸਰਟੀਫਿਕੇਟ, ਸੰਵਿਧਾਨ/ਮੈਮੋਰੈਂਡਮ ਆਫ ਐਸੋਸੀਏਸ਼ਨ (MOA) ਅਤੇ ਹੋਰ ਸਬੰਧਤ ਸਹਾਇਕ ਦਸਤਾਵੇਜ਼ ਜ਼ਰੂਰ ਲਗਾਉਣ। ਉਨ੍ਹਾਂ ਹੋਰ ਦੱਸਿਆ ਕਿ ਸਾਰੀਆਂ ਅਰਜ਼ੀਆਂ ਈਮੇਲ ਰਾਹੀਂ secretarygeneral@cfiindia.in 'ਤੇ ਭੇਜੀਆਂ ਜਾਣ। ਅਰਜ਼ੀਆਂ ਭੇਜਣ ਦੀ ਆਖਰੀ ਮਿਤੀ 26 ਫਰਵਰੀ 2026 ਨਿਰਧਾਰਤ ਕੀਤੀ ਗਈ ਹੈ। ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਤੋਂ ਬਚਣ ਲਈ ਨਿਰਧਾਰਤ ਸਮੇਂ ਅੰਦਰ ਪੂਰੇ ਦਸਤਾਵੇਜ਼ਾਂ ਸਮੇਤ ਅਰਜ਼ੀਆਂ ਜਮ੍ਹਾਂ ਕਰਵਾਈਆਂ ਜਾਣ।

# ਪਟਿਆਲਾ ਸ਼ਹਿਰ ਵਿੱਚ ਕਰਮਯੋਗੀ ਸੰਤ ਗਾਡਗੇ ਦਾ ਜਨਮ ਦਿਨ ਮਨਾਇਆ




ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਭਲਾਈ ਕੰਮਾਂ ਵਿੱਚ ਮੋਹਰੀ ਪਹਿਲਵਾਨ ਲੋਕ ਭਲਾਈ ਯੂਥ ਕਲੱਬ ਪਟਿਆਲਾ ਵੱਲੋਂ ਅਤੇ ਧੋਬੀ ਸਮਾਜ ਦੇ ਭਾਈਚਾਰੇ ਦੇ ਨਾਲ ਮਹਾਰਾਸ਼ਟਰ ਦੇ ਕਰਮਯੋਗੀ ਸੰਤ ਗਾਡਸੇ ਮਹਾਰਾਜ ਜੀ ਦਾ ਜਨਮ ਦਿਨ ਮੋਦੀ ਪਲਾਜਾ ਪਟਿਆਲਾ ਵਿਖੇ ਕੇਕ ਕੱਟ ਕੇ ਮਨਾਇਆ ਗਿਆ। ਧਾਰਮਿਕ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਸ੍ਰ. ਇੰਦਰ ਮੋਹਨ ਸਿੰਘ ਬਜਾਜ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਪਟਿਆਲਾ ਨੇ ਸਿਰਕਤ ਕੀਤੀ। ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਬਜਾਜ ਨੇ ਕਿਹਾ ਕਿ ਕਰਮਯੋਗੀ ਸੰਤ ਗੰਡਾਸੇ ਨੇ ਵੱਧ ਤੋਂ ਵੱਧ ਬੱਚਿਆ ਨੂੰ ਵਿਦਿਆ ਦਾ ਗਿਆਨ ਦੇਣ ਲਈ ਕੰਮ ਕੀਤਾ ਅਤੇ ਸੰਤਾਂ ਨੇ ਲੋਕਾਂ ਨੂੰ ਸਾਫ ਸਫਾਈ ਲਈ ਵੀ ਹਮੇਸ਼ਾ ਜਾਗ੍ਰਿਤ ਕੀਤਾ।

ਧੋਬੀ ਸਮਾਜ ਦੇ ਪ੍ਰਧਾਨ ਜਗਦੀਸ਼ ਰਜੋਰੀਆ ਪ੍ਰਧਾਨ ਧੋਬੀ ਮਹਾਂ ਸਭਾ, ਨੇ ਕਿਹਾ ਕਿ ਸਮੂਹ ਭਾਈਚਾਰੇ ਨੇ ਸੰਤ ਗਾਡਗੇ ਦੇ ਜਨਮ ਦਿਨ ਤੇ 200 ਤੋਂ ਵੱਧ ਬੱਚਿਆਂ ਨੂੰ ਕੇਕ ਪੇਸਟੀਆਂ ਵੰਡੀਆਂ। ਇਸ ਮੌਕੇ ਹਰਮੇਸ਼ ਭਲਵਾਨ, ਸੁਮੇਸ਼ ਕੁਰੇਸ਼ੀ, ਸੋਨੂੰ ਮਾਜਰੀ, ਦਰਸ਼ਨ ਸਿੰਘ ਪ੍ਰਿੰਸ, ਬੇਦੀ, ਸੂਰਜ, ਭਰਤ, ਨੀਰਜ ਕੁਮਾਰ, ਜ਼ੋਨੀ, ਬੱਲੀ ਆਦਿ ਹਾਜਰ ਸਨ।

# ਕਰਾਫਟ ਮੇਲੇ 'ਚ ਨੌਜਵਾਨ ਵਿਦਿਆਰਥੀਆਂ ਨੂੰ ਹੁਨਰ ਵਿਖਾਉਣ ਦਾ ਸੁਨਹਿਰੀ ਮੌਕਾ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਪੰਜਾਬ ਸਖੀ ਸ਼ਕਤੀ ਕਰਾਫਟ ਮੇਲਾ 2026 ਦੇ ਅਧੀਨ ਸ਼ੀਸ਼ ਮਹਿਲ ਪਟਿਆਲਾ ਵਿਖੇ ਚੱਲ ਰਹੇ ਮੇਲੇ ਦੌਰਾਨ ਰੰਗ-ਬਿਰੰਗੀਆਂ ਸੱਭਿਆਚਾਰਕ ਗਤੀਵਿਧੀਆਂ ਉਤਸ਼ਾਹ ਨਾਲ ਆਯੋਜਿਤ ਕੀਤੀਆਂ ਗਈਆਂ। ਮੇਲੇ ਨੇ ਸ਼ਹਿਰ ਵਾਸੀਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਦਾ ਵਿਲੱਖਣ ਮੌਕਾ ਪ੍ਰਦਾਨ ਕੀਤਾ। ਇਸ ਮੌਕੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਲੋਕ ਗੀਤ,ਮਿਮਿਕਰੀ ਅਤੇ ਪੋਸਟਰ ਤਿਆਰ ਕਰਨ ਦੇ ਮੁਕਾਬਲੇ ਕਰਵਾਏ ਗਏ। ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਸਟੇਜ ਦੀ ਸੰਭਾਲ ਡਾ. ਨਰਿੰਦਰ ਸਿੰਘ ਵੱਲੋਂ ਸੁਚੱਜੇ ਢੰਗ ਨਾਲ ਨਿਭਾਈ ਗਈ। ਇਸ ਮੌਕੇ ਸ੍ਰੀ ਅਸ਼ੋਕ ਕੁਮਾਰ, ਐਸ.ਡੀ.ਐਮ ਪਾਤੜਾਂ, ਮੈਡਮ ਰੂਪਵੰਤ ਕੌਰ (ਬਾਲ ਸੁਰੱਖਿਆ ਅਧਿਕਾਰੀ) ਅਤੇ ਰਣਜੀਤ ਕੌਰ ਵੱਲੋਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਮੇਲੇ ਵਿੱਚ ਕਾਰੀਗਰਾਂ ਵੱਲੋਂ ਲਗਾਈਆਂ ਸਟਾਲਾਂ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਬਣੀਆਂ ਹੋਈਆਂ ਹਨ। ਹੱਥੀ ਕਢਾਈ ਵਾਲੀਆਂ ਵਸਤਾਂ, ਫੁਲਕਾਰੀ ਅਤੇ ਹੋਰ ਰਵਾਇਤੀ ਹਸਤਕਲਾਵਾਂ ਲੋਕਾਂ ਨੂੰ ਬਹੁਤ ਲੁਭਾ ਰਹੀਆਂ ਹਨ। ਖਾਣ-ਪੀਣ ਦੀਆਂ ਸਟਾਲਾਂ 'ਤੇ ਵੀ ਕਾਫ਼ੀ ਭੀੜ ਦੇਖਣ ਨੂੰ ਮਿਲ ਰਹੀ ਹੈ, ਜਿੱਥੇ ਲੋਕ ਵੱਖ-ਵੱਖ ਵਿਅੰਜਨਾਂ ਦਾ ਸੁਆਦ ਮਾਣ ਰਹੇ ਹਨ।

ਮੇਲੇ ਦਾ ਨਜ਼ਾਰਾ ਬਹੁਤ ਹੀ ਸੁਹਾਵਣਾ ਅਤੇ ਮਨਮੋਹਕ ਹੈ। ਪਟਿਆਲਾ ਦੇ ਲੋਕਾਂ ਵਿੱਚ ਮੇਲੇ ਪ੍ਰਤੀ ਖਾਸ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਹ ਮੇਲਾ ਸੱਭਿਆਚਾਰਕ ਵਿਰਾਸਤ ਨੂੰ ਉਭਾਰਨ ਅਤੇ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਪਰੰਪਰਾਵਾਂ ਨਾਲ ਜੋੜਨ ਵੱਲ ਇਕ ਮਹੱਤਵਪੂਰਨ ਕਦਮ ਸਾਬਤ ਹੋ ਰਿਹਾ ਹੈ।ਲੋਕਾਂ ਵੱਲੋਂ ਜਿਲ੍ਹਾ ਪ੍ਰਸ਼ਾਸ਼ਨ ਦੀ ਬਹੁਤ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

# ਪੁਲਿਸ ਨੂੰ ਮਿਲੀ ਵੱਡੀ ਸਫਲਤਾ; 210 ਕਿੱਲੋ ਭੁੱਕੀ ਸਮੇਤ ਇੱਕ ਮੁਲਜ਼ਮ ਕਾਬੂ



ਸਮਾਣਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੁਲਿਸ ਨੇ ਇੱਕ ਬੰਦ ਬਾਡੀ ਗੱਡੀ ਵਿੱਚੋਂ 210 ਕਿੱਲੋਗ੍ਰਾਮ ਭੁੱਕੀ ਬਰਾਮਦ ਕਰਕੇ ਚਾਲਕ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਉਸ ਦੇ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਅਮਨਦੀਪ ਸਿੰਘ ਪੁੱਤਰ ਧਿਆਨ ਸਿੰਘ, ਵਾਸੀ ਪਿੰਡ ਚੁਨਾਗਰਾ, ਥਾਂਣਾ ਪਾਤੜਾਂ ਵਜੋਂ ਹੋਈ ਹੈ। ਪਾਤੜਾਂ ਪੁਲਿਸ ਇੰਚਾਰਜ ਇੰਸਪੈਕਟਰ ਹਰਪ੍ਰੀਤ ਸਿੰਘ ਅਨੁਸਾਰ, ਡੀ.ਐਸ.ਪੀ. ਪਾਤੜਾਂ ਇੰਦਰਪਾਲ ਸਿੰਘ ਚੌਹਾਨ ਦੀ ਅਗਵਾਈ ਹੇਠ ਸਬ-ਇੰਸਪੈਕਟਰ ਨਿਸ਼ਾਨ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਹਮਝੜੀ ਬਾਈਪਾਸ ਪੁਲ ਹੇਠਾਂ ਮੌਜੂਦ ਸਨ। ਉੱਥੇ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਆਨੰਦ ਬਸਤੀ ਪਾਤੜਾਂ ਨੇੜੇ ਹਰਿਆਣਾ ਨੰਬਰ ਦੀ ਇੱਕ ਬੰਦ ਬੋਲੇਰੋ ਗੱਡੀ ਵਿੱਚ ਭੁੱਕੀ ਲੋਡ ਕਰਕੇ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ।

ਪੁਲਿਸ ਪਾਰਟੀ ਨੇ ਰੇਡ ਕਰਕੇ ਗੱਡੀ ਦੀ ਤਲਾਸ਼ੀ ਲਈ, ਜਿਸ ਦੌਰਾਨ 15-15 ਕਿੱਲੋ ਦੇ 14 ਬੈਗ (ਕੁੱਲ 210 ਕਿੱਲੋ ਭੁੱਕੀ) ਬਰਾਮਦ ਹੋਈ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਅਧਿਕਾਰੀ ਅਨੁਸਾਰ ਮੁਲਜ਼ਮ ਦੇ ਪੁਰਾਣੇ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮ ਨੂੰ ਸਮਾਣਾ ਦੀ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।

ਪੁਲਿਸ ਹੁਣ ਇਸ ਗੱਲ ਦੀ ਪੁੱਛਗਿੱਛ ਕਰ ਰਹੀ ਹੈ ਕਿ ਇਹ ਭੁੱਕੀ ਕਿੱਥੋਂ ਲਿਆਂਦੀ ਗਈ ਸੀ ਅਤੇ ਅੱਗੇ ਕਿੱਥੇ ਸਪਲਾਈ ਕੀਤੀ ਜਾਣੀ ਸੀ।

# ਉਸਤਾਦ ਸੁਰਿੰਦਰ ਛਿੰਦਾ ਜੀ ਦੇ ਘਰ 'ਸਲਾਮਾਂ' ਗੀਤ ਦਾ ਪੋਸਟਰ ਹੋਇਆ ਰਿਲੀਜ਼

ਲੁਧਿਆਣਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਦੇ 18 ਸਤਿਗੁਰੂ ਨਗਰ ਵਿਖੇ ਪ੍ਰਸਿੱਧ ਲੋਕ ਗਾਇਕ Surinder Shinda ਜੀ ਦੇ ਗ੍ਰਹਿ ਵਿਖੇ ਇਕ ਸਾਦਗੀ ਭਰੇ ਸਮਾਰੋਹ ਦੌਰਾਨ ਗਾਇਕ ਗੁਰਦਾਸ ਕੈੜਾ ਦੇ ਨਵੇਂ ਗੀਤ 'ਸਲਾਮਾਂ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਹ ਪੋਸਟਰ ਮਾਤਾ ਜੋਗਿੰਦਰ ਕੌਰ ਸ਼ਿੰਦਾ ਵੱਲੋਂ ਜਾਰੀ ਕੀਤਾ ਗਿਆ, ਜਦਕਿ ਬੇਟੇ ਮਨਿੰਦਰ ਸ਼ਿੰਦੇ ਨੇ ਗੀਤ ਦੀ ਕਾਮਯਾਬੀ ਲਈ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ 'ਤੇ ਸ਼ਗਿਰਦ ਰਵਿੰਦਰ ਛਿੰਦਾ ਅਤੇ ਸਰਬ ਸਿੰਘ ਪੰਜਾਬੀ ਵੀ ਮੌਜੂਦ ਰਹੇ ਅਤੇ ਉਨ੍ਹਾਂ ਨੇ ਪੂਰੀ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ।




ਗੀਤ 'ਸਲਾਮਾਂ' ਨੂੰ ਸੋਨਿਕ ਟੋਨ ਵੱਲੋਂ ਪ੍ਰਸਤੁਤ ਕੀਤਾ ਜਾ ਰਿਹਾ ਹੈ। ਇਸ ਗੀਤ ਦੇ ਬੋਲ ਗੀਤਕਾਰ ਜੀਤ ਕਦੋਂ ਵਾਲਾ ਨੇ ਲਿਖੇ ਹਨ, ਜਦਕਿ ਸੰਗੀਤ ਦੀ ਰਚਨਾ ਹੈਰੀ ਨਿੰਦੜਾ ਨੇ ਕੀਤੀ ਹੈ। ਵੀਡੀਓ ਡਾਇਰੈਕਟਰ ਰਾਣਾ ਬਰਾਸ ਹਨ। ਇਸ ਪ੍ਰੋਜੈਕਟ ਲਈ ਜਸਵੰਤ ਗਿੱਲ (ਕਨੇਡਾ) ਅਤੇ ਡਾ. ਐਚ.ਪੀ. ਸਿੰਘ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਹੈ।

ਸਮਾਰੋਹ ਦੌਰਾਨ ਸਭ ਨੇ ਆਸ ਜਤਾਈ ਕਿ ਗੁਰਦਾਸ ਕੈੜਾ ਦਾ ਇਹ ਨਵਾਂ ਗੀਤ 'ਸਲਾਮਾਂ' ਦਰਸ਼ਕਾਂ ਵੱਲੋਂ ਭਰਪੂਰ ਪਿਆਰ ਪ੍ਰਾਪਤ ਕਰੇਗਾ ਅਤੇ ਪੰਜਾਬੀ ਸੰਗੀਤ ਜਗਤ ਵਿੱਚ ਆਪਣੀ ਖਾਸ ਛਾਪ ਛੱਡੇਗਾ।

# ਮਨਰੇਗਾ ਲਿਆਓ-ਮਜ਼ਦੂਰ ਬਚਾਓ ਦੇ ਬੈਨਰ ਹੇਠ ਸਾਬਕਾ ਵਿਧਾਇਕ ਰਾਜਲਾ ਵੱਲੋਂ ਰੋਸ ਮਾਰਚ



ਸਮਾਣਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ ਬੰਦ ਕਰਕੇ ਬਣਾਏ ਗਏ ਨਵੇਂ ਕਾਨੂੰਨ ਦੇ ਵਿਰੋਧ 'ਚ ਕਾਂਗਰਸ ਪਾਰਟੀ ਦੇ ਸੀਨੀ: ਆਗੂ ਅਤੇ ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ ਵੱਲੋ ਆਪਣੇ ਸੈਂਕੜੇ ਵਰਕਰਾਂ ਨਾਲ ਸ਼ਹਿਰ ਵਿਚ 'ਮਨਰੇਗਾ ਲਿਆਓ-ਮਜ਼ਦੂਰ ਬਚਾਓ' ਦੇ ਬੈਨਰ ਹੇਠ ਰੋਸ ਮਾਰਚ ਕੱਢ ਕੇ ਕੇਂਦਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਮਨਰੇਗਾ ਸਕੀਮ ਨੂੰ ਬਹਾਲ ਕਰਨ ਦੀ ਮੰਗ ਕੀਤੀ। ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਬਕਾ

ਵਿਧਾਇਕ ਰਾਜਲਾ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਸਵ: ਡਾ: ਮਨਮੋਹਨ ਸਿੰਘ ਨੇ ਗਰੀਬਾਂ ਦੀ ਸਹੂਲਤ ਲਈ ਮਨਰੇਗਾ ਐਕਟ-2005 ਸਕੀਮ ਨੂੰ ਲਿਆਦਾ ਸੀ ਪਰ ਦੇਸ਼ ਦੀ ਭਾਜਪਾ ਸਰਕਾਰ ਨੇ ਇਸ ਮਨਰੇਗਾ ਸਕੀਮ ਨੂੰ ਬੰਦ ਕਰਕੇ ਨਵਾਂ ਕਾਨੂੰਨ ਬਣਾ ਕੇ ਮਜ਼ਦੂਰਾਂ ਦੇ ਰੋਜਗਾਰ ਨੂੰ ਖਤਰੇ 'ਚ ਪਾ ਦਿੱਤਾ ਹੈ। ਸਾਬਕਾ ਵਿਧਾਇਕ ਰਾਜਲਾ ਨੇ ਭਾਰਤ-ਅਮਰੀਕਾ ਸਮਝੌਤੇ ਦੀ ਨਿੰਦਾ ਕਰਦਿਆਂ ਕਿਹਾ ਕਿ ਇਸ ਨਾਲ ਕਿਸਾਨਾਂ ਤੇ ਵਪਾਰੀਆਂ ਨੂੰ ਵੱਡਾ ਨੁਕਸਾਨ ਹੋਵੇਗਾ, ਸਰਕਾਰ ਇਸ ਨੂੰ ਤੁਰੰਤ ਰੱਦ ਕਰੇ ।

# ਬੇ.ਗਮਪੁਰਾ ਮਿਸ਼ਨ ਵੱਲੋਂ ਦੋ ਸ਼ਖਸੀਅਤਾਂ ਸਾਬਕਾ ਮੁੱਖ ਮੰਤਰੀ ਚੰਨੀ ਅਤੇ ਉੱਘੇ ਲੇਖਕ ਡਾ.ਸਿਰਸਾ ਦਾ ਸਨਮਾਨ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਬੇਗਮਪੁਰਾ ਮਿਸ਼ਨ (ਰਜਿ) ਪੰਜਾਬ ਅਤੇ ਅਦਾਰਾ ਗੁਸਈਆਂ ਪਟਿਆਲਾ ਵੱਲੋਂ ਕੁਲਵੰਤ ਸਿੰਘ ਨਾਰੀਕੇ ਪ੍ਰਧਾਨ ਸ਼੍ਰੀ ਬੇਗਮਪੁਰਾ ਮਿਸ਼ਨ ਅਤੇ ਮੁੱਖ ਸੰਪਾਦਕ ਗੁਸਈਆਂ ਦੀ ਰਹਿਨੁਮਾਈ ਹੇਠ, ਸ਼ੁਸ਼ੀਲ ਪੈਲੇਸ ਪਟਿਆਲਾ ਵਿਖੇ ਸਨਮਾਨ ਅਤੇ ਵਿਸ਼ੇਸ਼ ਭਾਸ਼ਣ ਸਮਾਰੋਹ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਡਾ. ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਦਾ ਸ਼੍ਰੀ ਬੇ.ਗਮਪੁਰਾ ਪੁਰਸਕਾਰ-2026 ਅਤੇ ਉੱਘੇ ਲੇਖਕ ਡਾ.ਸੁਖਦੇਵ ਸਿੰਘ ਸਿਰਸਾ ਦਾ ਗੁਸਈਆਂ ਪੁਰਸਕਾਰ-2026 ਨਾਲ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਵਿਸ਼ੇਸ਼ ਭਾਸ਼ਣ ਦਾ ਵਿਸ਼ਾ ਸੀ, 'ਦੁਨੀਆ ਵਿੱਚ ਹਿੰਦੁਸਤਾਨ ਦੀ ਥਾਂ, ਹਿੰਦੁਸਤਾਨ ਵਿੱਚ ਮਨੁੱਖ ਦੀ ਥਾਂ। ਸਨਮਾਨ ਮਿਲਣ ਉਪਰੰਤ ਡਾ ਚਰਨਜੀਤ ਸਿੰਘ ਚੰਨੀ ਨੇ ਦੋਵਾਂ ਸੰਸਥਾਵਾਂ ਦੀ ਭਰਵੀਂ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਨਮਾਨ ਮਿਲਣ ਉਪਰੰਤ ਮੇਰੀ ਡਿਊਟੀ ਹੋਰ ਵੱਧ ਗਈ ਹੈ ਕਿ ਮੈਂ ਸਮਾਜ ਵਿੱਚ ਬਰਾਬਰਤਾ ਲਿਆਉਣ ਦੀ ਕੋਸ਼ਿਸ਼ ਕਰਾਂਗਾ ਅਤੇ ਲੋਕਾਈ ਦੇ ਕੰਮ ਬਿਨਾਂ ਕਿਸੇ ਭੇਦਭਾਵ ਦੇ ਕਰਾਂਗਾ।ਡਾ. ਸੁਖਦੇਵ ਸਿੰਘ ਸਿਰਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਗੁਰੂ ਰਵਿਦਾਸ ਜੀ ਦੇ ਬੇਗਮਪੁਰਾ ਦੇ ਸੰਕਲਪ ਨੂੰ ਅੱਗੇ ਵਧਾਉਣਾ ਚਾਹੀਦਾ ਹੈ।ਡਾ. ਨਰਿੰਦਰ ਸਿੰਘ ਸੰਧੂ ਨੇ ਡਾ. ਚਰਨਜੀਤ ਸਿੰਘ ਬਾਰੇ ਬੋਲਦਿਆਂ ਉਨ੍ਹਾਂ ਨੂੰ ਗਰੀਬਾਂ ਦਾ ਮਸੀਹਾ ਕਿਹਾ।



ਡਾ. ਸਰਬਜੀਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਕਿਹਾ ਕਿ ਡਾ. ਸੁਖਦੇਵ ਸਿੰਘ ਸਿਰਸਾ ਪੰਜਾਬੀ ਸਾਹਿਤ ਜਗਤ ਦਾ ਸੰਜੀਦਾ ਤੇ ਸੰਵੇਦਨਾ ਭਰਪੂਰ ਚਿੰਤਕ, ਵਿਦਵਾਨ ਅਤੇ ਲੇਖਕ ਹੈ।

ਸਕਾਲਰ ਅਤੇ ਰਾਜਨੀਤਕ ਚਿੰਤਕ ਡਾ. ਰਵੀ ਸਿਨਹਾ ਦਿੱਲੀ ਨੇ ਮੁੱਖ ਬੁਲਾਰੇ ਤੇ ਤੌਰ ਤੇ ਆਪਣੇ ਵਿਸ਼ੇਸ਼ ਭਾਸ਼ਣ ਵਿੱਚ ਕਿਹਾ ਜਦੋਂ ਤੱਕ ਹਿੰਦੁਸਤਾਨ ਵਿੱਚ ਇਨਸਾਨ ਨੂੰ ਬਣਦੀ ਇੱਜ਼ਤ ਨਹੀਂ ਮਿਲਦੀ ਉਦੋਂ ਤੱਕ ਹਿੰਦੁਸਤਾਨ ਦਾ ਦੁਨੀਆ ਵਿੱਚ ਵਿਸ਼ੇਸ਼ ਸਥਾਨ ਨਹੀਂ ਬਣ ਸਕਦਾ। ਵਿਸ਼ੇਸ਼ ਮਹਿਮਾਨ ਸ਼੍ਰੀ ਸੰਦੀਪ ਦੀਕਸ਼ਿਤ ਦਿੱਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਕਦੇ ਸੰਪਰਦਾਇਕ ਨਹੀਂ ਹੋਇਆ। ਬਾਕੀ ਦੇਸ਼ ਨੂੰ ਵੀ ਇਹ ਚੀਜ਼ ਪੰਜਾਬ ਤੋਂ ਸਿੱਖਣੀ ਚਾਹੀਦੀ ਹੈ। ਮੁੱਖ ਮਹਿਮਾਨ ਦੇ ਤੌਰ ਤੇ ਬੋਲਦਿਆਂ ਡਾ. ਧਰਮਵੀਰ ਗਾਂਧੀ ਨੇ ਕਿਹਾ ਜਦੋਂ ਤੱਕ ਦੇਸ਼ ਵਿੱਚ ਜ਼ੁਲਮ ਦਾ ਖਾਤਮਾ ਨਹੀਂ ਹੁੰਦਾ,ਜਦੋਂ ਤੱਕ ਨਾਬਰਾਬਰੀ ਖ਼ਤਮ ਨਹੀਂ ਹੁੰਦੀ;ਉਦੋਂ ਤੱਕ ਦੁਨੀਆ ਵਿੱਚ ਹਿੰਦੁਸਤਾਨ ਦੀ ਥਾਂ ਨਹੀਂ ਬਣ ਸਕਦੀ।

ਕੁਲਵੰਤ ਸਿੰਘ ਨਾਰੀਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੀ ਬੇਗਮਪੁਰਾ ਮਿਸ਼ਨ ਸਮਾਜ ਵਿੱਚ ਆਰਥਿਕ, ਸਮਾਜਿਕ ਅਤੇ ਵਿਦਿਅਕ ਬਰਾਬਰਤਾ ਲਿਆਉਣ ਲਈ ਯਤਨਸ਼ੀਲ ਹੈ।ਅਤੇ ਉਨ੍ਹਾਂ ਆਈਆਂ ਸਖਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।ਸਮਾਗਮ ਵਿੱਚ ਕੁਝ ਚੋਣਵੇਂ ਸ਼ਾਇਰਾਂ ਨੇ ਖ਼ੂਬਸੂਰਤ ਰਚਨਾਵਾਂ ਪੇਸ਼ ਕੀਤੀਆਂ।ਮੰਚ ਸੰਚਾਲਨ ਡਾ. ਨਰਿੰਦਰ ਸਿੰਘ ਸੰਧੂ ਅਤੇ ਮਿਸ਼ਨ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲ਼ਵੀ ਨੇ ਸਾਂਝੇ ਤੌਰ 'ਤੇ ਕੀਤਾ।ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਦਰਬਾਰਾ ਸਿੰਘ ਹਲਕਾ ਇੰਚਾਰਜ ਪਾਤੜਾਂ, ਨਰੇਸ਼ ਦੁੱਗਲ, ਗੋਪਾਲ ਸਿੰਗਲਾ, ਗੁਰਸ਼ਰਨ ਕੌਰ ਰੰਧਾਵਾ, ਮੇਜਰ ਸਿੰਘ ਰਾਜਗੜ੍ਹ, ਰਸ਼ਪਾਲ ਸਿੰਘ ਜੌੜੇਮਾਜਰਾ, ਜਸਵੰਤ ਸਿੰਘ ਨਿੱਜੀ ਸਹਾਇਕ ਸ਼੍ਰੀ ਧਰਮਵੀਰ ਗਾਂਧੀ, ਹਰਵਿੰਦਰ ਸਿੰਘ ਖਨੌੜਾ, ਅਵਤਾਰ ਸਿੰਘ ਨਨਹੇੜਾ, ਕੇਵਲ ਕ੍ਰਿਸ਼ਨ ਸਿੰਗਲਾ, ਮਨਦੀਪ ਸਿੰਘ ਦੰਦਰਾਲਾ ਖਰੌੜ, ਅਨਿਲ ਬਾਂਸਲ, ਪ੍ਰਸ਼ਾਂਤ ਮਿਸਰਾ, ਕੇ ਕੇ ਸਹਿਗਲ, ਸ਼ੇਰ ਸਿੰਘ ਘੁੱਲੜ, ਜੱਸੀ ਰਿਣਵਾ, ਸੰਦੀਪ ਸਿੰਗਲਾ, ਅਮਰਜੀਤ ਘੱਗਾ, ਕੁਲਵਿੰਦਰ ਸਿੰਘ ਸੁਖੇਵਾਲ ,ਡਾ. ਮਹੇਸ਼ ਗੁਪਤਾ, ਗੁਰਸੇਵਕ ਸਿੰਘ ਭੰਗੂ ਆਦਿ ਦਾ ਵੀ ਸਨਮਾਨ ਕੀਤਾ ਗਿਆ।

# ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੀ ਜੰਗਲਾਤ ਕਮੇਟੀ ਦੀ ਮੀਟਿੰਗ ਵਣ ਮੰਡਲ ਅਫਸਰ ਜੰਗਲੀ ਜੀਵ ਪਟਿਆਲਾ ਨਾਲ ਮੀਟਿੰਗ ਆਯੋਜਿਤ



ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ 1680 ਦੀ ਜੰਗਲਾਤ ਕਮੇਟੀ ਦੀ ਮੀਟਿੰਗ ਵਣ ਮੰਡਲ ਅਫਸਰ ਜੰਗਲੀ ਜੀਵ ਪਟਿਆਲਾ ਨਾਲ ਹੋਈ। ਜਿਸ ਵਿੱਚ ਡੀ.ਐਫ.ਓ. ਅਮਨਦੀਪ ਕੌਰ ਘੁੰਮਣ ਸੁਪਰਡੈਂਟ ਚਰਨਜੀਤ ਕੌਰ ਰੇਂਜ ਅਫਸਰ, ਚਰਨਜੀਤ ਸਿੰਘ ਰੇਂਜ ਅਫਸਰ, ਲਖਵੀਰ ਸਿੰਘ ਸਮਾਣਾ ਰੇਂਜ ਅਫਸਰ ਸ਼ਾਮਲ ਸਨ। ਡੀ.ਐਫ.ਓ. ਵੱਲੋਂ ਮੰਗਾਂ ਤੇ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਮੀਟਿੰਗ ਸੁਖਾਵੇ ਮਾਹੌਲ ਵਿੱਚ ਹੋਈ ਅਤੇ ਕਾਫੀ ਮੰਗਾਂ ਤੇ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਮੰਗਾਂ ਜਲਦ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ।

ਮੀਟਿੰਗ ਵਿੱਚ ਕੁਲਵਿੰਦਰ ਸਿੰਘ ਮੁੱਖ ਸਲਾਹਕਾਰ, ਤਰਲੋਚਨ ਗਿਰ ਜਿਲਾ ਪ੍ਰਧਾਨ ਜੰਗਲਾਤ, ਬਲਵਿੰਦਰ ਸਿੰਘ ਜਨਰਲ ਸਕੱਤਰ ਨਾਭਾ, ਸੋਮ ਦੱਤ ਪ੍ਰਧਾਨ ਜੰਗਲੀ ਜੀਵ, ਲਛਮਣ ਸਿੰਘ, ਵਿਕਰਮਜੀਤ ਸਿੰਘ, ਰਾਣਾ ਗਿਰ ਖੇੜਾ, ਧਰਮਪਾਲ ਸਿੰਘ, ਪਰਵਿੰਦਰ ਸਿੰਘ, ਬਲਦੇਵ ਸਿੰਘ ਆਦਿ ਆਗੂ ਸ਼ਾਮਲ ਸਨ।

# ਰਾਗ ਨਾਦ ਸਬਦਿ ਸੋਹਣੇ

ਇਕਵਾਕ ਸਿੰਘ ਪੱਟੀ

**ਸ**ਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਾਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ, **'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥'** ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਨੌਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਸੋਰਠਿ' ਬਾਰੇ...

## ਰਾਗ ਸੋਰਠਿ

**ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥**
**ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ॥**

ਭਾਵ, ਸੋਰਠਿ ਰਾਗਨੀ ਸਦਾ ਸੋਹਣੀ ਲੱਗਦੀ ਹੈ, ਜੇ ਇਸ ਦੇ ਰਾਹੀਂ ਪਰਮਾਤਮਾ ਦੇ ਗੁਣ ਗਾਉਂਦਿਆਂ ਸਦਾ ਥਿਰ ਪ੍ਰਭੂ ਮਨ ਵਿਚ ਵੱਸ ਆਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀ ਰਾਗ ਤਰਤੀਬ ਵਿਚ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਰਾਗ ਸੋਰਠਿ ਨੂੰ ਨੌਵੇਂ ਮੁੱਖ ਰਾਗ ਵਜੋਂ ਮਾਨਤਾ ਦਿੱਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗ ਪੰਨਾ ਨੰਬਰ 595 ਤੋਂ ਲੈ ਕੇ 659 ਤਕ ਸੁਸ਼ੋਭਿਤ ਹੈ। ਇਸ ਰਾਗ ਵਿਚ ਗੁਰੂ ਸਾਹਿਬਾਨ ਦੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਹੈ। ਭਗਤ ਸਾਹਿਬਾਨ ਵੱਲੋਂ ਉਚਾਰਣ ਕੀਤੀ ਗਈ ਬਾਣੀ ਵਿੱਚੋਂ ਭਗਤ ਕਬੀਰ ਜੀ, ਭਗਤ ਭੀਖਣ ਜੀ, ਨਾਮਦੇਵ ਜੀ, ਰਵਿਦਾਸ ਜੀ ਦੀ ਬਾਣੀ ਦਰਜ ਹੈ।

ਇਤਿਹਾਸਕ ਤੇ ਸੰਗੀਤਕ ਪੱਖ ਤੋਂ ਵਾਚੀਏ ਤਾਂ ਇਹ ਇਕ ਪ੍ਰਾਚੀਨ ਰਾਗ ਹੈ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਇਹ ਕਮਾਚਥਾਟ ਦਾ ਔੜਵ ਸੰਪੂਰਣ ਰਾਗ ਹੈ, ਭਾਵ ਆਰੋਹ ਵਿਚ ਪੰਜ ਸੁਰ ਅਤੇ ਅਵਰੋਹੀ ਵਿਚ ਸੱਤ ਸਵਰ ਲੱਗਦੇ ਹਨ। ਇਸ ਵਿਚ ਗੰਧਾਰ ਦੁਰਬਲ ਹੈ, ਰਿਸ਼ਭ ਵਾਦੀ ਅਤੇ ਧੈਵਤ ਸੰਵਾਦੀ ਹੈ। ਆਰੋਹ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ। ਨਿਸ਼ਾਧ ਸ਼ੁੱਧ ਅਤੇ ਕੋਮਲ ਦੋਵੇਂ ਲਗਾਏ ਜਾਂਦੇ ਹਨ। ਆਰੋਹ ਵਿਚ ਨਿਸ਼ਾਧ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਹੈ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ। •

98150-24920





# ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ

ਰੂਪ ਸਿੰਘ (ਡਾ.)

**ਸੰ**ਸਾਰ ਦੇ ਵੱਖ-ਵੱਖ ਦੇਸ਼ਾਂ ਦੇ ਆਪਣੀ ਹਸਤੀ ਤੇ ਸੁਤੰਤਰਤਾ ਨੂੰ ਪ੍ਰਗਟ ਕਰਨ ਲਈ ਝੰਡੇ-ਨਿਸ਼ਾਨ ਹੁੰਦੇ ਹਨ, ਜਿਨ੍ਹਾਂ ਨੂੰ ਅਦਬ ਨਾਲ ਝੁਲਾਇਆ ਜਾਂਦਾ ਹੈ, ਸਮੇਂ-ਸਮੇਂ ਸਲਾਮੀ ਦਿੱਤੀ ਜਾਂਦੀ ਹੈ। ਇਨ੍ਹਾਂ ਸਰਕਾਰੀ ਝੰਡਿਆਂ ਦੇ ਝੂਲਣ ਦੀ ਸਮਾਂ-ਹੱਦ ਨਿਸ਼ਚਿਤ ਹੁੰਦੀ ਹੈ, ਭਾਵ ਇਨ੍ਹਾਂ 'ਤੇ ਝੂਲਣ ਦੇ ਸਮੇਂ ਤੇ ਸਥਾਨ ਦਾ ਪ੍ਰਭਾਵ ਹੁੰਦਾ ਹੈ। ਸਰਕਾਰੀ ਝੰਡੇ ਆਪਣੀ ਸੀਮਾ 'ਚ ਝੁਲਾਏ ਜਾ ਸਕਦੇ ਹਨ ਤੇ ਆਮ ਤੌਰ 'ਤੇ ਸ਼ਾਮ ਵੇਲੇ ਇਨ੍ਹਾਂ ਨੂੰ ਉਤਾਰ ਲਿਆ ਜਾਂਦਾ ਹੈ। ਕਿਸੇ ਦੇਸ਼ ਦੇ ਪ੍ਰਮੁੱਖ ਨੇਤਾ ਦੇ ਅਕਾਲ ਚਲਾਣੇ, ਕੁਦਰਤੀ ਕਰੋਪੀ ਜਾਂ ਵੱਡੀ ਘਟਨਾ 'ਤੇ ਇਹ ਝੰਡੇ ਝੁਕਾ ਦਿੱਤੇ ਜਾਂਦੇ ਹਨ ਪਰ ਸਿੱਖ ਕੌਮ ਦਾ ਕੇਸਰੀ ਪਰਚਮ ਹਰਖ-ਸੋਗ ਤੋਂ ਨਿਆਰਾ ਹੈ। ਇਹ ਕਿਸੇ ਵੀ ਹਾਲਤ 'ਚ, ਭਾਵੇਂ ਕਿਤਨੀ ਵੀ ਦੁਖਦਾਈ ਘਟਨਾ ਵਾਪਰ ਜਾਵੇ, ਚਾਹੇ ਘੱਲੂਘਾਰੇ ਵਾਪਰਨ, ਕੌਮੀ ਸ਼ਾਨ-ਮਾਣ ਦੇ ਪ੍ਰਤੀਕ ਨਿਸ਼ਾਨ ਸਾਹਿਬ ਪਾਤਸ਼ਾਹੀ ਝੰਡੇ ਝੁਕਾਏ ਨਹੀਂ ਜਾਂਦੇ। ਪੰਥਕ ਨਿਸ਼ਾਨ ਸਾਹਿਬ ਸਮੇਂ-ਸਥਾਨ ਦੀਆਂ ਹੱਦਾਂ ਤੋਂ ਸੁਤੰਤਰ ਹੈ। ਸਿੱਖ ਧਰਮ 'ਚ ਝੰਡੇ ਤੋਂ ਭਾਵ 'ਨਿਸ਼ਾਨ ਸਾਹਿਬ' ਤੋਂ ਹੈ। ਇਸ ਲੇਖ 'ਚ ਅਸੀਂ ਨਿਸ਼ਾਨ ਸਾਹਿਬ ਦੇ ਸੰਕਲਪ, ਸਿਧਾਂਤ, ਸਰੂਪ ਤੇ ਇਤਿਹਾਸਕ ਪੱਖ ਬਾਰੇ ਸਮਝਣ ਦਾ ਯਤਨ ਕਰ ਰਹੇ ਹਾਂ।

'ਨਿਸ਼ਾਨ' ਸ਼ਬਦ ਫ਼ਾਰਸੀ ਭਾਸ਼ਾ ਦਾ ਹੈ, ਜਿਸ ਦਾ ਅਰਥ ਹੈ ਝੰਡਾ, ਧਵੱਜ, ਧੁਜਾ ਹੈ ਅਤੇ 'ਸਾਹਿਬ' ਸ਼ਬਦ ਸਤਿਕਾਰ-ਵਾਚਕ ਹੈ। ਗੁਰਦੁਆਰਾ ਸਾਹਿਬਾਨ 'ਤੇ ਝੂਲਦੇ ਕੇਸਰੀ ਪਰਚਮ ਸੁਤੰਤਰ ਸਿੱਖ ਹੋਂਦ ਦੇ ਪ੍ਰਤੀਕ ਹਨ। ਗੁਰੂ ਸਰਬ-ਸਮਰੱਥ ਤੇ ਸਭ ਦਾ ਸਾਂਝਾ ਹੈ। ਇਸ ਲਈ ਗੁਰੂ-ਘਰ ਜਾਂ ਗੁਰਦੁਆਰੇ ਵੀ ਸਭ ਦੇ ਸਾਂਝੇ ਹਨ, ਸਰਬੱਤ ਦੇ ਭਲੇ ਵਾਸਤੇ ਹਨ, ਜਿਨ੍ਹਾਂ 'ਤੇ ਸਮੇਂ-ਸਥਾਨ ਦਾ ਪ੍ਰਭਾਵ ਨਹੀਂ ਪੈਂਦਾ। ਇਸ ਲਈ ਗੁਰਦੁਆਰਾ ਸਾਹਿਬਾਨ ਵਿਖੇ ਲੱਗਾ ਨਿਸ਼ਾਨ ਸਾਹਿਬ ਦਿਨ-ਰਾਤ ਝੂਲਦਾ ਰਹਿੰਦਾ ਹੈ। ਨਿਸ਼ਾਨ ਸਾਹਿਬ ਗੁਰਦੁਆਰਾ ਸਾਹਿਬ ਦੀ ਪਛਾਣ ਤੇ ਸ਼ਾਨ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰੇ 'ਚ ਨਿਸ਼ਾਨ ਸਾਹਿਬ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਤੇ ਇਸ ਦੇ ਸਿਰੇ ਉੱਤੇ ਸਰਬਲੋਹ ਦਾ ਖੰਡਾ ਹੋਵੇ। ਗੁਰਦੁਆਰਾ ਸਾਹਿਬਾਨ ਦੀ ਨਿਸ਼ਾਨਦੇਹੀ ਵਜੋਂ ਹਰ ਸਮੇਂ ਝੂਲਦਾ ਕੇਸਰੀ ਪਰਚਮ ਕੇਵਲ ਕੁਝ ਮੀਟਰ ਦਾ ਕੱਪੜਾ ਹੀ ਨਹੀਂ, ਇਹ ਹਰ ਸਮੇਂ-ਪੁਕਾਰ-ਪੁਕਾਰ ਕੇ ਇਹ ਕਹਿ ਰਿਹਾ ਹੁੰਦਾ ਹੈ : **'ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥'**

ਜਾਤ-ਪਾਤ, ਧਰਮ, ਨਸਲ, ਖਿੱਤੇ, ਭਾਸ਼ਾ, ਪਹਿਰਾਵੇ ਆਦਿ ਦੀਆਂ ਪਾਬੰਦੀਆਂ ਤੋਂ ਉੱਪਰ ਉੱਠ ਕੇ ਕੇਸਰੀ ਪਰਚਮ ਬੁਲੰਦ ਆਵਾਜ਼ 'ਚ ਨਿਰੰਤਰ ਇਹ ਪੁਕਾਰ ਲਗਾਉਂਦਾ ਹੈ ਕਿ ਆਓ! ਜੇ ਤੁਸੀਂ ਭੁੱਖੇ-ਪਿਆਸੇ ਹੋ ਤਾਂ ਇਥੇ ਤੁਹਾਡੀ ਭੁੱਖ-ਪਿਆਸ ਦੂਰ ਹੋਵੇਗੀ, ਬਿਮਾਰ ਹੋ ਤਾਂ ਇਥੇ ਤੁਹਾਡੇ ਵਾਸਤੇ ਦਵਾ-ਦਾਰੂ ਦਾ ਪ੍ਰਬੰਧ ਹੈ, ਥੱਕ ਚੁੱਕੇ ਰਾਹੀ ਹੋ ਤਾਂ ਇਥੇ ਗੁਰੂ ਦੀ ਗੋਦ 'ਚ ਆਰਾਮ ਫਰਮਾ ਸਕਦੇ ਹੋ, ਜੇ ਮਜ਼ਲੂਮ, ਲਤਾੜੇ, ਨਿਮਾਣੇ ਹੋ ਤਾਂ ਇਥੇ ਰੂਹਾਨੀ ਸ਼ਕਤੀ ਦਾ ਲੋਹਮਈ ਦੁਰਗ (ਕਿਲ੍ਹਾ) ਮਿਲੇਗਾ, ਜੇ ਅਧਿਆਤਮਕ ਤ੍ਰਿਪਤੀ ਚਾਹੁੰਦੇ ਹੋ ਤਾਂ ਤੁਹਾਨੂੰ ਬ੍ਰਹਿਮੰਡੀ ਆਤਮਿਕ ਖ਼ੁਰਾਕ ਦੀ ਪ੍ਰਾਪਤੀ ਹੋਵੇਗੀ, ਭਾਵ ਨਿਸ਼ਾਨ ਸਾਹਿਬ ਜਿਸ ਜਗ੍ਹਾ ਵੀ ਝੂੱਲ ਰਿਹਾ ਹੈ, ਉਹ ਅਜਿਹੀ ਪ੍ਰਭੂਸੱਤਾ ਸੰਪੰਨ ਖ਼ੁਦਮੁਖ਼ਤਾਰ ਸੰਸਥਾ ਹੈ, ਜਿੱਥੇ ਜਗਿਆਸੂ ਦੀ ਸੰਸਾਰਿਕ ਤੇ ਅਧਿਆਤਮਿਕ ਤ੍ਰਿਪਤੀ ਹੁੰਦੀ ਹੈ। ਇਹ ਉੱਚੇ ਸਥਾਨ 'ਤੇ ਇਸ ਲਈ ਝੁਲਾਇਆ ਜਾਂਦਾ ਹੈ ਤਾਂ ਕਿ ਇਸ ਦੀ ਇਤਿਹਾਸਿਕ, ਧਾਰਮਿਕ, ਸਮਾਜਿਕ ਪਵਿੱਤਰਤਾ ਬਰਕਰਾਰ ਰਹੇ ਤੇ ਲੋੜਵੰਦ ਨੂੰ ਇਹ ਦੂਰੋਂ ਦਿਖਾਈ ਦੇ ਸਕੇ।

ਨਿਸ਼ਾਨ ਸਾਹਿਬ ਵਾਸਤੇ ਗੁਰਮਤਿ ਸਾਹਿਤ ਵਿਚ ਸ਼ਬਦ 'ਨਿਸ਼ਾਨ', 'ਨੀਸਾਣ', 'ਝੰਡਾ', 'ਧਵੱਜ', 'ਧੁਜਾ', 'ਕੇਤ' ਆਦਿ ਮਿਲਦੇ ਹਨ। ਇਸ ਨੂੰ 'ਅਕਾਲੀ ਧੁਜਾ' ਵੀ ਕਿਹਾ ਜਾਂਦਾ ਹੈ। ਨਿਸ਼ਾਨ ਸਾਹਿਬ ਦਾ ਬਾਂਸ, ਬੱਲੀ, ਲੋਹੇ, ਤਾਂਬੇ ਸੁਨਹਿਰੀ ਪੱਤਰਿਆਂ ਵਾਲਾ ਪਾਈਪ ਮਜ਼ਬੂਤੀ ਦਾ ਪ੍ਰਤੀਕ ਹੈ, ਜੋ ਸਮੇਂ ਦੀਆਂ ਹਨੇਰੀਆਂ ਤੇ ਝੱਖੜਾਂ ਦਾ ਡਟ ਕੇ ਮੁਕਾਬਲਾ ਕਰ ਸਕੇ। ਨਿਸ਼ਾਨ ਸਾਹਿਬ ਦੇ ਥੜ੍ਹੇ ਦੀ ਮਜ਼ਬੂਤੀ ਸਿੱਖ ਕੌਮ ਦੇ ਇਰਾਦੇ ਦੀ ਮਜ਼ਬੂਤੀ ਦੀ ਪ੍ਰਤੀਕ ਹੈ। ਨਿਸ਼ਾਨ ਸਾਹਿਬ ਕੌਮੀ ਸ਼ਕਤੀ ਨੂੰ ਰੂਪਮਾਨ ਕਰਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਿਸ਼ਾਨ ਝੂਲਣ ਬਾਰੇ ਇਸ ਦਾ ਅਰੰਭਕ ਨਾਂ 'ਅਕਾਲ ਧੁਜਾ' ਜਾਂ 'ਸਤਿਗੁਰੂ ਦਾ ਨਿਸ਼ਾਨ' ਸੀ। ਜਿਸ ਬੁੰਗੇ ਦੇ ਨਜ਼ਦੀਕ ਇਹ ਨਿਸ਼ਾਨ ਸਾਹਿਬ ਸੁਸ਼ੋਭਿਤ ਕੀਤਾ ਗਿਆ, ਉਸ ਜਗ੍ਹਾ ਦਾ ਨਾਂ 'ਝੰਡਾ ਬੁੰਗਾ' ਪ੍ਰਚਲਿਤ ਹੋ ਗਿਆ। ਨਿਸ਼ਾਨ ਸਾਹਿਬ ਦੀ ਇਤਿਹਾਸਿਕਤਾ, ਮਹਾਨਤਾ ਦਾ ਅੰਦਾਜ਼ਾ ਅਰਦਾਸ ਦੇ ਇਨ੍ਹਾਂ ਸ਼ਬਦਾਂ ਤੋਂ ਲੱਗ ਜਾਂਦਾ ਹੈ ਜੋ ਹਰ ਗੁਰਸਿੱਖ ਸਵੇਰੇ-ਸ਼ਾਮ ਉਚਾਰਨ ਕਰਦਾ ਹੈ :

**'ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ।'**

ਨਿਸ਼ਾਨ ਸਾਹਿਬ ਦੇ ਪੁਸ਼ਾਕੇ ਨੂੰ ਬਦਲਣ ਸਮੇਂ ਪੁਸ਼ਾਕੇ ਦੀ ਸੇਵਾ ਲਈ ਵਾਰੀ ਦੀ ਉਡੀਕ ਬਾਰੇ ਜੋ ਉਤਸੁਕਤਾ ਗੁਰਸਿੱਖਾਂ ਅੰਦਰ ਰਹਿੰਦੀ ਹੈ, ਉਸ ਤੋਂ ਵੀ ਨਿਸ਼ਾਨ ਸਾਹਿਬ ਦੀ ਧਾਰਮਿਕ ਤੇ ਇਤਿਹਾਸਿਕ ਮਹੱਤਤਾ ਦਾ ਪਤਾ ਚੱਲਦਾ ਹੈ। ਨਿਸ਼ਾਨ ਸਾਹਿਬ ਦੀ ਲੰਬਾਈ ਜਾਂ ਉਚਾਈ ਨਿਸ਼ਚਿਤ ਨਹੀਂ ਹੈ ਪਰ ਇਹ ਦੂਰੋਂ ਦਿਖਾਈ ਦੇਣਾ ਚਾਹੀਦਾ ਹੈ ਤਾਂ ਜੋ ਜਗਿਆਸੂ ਲੋੜਵੰਦਾਂ ਨੂੰ ਇਸ ਤੀਕ ਪਹੁੰਚਣ ਦੀ ਸੇਧ ਮਿਲ ਸਕੇ। ਮੀਰੀ-ਪੀਰੀ ਦੇ ਨਿਸ਼ਾਨ ਸਾਹਿਬ ਦੀ ਲੰਬਾਈ ਲਗਪਗ 101 ਫੁੱਟ ਹੈ। ਬਸੰਤੀ ਜਾਂ ਸੁਰਮਈ ਰੰਗ ਪਿੱਛੇ ਵੀ ਇਹੋ ਕਾਰਨ ਹੋਵੇ ਕਿ ਇਹ ਦੂਰ ਤੋਂ ਦਿਖਾਈ ਦੇ ਸਕਦਾ ਹੈ। ਨਿਸ਼ਾਨ ਸਾਹਿਬ 'ਤੇ ਖੰਡੇ ਦਾ ਚਿੰਨ੍ਹ ਹੁੰਦਾ ਹੈ। ਖੰਡਾ ਇਕ ਸ਼ਸਤਰ ਹੈ, ਜੋ ਸ਼ਕਤੀ ਦਾ ਪ੍ਰਤੀਕ ਹੈ, ਖੰਡੇ ਦਾ ਨਿਸ਼ਾਨ ਸਾਹਿਬ ਦੇ ਸਿਰੇ 'ਤੇ ਹੋਣਾ ਇਸ ਦੇ ਰੂਹਾਨੀ ਤੇਜ਼ ਤੇ ਸਤਿਕਾਰ ਦਾ ਸੂਚਕ ਹੈ। ਮੀਰੀ-ਪੀਰੀ ਦੀਆਂ ਕਿਰਪਾਨਾਂ ਰਾਜ ਯੋਗ ਦੇ ਪ੍ਰਤੀਕ ਵਜੋਂ ਨਿਸ਼ਾਨ ਸਾਹਿਬ 'ਤੇ ਅੰਕਿਤ ਕੀਤੀਆਂ ਗਈਆਂ, ਚੁਫੇਰੇ ਬ੍ਰਹਿਮੰਡੀ ਵਿਚਾਰਧਾਰਾ ਦਾ ਚੱਕਰ ਤੇ ਦਰਮਿਆਨ ਅਕਾਲੀ ਸ਼ਕਤੀ ਦਾ ਪ੍ਰਤੀਕ ਖੰਡਾ ਲਗਾਇਆ ਗਿਆ ਹੈ। ਖੰਡਾ ਅਕਾਲ ਪੁਰਖ ਦੀ ਸ਼ਕਤੀ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਵਿਚ ਇਸ ਨੂੰ ਦ੍ਰਿੜ੍ਹ ਕਰਨ ਲਈ ਸਪਸ਼ਟ ਕੀਤਾ ਹੈ :

**ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੰਸਾਰ ਉਪਾਇਆ॥**

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬ ਝੂਲਦੇ ਆਏ ਹਨ। ਜੇ ਅਸੀਂ ਗੁਰਬਾਣੀ ਦੀ ਰੋਸ਼ਨੀ ਵਿਚ ਨਿਸ਼ਾਨ ਸਾਹਿਬ ਦੇ ਇਤਿਹਾਸ ਨੂੰ ਦੇਖੀਏ ਤਾਂ ਬਹੁਤ ਸਾਰੇ ਹਵਾਲੇ ਮਿਲਦੇ ਹਨ ਕਿ ਮੀਰੀ ਦੇ ਨਿਸ਼ਾਨ ਸਾਹਿਬ ਤੋਂ ਪਹਿਲਾਂ ਹੀ ਪੀਰੀ ਦਾ ਨਿਸ਼ਾਨ ਸਾਹਿਬ ਝੂੱਲਦਾ ਸੀ। ਭੱਟ ਕਲਸਹਾਰ ਦੇ ਹਵਾਲੇ ਨਾਲ ਅਸੀਂ ਕਹਿ ਸਕਦੇ ਹਾਂ ਕਿ ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਸਿੱਖੀ ਦਾ ਪਰਚਮ ਝੂਲਦਾ ਸੀ :

**ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ॥**

ਇਹ ਧੁਜਾ (ਨਿਸ਼ਾਨ ਸਾਹਿਬ) ਜੋ ਗੁਰੂ ਨਾਨਕ ਸਾਹਿਬ ਨੇ ਰਾਜ ਚਲਾਇਆ, ਉਸ ਦਾ ਪ੍ਰਤੀਕ ਸੀ :

**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥**

ਗੁਰੂ ਰਾਮਦਾਸ ਜੀ ਤੇ ਸ਼ਹੀਦਾਂ ਦੇ ਸਿਰਤਾਜ ਬਾਣੀ ਦੇ ਬੋਹਿਥ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਵੀ ਧਰਮ ਧੁਜਾ ਝੂੱਲਦਾ ਰਿਹਾ ਹੈ :

**ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ॥**

ਭੱਟ ਸਾਹਿਬਾਨ ਦੀ ਪਾਵਨ ਬਾਣੀ ਅਨੁਸਾਰ ਸਿੱਖ ਧਰਮ ਦਾ ਝੰਡਾ ਪਾਪ ਨਾਸ਼ਕ ਤੇ ਪਵਿੱਤਰ ਹੈ, ਜਿਸ ਦਾ ਸਫ਼ੈਦ ਰੰਗ ਇਸ ਦੀ ਨਿਰਮਲਤਾ ਤੇ ਸਪਸ਼ਟਤਾ ਦਾ ਪ੍ਰਤੀਕ ਹੈ :

**ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ**
**ਅਘ ਪੁੰਜ ਤਰੰਗ ਨਿਵਾਰਨ ਕਉ॥**

ਭਾਈ ਨੰਦ ਲਾਲ ਜੀ 'ਜੋਤਿ ਬਿਗਾਸ' ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਝੰਡੇ ਨੂੰ ਸਭ ਤੋਂ ਉੱਚਾ ਦੱਸਦੇ ਹਨ :

**ਹਮਾ ਖ਼ਾਸਗਾਂ ਰਾ ਬਪਾਇਸ਼ ਫ਼ਰਗੰਦ॥**
**ਮੁਜ਼ੱਫ਼ਰ ਲਵਾ ਆਮਦਾ ਦੇਵ ਬੰਦ॥**

ਭਾਵ, ਸਾਰੇ ਪੀਰ, ਪੈਗ਼ੰਬਰ, ਨਬੀ ਤੇ ਅਉਲੀਏ ਆਦਿ ਉਨ੍ਹਾਂ (ਗੁਰੂ ਨਾਨਕ ਸਾਹਿਬ) ਦੇ ਚਰਨੀਂ ਪਏ ਤੇ ਸਮੇਂ ਦੀਆਂ ਸਾਰੀਆਂ ਬੁਰਾਈਆਂ ਨੂੰ ਦੂਰ ਕਰ ਕੇ ਗੁਰੂ ਨਾਨਕ ਸਾਹਿਬ ਜੀ ਦਾ ਵਿਜਈ ਝੰਡਾ ਹੀ ਜਗਤ ਵਿਚ ਸਭ ਤੋਂ ਉੱਚਾ ਹੋਇਆ ਹੈ। ਇਸੇ ਧਰਮ ਧੁਜਾ ਬਾਰੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਹਾਂਵਾਕ ਹੈ :

**ਜਹ ਤਹ ਧਰਮ ਧੁਜਾ ਫਹਰਾਈ॥**
**ਚੋਰ ਜਾਰ ਨਹ ਦੇਤ ਦਿਖਾਈ॥**

ਜਿੱਥੇ ਧਰਮ ਦਾ ਨਿਸ਼ਾਨ ਸਾਹਿਬ ਝੂਲਦਾ ਹੈ, ਉੱਥੇ ਚੋਰਾਂ ਨਹੀਂ, ਧਰਮੀ ਪੁਰਖਾਂ ਦਾ ਹੀ ਵਾਸ ਹੋਵੇਗਾ।



ਨਿਸ਼ਾਨ ਜਾਂ ਝੰਡੇ ਵੱਖ-ਵੱਖ ਦੇਸ਼ਾਂ ਦੀ ਸੁਤੰਤਰ ਹੋਂਦ, ਕੌਮਾਂ, ਰਾਜਸੀ ਪਾਰਟੀਆਂ ਦੇ ਪਛਾਣ ਚਿੰਨ੍ਹ, ਧਰਮ ਦੀ ਅਲੱਗ ਹੋਂਦ ਤੇ ਪਛਾਣ ਦੇ ਚਿੰਨ੍ਹ ਹੁੰਦੇ ਹਨ। ਵੱਖ-ਵੱਖ ਦੇਸ਼ਾਂ, ਰਾਜਾਂ, ਕੌਮਾਂ, ਧਰਮਾਂ, ਰਿਆਸਤਾਂ ਦੀ ਪਛਾਣ ਉਨ੍ਹਾਂ ਦੇ ਝੰਡਿਆਂ ਦੇ ਨਿਸ਼ਾਨ ਤੋਂ ਹੁੰਦੀ ਹੈ। ਭਾਰਤੀ ਪਰੰਪਰਾ ਅਨੁਸਾਰ ਵਿਸ਼ਨੂੰ ਜੀ ਦੇ ਝੰਡੇ ਉੱਤੇ ਗਰੁੜ ਦਾ ਨਿਸ਼ਾਨ, ਸ਼ਿਵ ਜੀ ਦੇ ਝੰਡੇ 'ਤੇ ਤ੍ਰਿਸ਼ੂਲ ਦਾ ਨਿਸ਼ਾਨ ਹੈ, ਉਨ੍ਹਾਂ ਦੀ ਚਿਹਨਕ ਵਿਆਖਿਆ ਕਰਦੇ ਹਨ। ਗ਼ੁਲਾਮੀ ਸਮੇਂ ਭਾਰਤ 'ਤੇ ਅੰਗਰੇਜ਼ ਸਾਮਰਾਜ ਦਾ ਝੰਡਾ ਯੂਨੀਅਨ ਜੈਕ ਝੂਲਦਾ ਸੀ। ਦੇਸ਼ ਦੀ ਵੰਡ ਹੋਣ 'ਤੇ ਭਾਰਤ 'ਚ ਤਿਰੰਗਾ ਤੇ ਪਾਕਿਸਤਾਨ 'ਤੇ ਚੰਨ-ਤਾਰੇ ਵਾਲਾ ਝੰਡਾ ਝੂਲਣਾ ਸ਼ੁਰੂ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਦਸਮ ਗ੍ਰੰਥ ਵਿਚ ਅਕਾਲ ਪੁਰਖ ਦੀ ਦਰਗਾਹ 'ਚ ਵੀ ਨਿਸ਼ਾਨ ਝੂਲਦਾ ਫੁਰਮਾਉਂਦੇ ਹਨ :

**ਸ੍ਰੀ ਅਸਿ ਕੇਤ ਜਗਤ ਕੇ ਈਸਾ॥**

ਭਾਵ, ਅਕਾਲ ਪੁਰਖ ਦੇ ਝੰਡੇ ਉੱਪਰ ਕਿਰਪਾਨ-ਤਲਵਾਰ ਦੀ ਨਿਸ਼ਾਨੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਤੇ ਸੈਨਿਕ ਦਲਾਂ ਦੇ ਅੱਗੇ ਨਿਸ਼ਾਨ ਲੈ ਕੇ ਚੱਲਣ ਦੀ ਪਰੰਪਰਾ ਹੈ। ਕੌਮੀ ਸਮਾਗਮਾਂ, ਰਾਸ਼ਟਰੀ ਤੇ ਅੰਤਰਰਾਸ਼ਟਰੀ ਸਿਖਲਾਈ ਕੈਂਪਾਂ ਸਮੇਂ ਨਿਸ਼ਾਨ ਸਾਹਿਬ ਨੂੰ ਸਲਾਮੀ ਦਿੱਤੀ ਜਾਂਦੀ ਹੈ। ਨਿਸ਼ਾਨ ਸਾਹਿਬ ਸੁਤੰਤਰ ਹੋਂਦ ਦਾ ਪ੍ਰਤੀਕ ਹੈ, ਇਹੀ ਕਾਰਨ ਹੈ ਕਿ ਜਹਾਂਗੀਰ ਨੂੰ ਧਰਮ ਧੁਜਾ ਗੁਰੂ ਅਰਜਨ ਦੇਵ ਜੀ ਪ੍ਰਵਾਨ ਨਹੀਂ ਸਨ। ਉਸ ਨੇ 'ਯਾਸਾ ਕਾਨੂੰਨ' ਤਹਿਤ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਮੀਰੀ-ਪੀਰੀ ਦੀਆਂ ਕਿਰਪਾਨਾਂ ਧਾਰਨ ਕੀਤੀਆਂ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰ ਕੇ ਇਸ ਰੂਹਾਨੀ ਸੰਸਥਾ ਨੂੰ ਸਤਿਕਾਰ ਬਖ਼ਸ਼ਿਸ਼ ਕੀਤਾ। ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇ: ਗਿਆਨੀ ਕਿਰਪਾਲ ਸਿੰਘ ਅਨੁਸਾਰ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਇਮਾਰਤ ਤਿਆਰ ਹੋਈ ਤਦ ਤੋਂ ਇਸ 'ਤੇ ਬਾਂਸ ਦਾ ਝੰਡਾ ਖੜ੍ਹਾ ਕੀਤਾ ਗਿਆ। ਹਰਿਮੰਦਰ ਸਾਹਿਬ ਦੇ ਸਨਮੁਖ ਝੂਲਦੇ ਨਿਸ਼ਾਨ ਸਾਹਿਬ ਬਾਰੇ ਇਤਿਹਾਸਿਕ ਹਵਾਲੇ ਮਿਲਦੇ ਹਨ ਕਿ ਪਹਿਲਾਂ ਇਹ ਬਾਂਸ ਦੇ ਸਨ, ਫਿਰ ਸੰਮਤ 1840 (1783 ਈਸਵੀ) 'ਚ ਮਹੰਤ ਪ੍ਰੀਤਮ ਦਾਸ ਤੇ ਮਹੰਤ ਸੰਤੋਖ ਦਾਸ ਨੇ ਦੇਹਰਾਦੂਨ ਤੋਂ ਦਰੱਖ਼ਤ ਦੀ ਲੰਬੀ ਪੋਰੀ (ਵਲ੍ਹਾ) ਝੰਡੇ ਵਾਸਤੇ ਬੜੇ ਤਰੱਦਦ ਨਾਲ ਲੈ ਕੇ ਆਏ ਤੇ ਨਿਸ਼ਾਨ ਸਾਹਿਬ ਝੁਲਾਇਆ। ਸੰਮਤ 1877 (1820 ਈਸਵੀ) 'ਚ ਸਰਦਾਰ ਦੇਸਾ ਸਿੰਘ ਮਜੀਠੀਏ ਨੇ ਲੋਹੇ ਦਾ ਨਿਸ਼ਾਨ ਸਾਹਿਬ ਬਣਵਾ ਕੇ ਤਾਂਬੇ 'ਤੇ ਸੁਨਹਿਰੀ ਵਰਕ ਚੜ੍ਹਵਾ ਦਿੱਤੇ। ਸੰਮਤ 1897 (1840 ਈਸਵੀ) 'ਚ ਆਏ ਤੂਫ਼ਾਨ ਕਾਰਨ ਇਸ ਨਿਸ਼ਾਨ ਸਾਹਿਬ ਨੂੰ ਨੁਕਸਾਨ ਪਹੁੰਚਿਆ ਤਾਂ ਮਹਾਰਾਜਾ ਸ਼ੇਰ ਸਿੰਘ ਨੇ ਪਹਿਲੇ ਨਿਸ਼ਾਨ ਸਾਹਿਬ ਦੀ ਮੁਰੰਮਤ ਕਰਵਾਈ ਤੇ ਦੂਸਰਾ ਨਿਸ਼ਾਨ ਸਾਹਿਬ ਵੀ ਚੜ੍ਹਾ ਦਿੱਤਾ। 1962 ਵਿਚ ਦੋਵੇਂ ਨਿਸ਼ਾਨ ਸਾਹਿਬ ਖਸਤਾ ਹੋਣ ਕਾਰਨ ਨਵੇਂ ਨਿਸ਼ਾਨ ਸਾਹਿਬ ਝੁਲਾਏ ਗਏ।

ਮੁਗ਼ਲ ਹਕੂਮਤ ਸਮੇਂ ਗ਼ੈਰ-ਮੁਸਲਮਾਨਾਂ ਨੂੰ ਧਾਰਮਿਕ, ਸਮਾਜਿਕ, ਰਾਜਸੀ ਤੇ ਆਰਥਿਕ ਰੂਪ 'ਚ ਦਬਾਅ ਕੇ ਰੱਖਿਆ ਜਾਂਦਾ ਸੀ। ਘੋੜੇ ਦੀ ਸਵਾਰੀ, ਮੰਦਰਾਂ 'ਚ ਟੱਲ ਖੜਕਾਉਣ, ਧਰਮ ਨਾਲ ਸਬੰਧ, ਨਿਸ਼ਾਨ ਝੰਡਾ ਝੁਲਾਉਣ, ਦਸਤਾਰ ਸਜਾਉਣ ਤੇ ਦਾੜ੍ਹੀ-ਕੇਸ ਰੱਖਣ 'ਤੇ ਪਾਬੰਦੀ ਸੀ। ਭਾਰਤ ਬਹੁਗਿਣਤੀ ਨੇ ਇਨ੍ਹਾਂ ਪਾਬੰਦੀਆਂ ਨੂੰ ਸਵੀਕਾਰ ਕਰ ਲਿਆ। ਮੁਗ਼ਲ ਹਕੂਮਤ ਦੇ ਸਾਹਮਣੇ ਸਮਰਪਣ ਕਰ ਦਿੱਤਾ। ਜਿਸ ਸਮੇਂ ਦੂਸਰੇ ਧਰਮਾਂ ਦੇ ਮੰਨਣ ਵਾਲਿਆਂ ਨੂੰ ਧਰਮ ਦੀ ਗੱਲ ਕਰਨ ਦੀ ਮਨਾਹੀ ਹੋਵੇ, ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰਨਾ ਹਕੂਮਤ ਨੂੰ ਸਿੱਧੀ ਵੰਗਾਰ ਸੀ, ਬਗ਼ਾਵਤ ਸੀ, ਰਾਜ ਵਿਚ ਰਾਜ ਦੀ ਸਥਾਪਤੀ ਸੀ। ਨਿਸ਼ਾਨ ਸਾਹਿਬ 'ਤੇ ਸ਼ੋਭਨੀਕ ਖੰਡਾ, ਬਸੰਤੀ ਸੁਰਮਈ ਰੰਗ, ਫਰਹੇ 'ਤੇ ਦੋ ਕਿਰਪਾਨਾਂ, ਖੰਡੇ ਤੇ ਚੱਕਰ ਸਮੇਤ ਝੂਲਦੇ ਨਿਸ਼ਾਨ ਸਾਹਿਬ ਵੇਖ ਕੇ ਸ਼ਰਧਾਲੂ ਆਸਥਾ ਨਾਲ ਸਿਰ ਝੁਕਾਉਂਦਾ ਹੈ ਤੇ ਦੁਸ਼ਮਣ ਸਮਝ ਜਾਂਦਾ ਹੈ ਕਿ ਜਿਸ ਕੌਮ ਦਾ ਇਹ ਝੰਡਾ ਹੈ ਉਹ ਸ਼ਸਤਰਧਾਰੀ ਅਕਾਲ ਨੂੰ ਪੂਜਣ ਵਾਲੀ ਹੈ।

ਸਰਬਲੋਹ ਦਾ ਖੰਡਾ ਅਕਾਲੀ ਸ਼ਕਤੀ ਦਾ ਪ੍ਰਤੀਕ ਹੈ। ਇਹੀ ਕਾਰਨ ਹੈ ਨਿਸ਼ਾਨ ਸਾਹਿਬ ਨੂੰ ਅਕਾਲੀ ਧੁਜਾ ਵੀ ਆਖਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦੇ ਯੁੱਧ ਉਪਰੰਤ ਸ਼ਹੀਦ ਸਿੰਘਾਂ ਦੀ ਯਾਦ 'ਚ ਨਿਸ਼ਾਨ ਸਾਹਿਬ ਝੁਲਾਇਆ। ਗੁਰੂ ਸਾਹਿਬ ਨੇ ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਜ਼ੁਲਮ ਦੀ ਨੀਂਹ ਪੁੱਟਣ ਦਾ ਸੰਦੇਸ਼ ਦਿੱਤਾ ਤਾਂ ਉਸ ਨੂੰ ਪੰਜ ਸਿੰਘਾਂ ਦੀ ਅਗਵਾਈ, ਪੰਜ ਤੀਰ ਤੇ ਨਿਸ਼ਾਨ ਸਾਹਿਬ ਵੀ ਬਖ਼ਸ਼ਿਸ਼ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਹਿ ਕਰਨ ਉਪਰੰਤ ਫ਼ਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਨਿਸ਼ਾਨ ਸਾਹਿਬ ਝੁਲਾਇਆ। ਬਾਬਾ ਬੰਦਾ ਸਿੰਘ ਬਹਾਦਰ ਤੇ ਸਾਥੀ ਸਿੰਘਾਂ ਨੇ ਇਸ ਕੌਮੀ ਨਿਸ਼ਾਨ ਨੂੰ ਝੂਲਦਾ ਰੱਖਣ ਲਈ ਬੇਹੱਦ ਤਸ਼ੱਦਦ ਸਹਾਰੇ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸ਼ਕਤੀ ਨੂੰ ਸੰਗਠਿਤ ਕਰ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ 'ਤੇ 50 ਸਾਲ ਕੇਸਰੀ ਪਰਚਮ ਝੁਲਾਇਆ। ਸ. ਹਰੀ ਸਿੰਘ ਨਲਵਾ ਦੁਆਰਾ ਜਮਰੌਦ ਦੀ ਮੁਹਿੰਮ ਸਮੇਂ ਕਹੇ ਗਏ ਸ਼ਬਦ ਸਪਸ਼ਟ ਕਰਦੇ ਹਨ ਕਿ ਝੂਲਦੇ ਹੋਏ ਨਿਸ਼ਾਨ ਅਣਖੀ ਕੌਮਾਂ ਦੀ ਚੜ੍ਹਦੀ ਕਲ੍ਹਾ ਦੇ ਪ੍ਰਤੀਕ ਹੁੰਦੇ ਹਨ :

**ਰਹੇ ਸਿੱਖੀ ਝੰਡਾ ਝੂਲਦਾ ਉੱਚਾ ਅਸਮਾਨੀ,**
**ਇਹ ਝੰਡਾ ਗੈਰਾਂ ਸਾਮ੍ਹਣੇ ਨਹੀਂ ਕਦੇ ਝੁਕਾਉਣਾ।**

ਖ਼ਾਲਸਾ-ਪੰਥ ਨੇ ਹਮੇਸ਼ਾ ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਤਰ ਹੋ ਕੇ ਪੰਥਕ ਏਕਤਾ ਦਾ ਸਬੂਤ ਦਿੱਤਾ ਤੇ ਕੌਮ ਦੇ ਵੱਡੇ ਟੀਚੇ ਸਰ ਕੀਤੇ। ਵਿਧਾਤਾ ਸਿੰਘ ਤੀਰ ਦੇ ਸ਼ਬਦਾਂ 'ਚ ਇਸ ਝੰਡੇ ਹੇਠ ਹੀ ਖ਼ਾਲਸਾ ਪੰਥ ਦਾ ਵਿਕਾਸ ਹੋਇਆ ਹੈ :

**ਇਸ ਝੰਡੇ ਹੇਠਾਂ ਖ਼ਾਲਸਾ ਫਲਿਆ ਤੇ ਫੁੱਲਿਆ।**
**ਇਸ ਝੰਡੇ ਹੇਠਾਂ ਖ਼ਾਲਸਾ ਤੇਗਾਂ 'ਤੇ ਤੁੱਲਿਆ।**
**ਇਸ ਝੰਡੇ ਹੇਠਾਂ ਖ਼ਾਲਸਾ ਰਾਹ ਕਦੇ ਨਾ ਭੁੱਲਿਆ।**
**ਇਸ ਝੰਡੇ ਹੇਠਾਂ ਪੰਥ ਦਾ ਰਲ ਕੇ ਲਹੂ ਡੁੱਲ੍ਹਿਆ।**

ਗੁਰੂ ਤੇਗ ਬਹਾਦਰ ਸਾਹਿਬ ਜਦ ਕਿਸੇ ਸਿੱਖ ਨੂੰ ਮੁਖੀ ਪ੍ਰਚਾਰਕ ਸੇਵਾਦਾਰ ਥਾਪਦੇ ਤਾਂ ਉਸ ਨੂੰ ਹੋਰ ਨਿਸ਼ਾਨੀਆਂ ਤੋਂ ਇਲਾਵਾ ਨਿਸ਼ਾਨ ਸਾਹਿਬ ਦੀ ਬਖ਼ਸ਼ਿਸ਼ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਫੇਰੂ ਮਸੰਦ ਦੀ ਪ੍ਰੇਮ ਭਾਵਨਾ ਦੇਖ ਕੇ ਉਸ ਨੂੰ ਦਸਤਾਰ, ਨਗਾਰਾ ਤੇ ਨਿਸ਼ਾਨ ਸਾਹਿਬ ਬਖ਼ਸ਼ਿਸ਼ ਕੀਤੇ। ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ ਧਰਮ ਧੁਜਾ ਕਹਿ ਇਕ ਅਕਾਲੀ ਰੂਪ ਪ੍ਰਗਟ ਕੀਤਾ, ਭਾਵ ਸਿੱਖ ਕੇਵਲ ਅਕਾਲ ਪੁਰਖ ਦਾ ਪੁਜਾਰੀ ਹੈ।

ਗੁਰਸਿੱਖਾਂ 'ਚ ਰਵਾਇਤ ਹੈ ਕਿ ਗੁਰੂ-ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨਾਂ ਉਪਰੰਤ ਨਿਸ਼ਾਨ ਸਾਹਿਬ ਨੂੰ ਸੀਸ ਝੁਕਾਅ ਕੇ ਸਤਿਕਾਰ ਦਿੱਤਾ ਜਾਂਦਾ ਹੈ। ਜੰਗਾਂ-ਯੁੱਧਾਂ ਸਮੇਂ ਨਿਸ਼ਾਨ ਸਾਹਿਬ ਸਿੱਖੀ ਦਾ ਪ੍ਰਤੀਕ ਬਣ ਪ੍ਰਗਟ ਹੋਇਆ। ਨਿਹੰਗ ਸਿੰਘ ਆਪਣੀਆਂ ਦਸਤਾਰਾਂ ਉੱਪਰ ਖੰਡੇ ਤੇ ਫਰਹੇ ਲਾਉਂਦੇ ਹਨ। ਇਹ ਉਨ੍ਹਾਂ ਦੀ ਆਜ਼ਾਦ ਹੋਂਦ, ਸੁਤੰਤਰ ਸੋਚ ਦਾ ਪ੍ਰਤੀਕ ਹੈ। ਮਿਸਲਾਂ ਵੇਲੇ ਇਕ ਮਿਸਲ ਦਾ ਨਾਂ ਨਿਸ਼ਾਨਾਂ ਵਾਲੀਆ (ਨਿਸ਼ਾਨਚੀ ਵਾਲੀ) ਮਿਸਲ ਸੀ, ਉਸ ਦੇ ਸਰਦਾਰ ਯੁੱਧ ਸਮੇਂ ਝੰਡਾ-ਬਰਦਾਰ ਹੁੰਦੇ ਸਨ। ਉਹ ਹਰ ਸਮੇਂ ਨਿਸ਼ਾਨ ਸਾਹਿਬ ਨੂੰ ਮੋਢੇ 'ਤੇ ਚੁੱਕ ਕੇ ਚੱਲਦੇ ਸਨ। ਅੱਜ ਵੀ ਕੋਈ ਨਗਰ ਕੀਰਤਨ ਨਿਸ਼ਾਨ ਸਾਹਿਬ ਤੋਂ ਬਿਨਾਂ ਨਹੀਂ ਚੱਲ ਸਕਦਾ। ਚੌਂਕੀਆਂ ਦੀ ਅਗਵਾਈ ਵੀ ਨਿਸ਼ਾਨ ਸਾਹਿਬ ਵਾਲਾ ਸਿੰਘ ਹੀ ਕਰਦਾ ਹੈ। ਨਿਸ਼ਾਨ ਸਾਹਿਬ ਨੂੰ ਸੀਸ ਝੁਕਾਣ ਪਿੱਛੇ ਅਮੀਰ ਪਰੰਪਰਾ, ਲਾਸਾਨੀ ਸਿਧਾਂਤ ਤੇ ਮਰਯਾਦਾ ਹੈ। ਨਿਸ਼ਾਨ ਸਾਹਿਬ ਆਜ਼ਾਦ ਸਿੱਖ ਹੋਂਦ ਤੇ ਵਿਲੱਖਣ ਕੌਮੀ ਪਛਾਣ ਦਾ ਪ੍ਰਤੀਕ ਹੈ, ਜਿਸ ਨੂੰ ਸਿਰ ਝੁਕਾਉਣਾ ਪੰਥਕ ਸੋਚ ਨੂੰ ਸਿਰ ਝੁਕਾਉਣਾ ਹੈ।

ਡਾ. ਜਸਵੰਤ ਸਿੰਘ ਨੇਕੀ ਅਨੁਸਾਰ ਅਨੰਦਪੁਰ ਸਾਹਿਬ ਦੀ ਦੂਸਰੀ ਲੜਾਈ ਸਮੇਂ ਭਾਈ ਆਲਮ ਸਿੰਘ ਝੰਡਾ-ਬਰਦਾਰ ਸਨ। ਉਹ ਬਹੁਤ ਅੱਗੇ ਲੰਘ ਗਏ ਤੇ ਜ਼ਾਲਮ ਦੇ ਘੇਰੇ 'ਚ ਆ ਗਏ। ਮੁਗ਼ਲ ਫ਼ੌਜਦਾਰਾਂ ਨੇ ਉਨ੍ਹਾਂ ਨੂੰ ਆਖਿਆ, 'ਇਹ ਝੰਡਾ ਸੁੱਟ ਦੇ।' ਭਾਈ ਸਾਹਿਬ ਦਾ ਜਵਾਬ ਸੀ, 'ਇਹ ਝੰਡਾ ਮੇਰੀ ਇੱਜ਼ਤ ਹੈ, ਮੈਂ ਇਸ ਨੂੰ ਨਹੀਂ ਸੁੱਟ ਸਕਦਾ।' ਫ਼ੌਜਦਾਰ ਕੜਕ ਕੇ ਬੋਲਿਆ, 'ਤੇਰੇ ਹੱਥ ਵੱਢ ਦਿੱਤੇ ਜਾਣਗੇ।' ਭਾਈ ਸਾਹਿਬ ਨੇ ਕਿਹਾ, 'ਹੱਥ ਕੱਟੇ ਗਏ ਤਾਂ ਮੈਂ ਇਹ ਝੰਡਾ ਪੈਰਾਂ ਨਾਲ ਫੜ ਲਵਾਂਗਾ।', ਫ਼ੌਜਦਾਰ ਨੇ ਫਿਰ ਕਿਹਾ, 'ਤੇਰੇ ਪੈਰ ਵੀ ਕੱਟ ਦਿੱਤੇ ਜਾਣਗੇ।' ਅੱਗੋਂ ਭਾਈ ਜੀ ਦਾ ਜਵਾਬ ਸੀ, 'ਫਿਰ ਮੈਂ ਇਸ ਝੰਡੇ ਨੂੰ ਦੰਦਾਂ ਨਾਲ ਪਕੜ ਲਵਾਂਗਾ। ਇਹ ਮੇਰੇ ਗੁਰੂ ਦਾ ਝੰਡਾ ਹੈ, ਮੈਂ ਡਿੱਗਣ ਨਹੀਂ ਦਿਆਂਗਾ।' ਫ਼ੌਜਦਾਰ ਨੇ ਚਿਤਾਵਨੀ ਦਿੱਤੀ ਕਿ 'ਤੇਰਾ ਸਿਰ ਉਡਾ ਦਿੱਤਾ ਜਾਵੇਗਾ।' ਭਾਈ ਸਾਹਿਬ ਡੋਲੇ ਨਹੀਂ ਤੇ ਆਖਿਆ, 'ਮੇਰਾ ਫਰਜ਼ ਤਾਂ ਉਦੋਂ ਤਕ ਹੈ ਜਦੋਂ ਤਕ ਸੁਆਸ ਚੱਲਦੇ ਹਨ, ਸਿਰ ਉਡਾ ਦਿਓਗੇ ਤਾਂ ਜਿਸ ਦਾ ਇਹ ਝੰਡਾ ਹੈ, ਆਪੇ ਸੰਭਾਲ ਲਵੇਗਾ।' ਫ਼ੌਜਦਾਰ ਨੇ ਜੰਗੀ ਰਵਾਇਤ ਦੀ ਉਲੰਘਣਾ ਕਰਦਿਆਂ ਭਾਈ ਆਲਮ ਸਿੰਘ ਦਾ ਸੀਸ ਉਡਾ ਦਿੱਤਾ। ਝੰਡਾ ਡਿੱਗਣ ਤੋਂ ਪਹਿਲਾਂ ਹੀ ਬਾਬਾ ਅਜੀਤ ਸਿੰਘ ਜੀ ਨੇ ਇਸ ਨੂੰ ਸੰਭਾਲ ਲਿਆ ਤੇ ਫ਼ੌਜਦਾਰ ਦਾ ਸਿਰ ਕਲਮ ਕਰ ਦਿੱਤਾ।

ਸਰਕਾਰੀ ਇਮਾਰਤਾਂ, ਦਫ਼ਤਰਾਂ, ਸਫ਼ਾਰਤਖ਼ਾਨਿਆਂ ਤੇ ਸਰਕਾਰੀ ਗੱਡੀਆਂ ਤੇ ਲੱਗੇ ਸਬੰਧਤ ਦੇਸ਼ਾਂ ਦੇ ਝੰਡੇ ਉਨ੍ਹਾਂ ਦੇਸ਼ਾਂ ਦੀ ਵਿਲੱਖਣਤਾ ਪ੍ਰਗਟ ਕਰਦੇ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ੍ਰੀ ਅੰਮ੍ਰਿਤਸਰ ਵਿਖੇ ਆਪਣੇ ਇਕ ਸਨਮਾਨ ਸਮਾਗਮ 'ਚ ਕਿਹਾ ਸੀ, 'ਗੁਰੂ ਤੇ ਗੁਰੂ ਦਾ ਸਿੱਖ ਸੋਨੇ-ਚਾਂਦੀ ਨਾਲ ਪਿਆਰ ਨਹੀਂ ਕਰਦਾ। ਸਿੱਖ ਤਾਂ ਸਰਬਲੋਹੀਆ ਹੈ ਫਿਰ ਵੀ ਤੁਹਾਡਾ ਧੰਨਵਾਦ, ਤੁਸੀਂ ਮੈਨੂੰ ਇਹ ਸੋਨੇ ਦਾ ਮੈਡਲ ਤੇ ਚਾਂਦੀ ਦੀ ਤਸ਼ਤਰੀ ਦਿੱਤੀ ਹੈ। ਇਹ ਤਸ਼ਤਰੀ ਤੇ ਮੈਡਲ ਮੈਂ ਨਹੀਂ ਰੱਖਾਂਗਾ, ਇਹ ਕੇਂਦਰੀ ਸਿੱਖ ਅਜਾਇਬ ਘਰ 'ਚ ਰੱਖਿਆ ਜਾਵੇਗਾ।' ਖੈਰ, ਇਸੇ ਤਰ੍ਹਾਂ ਹੀ ਹੋਇਆ ਪਰ ਟੌਹੜਾ ਸਾਹਿਬ ਦੇ ਸਮੇਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਰੀ-ਪੀਰੀ ਦੇ ਇਤਿਹਾਸਿਕ ਨਿਸ਼ਾਨ ਸਾਹਿਬ 'ਤੇ ਸੋਨੇ ਦੇ ਖੰਡੇ ਲਗਵਾਏ ਗਏ, ਜੋ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਸੀ। ਅਸੀਂ ਦੋਵੇਂ ਪੱਖਾਂ ਤੋਂ ਡਾਢੇ ਅਵੇਸਲੇ ਹੋ ਗਏ। ਨਿਸ਼ਾਨ ਸਾਹਿਬ ਦੇ ਖੰਡੇ ਜਾਂ ਭਾਲੇ, ਸਰਬ ਲੋਹ ਦੀ ਥਾਂ ਸੋਨੇ ਦੇ ਲਗਾਉਣੇ ਸ਼ੁਰੂ ਕਰ ਦਿੱਤੇ ਤੇ ਕੱਪੜੇ ਦਾ ਰੰਗ ਵੀ ਬਸੰਤੀ ਤੇ ਸੁਰਮਈ ਦੀ ਥਾਂ ਭਗਵਾਂ ਹੁੰਦਾ ਜਾ ਰਿਹਾ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਦੇਸ਼ ਦੀਆਂ ਸਰਹੱਦਾਂ 'ਤੇ ਝੰਡਾ ਚੜ੍ਹਾਉਣ ਤੇ ਉਤਾਰਨ ਦੀ ਰਸਮ ਹੁੰਦੀ ਹੈ। ਅਟਾਰੀ ਸਰਹੱਦ 'ਤੇ ਝੰਡਾ ਉਤਾਰਨ ਦੀ ਰਸਮ ਦੇਖਣ ਲਈ ਹਜ਼ਾਰਾਂ ਦਰਸ਼ਕ ਜਾਂਦੇ ਹਨ। ਕੌਮੀ ਗਿਰਾਵਟ ਕਾਰਨ ਝੰਡਿਆਂ ਦੇ ਸਰੂਪ ਤੇ ਰੰਗ ਵੀ ਬਦਲ ਜਾਂਦੇ ਹਨ। ਝੰਡੇ ਦਾ ਲਾਹੁਣਾ, ਅੱਧਾ ਝੁਲਾਉਣਾ, ਨੀਵਾਂ ਕਰਨਾ, ਝੰਡਾ ਖੋਲ੍ਹਣਾ, ਜਾਤੀ-ਦੇਸ਼-ਖਿੱਤੇ ਦੀ ਪ੍ਰਤੀਨਿਧਤਾ ਕਰਦਿਆਂ ਦੁੱਖ, ਸ਼ੋਕ, ਹਾਰ ਆਦਿ ਦੇ ਚਿੰਨ੍ਹ ਹਨ ਜੋ ਸੰਸਾਰਿਕ ਸ਼ਕਤੀ ਨੂੰ ਰੂਪਮਾਨ ਕਰਦੇ ਹਨ ਪਰ ਸਿੱਖਾਂ ਦਾ ਕੌਮੀ ਨਿਸ਼ਾਨ ਸਾਹਿਬ ਸਿੱਖ ਕੌਮ ਵਾਂਗ ਹਰਖ-ਸੋਗ ਤੋਂ ਨਿਆਰਾ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਅੱਜ ਵਿਸ਼ਵ ਵਿਚ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਹਨ, ਇਹ ਨਿਸ਼ਾਨ ਸਾਹਿਬ ਸ਼ਾਨ ਨਾਲ ਝੂਲ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 20 ਅਗਸਤ 2009 ਤੋਂ ਆਦੇਸ਼ ਹੋ ਚੁੱਕਾ ਹੈ ਕਿ ਨਿਸ਼ਾਨ ਸਾਹਿਬ ਸਿਰਫ਼ ਉੱਥੇ ਹੀ ਝੁਲਾਇਆ ਜਾ ਸਕਦਾ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਪਰੰਤੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤਾਂ ਪੁੱਜ ਰਹੀਆਂ ਹਨ ਕਿ ਕੁਝ ਅਜਿਹੀਆਂ ਨਿਵੇਕਲੀਆਂ ਥਾਵਾਂ 'ਤੇ ਕਬਜ਼ਾ ਕਰਨ ਤੇ ਅਗਿਆਨਤਾ ਕਾਰਨ ਨਿਸ਼ਾਨ ਸਾਹਿਬ ਝੁਲਾ ਦਿੱਤੇ ਜਾਂਦੇ ਹਨ ਜਿੱਥੇ ਨਾ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਤੇ ਨਾ ਹੀ ਕੋਈ ਗੁਰਦੁਆਰਾ ਸਾਹਿਬ। ਇਹ ਕਾਰਵਾਈ ਪਵਿੱਤਰ ਨਿਸ਼ਾਨ ਸਾਹਿਬ ਦੀ ਬੇਅਦਬੀ ਕਰਨ ਵਾਲੀ ਹੈ। ਸੰਗਤਾਂ ਨੂੰ ਮੁੜ ਵਿਦਿਤ ਕੀਤਾ ਜਾਂਦਾ ਹੈ ਕਿ ਉਹ ਅਜਿਹੀਆਂ ਅਯੋਗ ਕਾਰਵਾਈਆਂ ਬੰਦ ਕਰਨ ਤੇ ਨਿਸ਼ਾਨ ਸਾਹਿਬ ਯੋਗ ਅਸਥਾਨਾਂ 'ਤੇ ਹੀ ਝੁਲਾਏ ਜਾਣ। ਇਸ ਦੀ ਵਰਤੋਂ ਖ਼ੁਦਗਰਜ਼ੀ ਵਾਸਤੇ ਨਹੀਂ ਕਰਨੀ ਚਾਹੀਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ, ਮਹੱਲੇ, ਖ਼ਾਲਸਾ ਦਲ, ਜਥੇ, ਨਗਰ ਕੀਰਤਨ, ਨਿਹੰਗ ਸਿੰਘਾਂ ਦੇ ਦਲ ਦੀ ਰਵਾਨਗੀ ਸਮੇਂ ਸਭ ਤੋਂ ਪਹਿਲਾਂ ਨਿਸ਼ਾਨ ਸਾਹਿਬ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ :

**ਗਾਦੀਆ ਅਟੱਲ ਰਹੇਂ ਚੌਂਕੀਆਂ ਅਚੱਲ ਰਹੇਂ,**
**ਬੁੰਗੇ ਝੂਲਾ ਝੱਲ ਰਹੇ ਪੂਰੇ ਉਤਸ਼ਾਹ ਕੇ।**
**ਲਾਗਤੇ ਦੀਵਾਨ ਰਹੇ ਗਾਵਤੇ ਸੁਜਾਨ ਰਹੇ,**
**ਝੂਲਤੇ ਨਿਸ਼ਾਨ ਰਹੇਂ ਸਾਚੇ ਪਾਤਸ਼ਾਹ ਕੇ।**

ਕਵਿਰਾਜ ਸੰਤ ਨਿਹਾਲ ਸਿੰਘ ਉਕਤ ਕਾਵਿ ਰਚਨਾ 'ਚ ਸੁਤੰਤਰ ਸਿੱਖ ਸੋਚ ਦੇ ਧਾਰਨੀ ਗੁਰਸਿੱਖਾਂ ਦੀ ਵੇਦਨਾ ਤੇ ਭਾਵਨਾ ਨੂੰ ਪ੍ਰਗਟ ਕਰਦੇ ਹਨ। ਹਰ ਸਿੱਖ ਦੀ ਅਰਦਾਸ ਹੈ ਕਿ ਸੱਚੇ ਪਾਤਸ਼ਾਹ ਦੇ ਦੀਵਾਨ ਲਗਦੇ ਰਹਿਣ, ਸੁਝਵਾਨ ਗਵੱਈਏ ਸਤਿਗੁਰੂ ਦੀ ਸਿਫ਼ਤ-ਸਲਾਹ ਗਾਇਨ ਕਰਨ, ਤਾਂ ਜੋ ਝੰਡੇ ਬੁੰਗੇ ਜੁਗੋ ਜੁਗ ਅਟੱਲ ਰਹਿਣ। ਸਿੱਖੀ ਅਕਾਲ ਪੁਰਖ ਨੇ ਆਪ ਪੈਦਾ ਕੀਤੀ ਹੈ ਜਿਸ ਦੀ ਨਿਰਮਲ ਵਿਚਾਰਧਾਰਾ, ਨਿਰਮਲ ਨੀਰ ਵਾਂਗ ਨਿਰੰਤਰ ਵਹਿ ਰਹੀ ਹੈ। ਅਕਾਲੀ ਫ਼ੌਜ ਦਾ ਇਹ ਅਕਾਲੀ ਨਿਸ਼ਾਨ ਸਾਹਿਬ ਸਦਾ ਝੁੱਲਦਾ ਰਹੇ ਅਤੇ ਪੰਥ ਦੀ ਵਿਲੱਖਣ ਹੋਂਦ ਤੇ ਪਛਾਣ ਦੀ ਖ਼ੁਸ਼ਬੋਈ ਨੂੰ ਵਿਸ਼ਵ ਵਿਚ ਹਮੇਸ਼ਾ ਬਿਖੇਰਦਾ ਰਹੇ। •

# ਸਿੱਖ ਰਾਜ ਦੇ ਮੋਢੀ ਉਸਰੱਈਏ
# ਬਾਬਾ ਸਾਹਿਬ ਸਿੰਘ ਬੇਦੀ

**28 ਮਾਰਚ ਜੋੜ ਮੇਲੇ 'ਤੇ**

ਕਰਨੈਲ ਸਿੰਘ ਐੱਮਏ

**ਬੇ**ਦੀ ਬਾਬੇ ਗੁਰੂ ਨਾਨਕ ਦੇਵ ਜੀ ਦੇ ਖ਼ਾਨਦਾਨ ਨਾਲ ਸਬੰਧ ਰੱਖਦੇ ਹਨ। ਇਨ੍ਹਾਂ ਦੇ ਸੰਤਾਨਕ ਘਰਾਣੇ ਵਿਚ ਬਾਬਾ ਲਖਮੀ ਚੰਦ ਜੀ, ਬਾਬਾ ਧਰਮ ਚੰਦ ਜੀ, ਬਾਬਾ ਮਾਣਕ ਚੰਦ, ਬਾਬਾ ਦਾਤਾਰ ਚੰਦ, ਬਾਬਾ ਪਹਾੜ ਚੰਦ, ਬਾਬਾ ਹਰਕਰਨ ਚੰਦ, ਬਾਬਾ ਨਿਹਾਲ ਚੰਦ, ਬਾਬਾ ਕਲਾਧਾਰੀ ਜੀ, ਬਾਬਾ ਅਜੀਤ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਦਵਿੰਦਰ ਸਿੰਘ, ਬਾਬਾ ਮਧੁਸੂਦਨ ਸਿੰਘ ਤੇ ਵਰਤਮਾਨ ਸਮੇਂ ਬਾਬਾ ਸਰਬਜੋਤ ਸਿੰਘ ਬੇਦੀ ਹਨ। ਬਾਬਾ ਸਾਹਿਬ ਸਿੰਘ ਬੇਦੀ ਸਿੱਖ ਰਾਜ ਦੇ ਮੋਢੀਆਂ ਤੇ ਪੰਜਾਬ ਦੇ ਉਸਰੱਈਆਂ ਵਿੱਚੋਂ 18ਵੀਂ-19ਵੀਂ ਸਦੀ ਦੇ ਮਹਾਨ ਵਿਅਕਤੀ ਸਨ।

ਬਾਬਾ ਸਾਹਿਬ ਸਿੰਘ ਦਾ ਜਨਮ 5 ਚੇਤ ਸੰਮਤ 1813 ਬਿਕਰਮੀ (1756 ਈਸਵੀ) ਨੂੰ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵਿਖੇ ਪਿਤਾ ਅਜੀਤ ਸਿੰਘ ਬੇਦੀ ਤੇ ਮਾਤਾ ਸਰੂਪੀ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਤੋਂ ਬਾਅਦ ਬਾਬਾ ਅਜੀਤ ਸਿੰਘ ਦੇ ਘਰ ਇਕ ਹੋਰ ਪੁੱਤਰ ਨੇ ਜਨਮ ਲਿਆ। ਉਸ ਦਾ ਨਾਂ ਮਹਿਬੂਬ ਸਿੰਘ ਸੀ। ਬਾਬਾ ਸਾਹਿਬ ਸਿੰਘ ਨੇ ਮੁਢਲੀ ਵਿੱਦਿਆ ਘਰ ਵਿੱਚੋਂ ਹੀ ਪ੍ਰਾਪਤ ਕੀਤੀ। ਪਹਿਲਾਂ ਆਪ ਨੇ ਗੁਰਮੁਖੀ ਸਿੱਖੀ, ਗੁਰਬਾਣੀ ਪੜ੍ਹੀ ਤੇ ਫਿਰ ਜਨਮ ਸਾਖੀ ਗੁਰੂ ਨਾਨਕ ਤੇ ਸਿੱਖ ਇਤਿਹਾਸ ਸਬੰਧੀ ਹੋਰ ਪੁਸਤਕਾਂ ਦਾ ਅਧਿਐਨ ਕੀਤਾ। ਆਪ ਦਾ ਬਾਣੀ ਪੜ੍ਹਨਾ, ਕੀਰਤਨ ਸੁਣਨਾ, ਗੁਰਬਾਣੀ ਕਥਾ ਕਰਨੀ ਰੋਜ਼ਾਨਾ ਨੇਮ ਸੀ। ਬਾਬਾ ਸਾਹਿਬ ਸਿੰਘ ਨੇ ਮਾਤਾ ਦੇ ਕਹਿਣ 'ਤੇ ਹੀ ਖ਼ੁਦ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਅੰਮ੍ਰਿਤਪਾਨ ਕੀਤਾ ਤੇ ਗੁਰੂ ਵਾਲੇ ਬਣੇ।

ਬਾਬਾ ਸਾਹਿਬ ਸਿੰਘ ਦੇ ਪਿਤਾ ਬਾਬਾ ਅਜੀਤ ਸਿੰਘ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਕਲਕੱਤਾ, ਬੰਗਾਲ, ਬਿਹਾਰ ਦੀ ਯਾਤਰਾ ਕਰਦੇ ਹੋਏ 1773 ਈਸਵੀ ਨੂੰ ਸੁਰਗਵਾਸ ਹੋ ਗਏ। ਇਸ ਸਮੇਂ ਬਾਬਾ ਸਾਹਿਬ ਸਿੰਘ ਦੀ ਉਮਰ 17 ਸਾਲ ਸੀ। ਇਸ ਸਮੇਂ ਪੰਜਾਬ 'ਚ ਮਿਸਲਾਂ ਦਾ ਬੋਲਬਾਲਾ ਸੀ ਤੇ ਬਾਬਾ ਸਾਹਿਬ ਸਿੰਘ ਬੇਦੀ ਮਿਸਲਾਂ ਦੇ ਸਰਦਾਰਾਂ ਦੀ ਨਿਗਾਹ 'ਚ ਬੜਾ ਮਾਣ-ਸਤਿਕਾਰ ਰੱਖਦੇ ਸਨ। ਬਾਬਾ ਸਾਹਿਬ ਸਿੰਘ ਦੇ ਤਿੰਨ ਵਿਆਹ ਹੋਏ, ਪਹਿਲਾ ਭਾਈ ਸਹਾਈ ਰਾਮ ਖੱਤਰੀ ਦੀ ਬੇਟੀ ਨਾਲ, ਦੂਜਾ ਭਾਈ ਜੀਤ ਮੱਲ ਖੱਤਰੀ ਦੀ ਬੇਟੀ ਨਾਲ ਤੇ ਤੀਜਾ ਸ. ਸਹਾਈ ਸਿੰਘ ਮੁਲਤਾਨ ਦੀ ਬੇਟੀ ਨਾਲ। ਤਿੰਨਾਂ ਸੁਪਤਨੀਆਂ ਤੋਂ ਬਾਬਾ ਸਾਹਿਬ ਸਿੰਘ ਦੇ ਘਰ ਤਿੰਨ ਪੁੱਤਰ ਬਾਬਾ ਬਿਸ਼ਨ ਸਿੰਘ, ਬਾਬਾ ਤੇਗਾ ਸਿੰਘ ਤੇ ਬਾਬਾ ਬਿਕਰਮ ਸਿੰਘ ਪੈਦਾ ਹੋਏ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾ ਸਿੰਘ ਬਾਬਾ ਸਾਹਿਬ ਸਿੰਘ ਬੇਦੀ ਦੇ ਵੱਡੇ ਸ਼ਰਧਾਲੂ ਸਨ। ਬਾਬਾ ਸਾਹਿਬ ਸਿੰਘ ਨੂੰ ਸੇਵਾਪੰਥੀ ਸਾਧੂ ਗੁਰੂ ਮੰਨਦੇ ਸਨ, ਜਿਸ ਕਾਰਨ ਉਨ੍ਹਾਂ ਦੇ ਮਨ ਵਿਚ ਅਥਾਹ ਸ਼ਰਧਾ ਸੀ। ਬਾਬਾ ਸਾਹਿਬ ਸਿੰਘ ਹੋਲੇ ਮਹੱਲੇ ਦਾ ਉਤਸਵ ਬੜੀ ਧੂਮਧਾਮ ਨਾਲ ਮਨਾਉਂਦੇ ਸਨ। ਬਾਬਾ ਸਾਹਿਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੰਜ ਸਿੱਖਿਆਵਾਂ ਦਿੰਦਿਆਂ ਕਿਹਾ ਸੀ ਕਿ ਜੇ ਤੁਸੀਂ ਇਨ੍ਹਾਂ 'ਤੇ ਅਮਲ ਕਰੋਗੇ ਤਾਂ ਖ਼ਾਲਸਾ ਰਾਜ ਦਾ ਸੂਰਜ ਕਦੇ ਨਹੀਂ ਡੁੱਬੇਗਾ ਤੇ ਸਫਲਤਾ ਤੁਹਾਡੇ ਪੈਰ ਚੁੰਮੇਗੀ।

1. ਰੋਜ਼ ਸਵੇਰੇ ਉੱਠ ਕੇ ਨਿੱਤਨੇਮ ਕਰਨਾ, ਮੁਸੀਬਤ ਵੇਲੇ ਅਕਾਲ ਪੁਰਖ ਨੂੰ ਯਾਦ ਕਰਨਾ ਅਤੇ ਉਸ ਦਾ ਡਰ ਮੰਨਣਾ।
2. ਦਰਬਾਰ ਵਿਚ ਕਦੇ ਤਖ਼ਤ 'ਤੇ ਨਾ ਬੈਠਣਾ ਅਤੇ ਆਪਣੇ ਆਪ ਨੂੰ ਮਹਾਰਾਜਾ ਨਾ ਅਖਵਾ ਕੇ ਪੰਥ ਦਾ ਦਾਸ ਬਣ ਕੇ ਰਹਿਣਾ।
3. ਆਪਣੀ ਜਨਤਾ ਨੂੰ ਇਕ ਬਰਾਬਰ ਸਮਝਣਾ।
4. ਨਸ਼ਿਆਂ ਦਾ ਸੇਵਨ ਤੇ ਪਰਾਈ ਇਸਤਰੀ ਦਾ ਸੰਗ ਨਾ ਕਰਨਾ।
5. ਮੌਕਾਪ੍ਰਸਤ ਲੋਕਾਂ ਤੋਂ ਕਿਨਾਰਾ ਕਰਨਾ।

ਮਹਾਰਾਜਾ ਰਣਜੀਤ ਸਿੰਘ ਨੂੰ ਖੰਡੇ ਦੀ ਪਾਹੁਲ ਬਾਬਾ ਸਾਹਿਬ ਸਿੰਘ ਦੀ ਜਥੇਦਾਰੀ ਹੇਠ ਪੰਜਾਂ ਪਿਆਰਿਆਂ ਨੇ



ਬਖ਼ਸ਼ੀ ਸੀ। ਬਾਬਾ ਸਾਹਿਬ ਸਿੰਘ ਜੀ ਨੇ ਅਸਥਾਨ 'ਤੇ ਲੰਗਰ ਹਰ ਵੇਲੇ ਵਰਤਦਾ ਰਹਿੰਦਾ ਤੇ ਕਥਾ-ਕੀਰਤਨ ਦਾ ਅਖੰਡ ਪ੍ਰਵਾਹ ਹੁੰਦਾ।

ਬਾਬਾ ਸਾਹਿਬ ਸਿੰਘ ਆਪਣੇ ਯੁੱਗ ਦੇ ਮਹੱਤਵਪੂਰਨ ਸੰਤ-ਸਿਪਾਹੀ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਰਾਜ ਸਥਾਪਿਤ ਕਰਨ ਵਿਚ ਉਨ੍ਹਾਂ ਨੇ ਬਹੁਤ ਮਦਦ ਕੀਤੀ। ਬਾਬਾ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਮੱਥੇ 'ਤੇ ਕੇਸਰੀ ਤਿਲਕ ਲਾ ਕੇ ਪੰਜਾਬ ਦਾ ਮਹਾਰਾਜਾ ਬਣਾਇਆ। ਜਿੰਨਾ ਚਿਰ ਮਹਾਰਾਜਾ ਰਣਜੀਤ ਸਿੰਘ ਆਪਣੇ ਸਿਆਸੀ ਕਾਰਜਾਂ ਵਿਚ ਬਾਬਾ ਸਾਹਿਬ ਸਿੰਘ ਬੇਦੀ ਪਾਸੋਂ ਸਲਾਹ ਲੈਂਦੇ ਰਹੇ, ਓਨਾ ਚਿਰ ਉਹ ਚੜ੍ਹਦੀ ਕਲਾ ਵਿਚ ਰਹੇ ਤੇ ਖ਼ਾਲਸਾ ਰਾਜ ਦੀਆਂ ਹੱਦਾਂ ਨੂੰ ਵਧਾਉਂਦੇ ਰਹੇ।

ਬਾਬਾ ਸਾਹਿਬ ਸਿੰਘ ਬੇਦੀ ਨੇ ਬੇਅੰਤ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ। ਉਨ੍ਹਾਂ ਦੀ ਰਾਏ ਧਾਰਮਿਕ ਅਤੇ ਰਾਜਸੀ ਮਾਮਲਿਆਂ ਵਿਚ ਅਟੱਲ ਮੰਨੀ ਜਾਂਦੀ ਸੀ। ਆਪ ਦੇ ਮੁੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਪਣ ਦੇ ਡੇਰੇ/ਅਸਥਾਨ ਨਾਲ ਜੁੜੀਆਂ ਰਹਿੰਦੀਆਂ ਸਨ, ਇਥੋਂ ਤਕ ਕਿ ਸੇਵਾਪੰਥੀ ਸੰਤ ਵੀ ਬਾਬਾ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੁੰਦੇ ਸਨ।

ਬਾਬਾ ਸਾਹਿਬ ਸਿੰਘ ਜਿੰਨੇ ਭਗਤੀ ਅਤੇ ਤਪੱਸਿਆ ਵਿਚ ਅਦੁੱਤੀ ਸਨ, ਓਨੇ ਹੀ ਯੁੱਧ ਭੂਮੀ ਵਿਚ ਬਾਹੂਬਲ ਵਿਖਾਉਣ ਦੇ ਵੀ ਸਮਰੱਥ ਸਨ। ਬਾਬਾ ਜੀ ਨੇ ਜਿੱਥੇ ਖ਼ਾਲਸਾ ਰਾਜ ਦੇ ਵਿਸਥਾਰ ਲਈ ਤੇਗ਼ ਚਲਾਈ, ਉਥੇ ਦੇਗ ਵੀ ਚਲਾਈ ਤੇ ਸਿੱਖੀ ਦਾ ਪ੍ਰਚਾਰ-ਪਸਾਰ ਵੀ ਬੜੇ ਉੱਦਮ ਨਾਲ ਕੀਤਾ। ਬਾਬਾ ਸਾਹਿਬ ਸਿੰਘ ਨੂੰ ਗੁਰੂ ਪੰਥ ਵਿਚ ਜੋ ਰੁਤਬਾ ਪ੍ਰਾਪਤ ਸੀ ਉਹ ਖ਼ਾਲਸਾਈ ਸੋਭਾ ਵਾਲਾ ਸੀ।

ਬਾਬਾ ਸਾਹਿਬ ਸਿੰਘ ਨੇ 17 ਸਾਲ ਦੀ ਉਮਰ ਵਿਚ ਹੀ ਧਰਮ ਪ੍ਰਚਾਰ ਦਾ ਕਾਰਜ ਆਰੰਭ ਕਰ ਕੇ 78 ਸਾਲ ਦੀ ਉਮਰ ਤਕ ਲਗਾਤਾਰ ਜਾਰੀ ਰੱਖਿਆ। ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਜੂਝਦੇ ਹੋਏ ਬਾਬਾ ਸਾਹਿਬ ਸਿੰਘ ਬੇਦੀ ਹਾੜ ਸੁਦੀ 13, ਸੰਮਤ 1891 (1834 ਈਸਵੀ) ਨੂੰ ਊਨਾ ਵਿਖੇ ਸੱਚਖੰਡ ਜਾ ਬਿਰਾਜੇ।

ਬਾਬਾ ਸਾਹਿਬ ਸਿੰਘ ਬੇਦੀ ਦੇ ਵਰਤਮਾਨ ਗੱਦੀ ਨਸ਼ੀਨ ਬਾਬਾ ਸਰਬਜੋਤ ਸਿੰਘ ਬੇਦੀ ਦੀ ਅਗਵਾਈ ਹੇਠ ਉਨ੍ਹਾਂ ਦਾ 262ਵਾਂ ਜਨਮ ਉਤਸਵ ਰੰਗੀਨ ਮਹਿਲ ਗੁਰੂ ਨਾਨਕ ਦਰ-ਘਰ ਕਿਲ੍ਹਾ ਬੇਦੀ ਸਾਹਿਬ, ਊਨਾ (ਹਿਮਾਚਲ ਪ੍ਰਦੇਸ਼) ਵਿਖੇ 26 ਤੋਂ 28 ਮਾਰਚ ਤਕ ਬੜੇ ਪ੍ਰੇਮ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ, ਸਵੇਰੇ-ਸ਼ਾਮ ਵਿਸ਼ੇਸ਼ ਦੀਵਾਨ ਸਜਣਗੇ, ਜਿਨ੍ਹਾਂ ਵਿਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ, ਸੰਤ ਮਹਾਂਪੁਰਸ਼ ਅੰਮ੍ਰਿਤਮਈ ਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। •

# ਹਨੇਰੇ 'ਚ ਪ੍ਰਕਾਸ਼ ਦਾ ਸਾਮਰਾਜ

**ਈ**ਸਾਈਅਤ ਵਿਚ ਗੁੱਡ ਫਰਾਈਡੇ ਨੂੰ 'ਹੋਲੀ ਫਰਾਈਡੇ', 'ਬਲੈਕ ਫਰਾਈਡੇ' ਤੇ 'ਗ੍ਰੇਟ ਫਰਾਈਡੇ' ਵੀ ਆਖਦੇ ਹਨ। ਇਹ ਤਿਉਹਾਰ ਪ੍ਰਭੂ ਈਸਾ ਮਸੀਹ ਨੂੰ ਸਲੀਬ ਉੱਪਰ ਚੜ੍ਹਾਏ ਜਾਣ ਨਾਲ ਸਬੰਧਤ ਹੈ ਅਤੇ ਈਸਟਰ ਸੰਡੇ ਤੋਂ ਪਹਿਲਾਂ ਆਉਂਦੇ ਸ਼ੁੱਕਰਵਾਰ ਨੂੰ ਹੁੰਦਾ ਹੈ। ਈਸਟਰ ਈਸਾਈ ਧਰਮ ਵਿਚ ਸਭ ਤੋਂ ਮਹੱਤਵਪੂਰਨ ਤੇ ਪਵਿੱਤਰ ਦਿਨ ਹੈ। ਸੂਲੀ ਉੱਪਰ ਲਟਕਾਏ ਜਾਣ ਤੋਂ ਤੀਸਰੇ ਦਿਨ ਪ੍ਰਭੂ ਯੀਸ਼ੂ ਮੁੜ ਜ਼ਿੰਦਾ ਹੋ ਗਏ ਸਨ। ਇਸ ਦਿਨ ਨੂੰ 'ਈਸਟਰ ਸੰਡੇ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।




'ਹੇ ਔਰਤ! ਤੂੰ ਕਿਉਂ ਰੋ ਰਹੀ ਏਂ? ਕਿਸ ਨੂੰ ਲੱਭ ਰਹੀ ਏਂ?' ਇਹ ਪਹਿਲੇ ਸ਼ਬਦ ਸਨ ਜੋ ਜੀਵਿਤ ਹੋਣ ਤੋਂ ਬਾਅਦ ਪ੍ਰਭੂ ਯੀਸ਼ੂ ਨੇ ਰੋ ਰਹੀ ਇਕ ਇਸਤਰੀ ਪਾਸੋਂ ਪੁੱਛੇ ਸਨ। ਪ੍ਰਭੂ ਯੀਸ਼ੂ ਦਾ ਮੁੜ ਜ਼ਿੰਦਾ ਹੋਣਾ ਸਾਨੂੰ ਬਹੁਤ ਕੁਝ ਸਮਝਾਉਣ ਦੀ ਸਮਰਥਾ ਰੱਖਦਾ ਹੈ। ਪਵਿੱਤਰ ਬਾਈਬਲ ਅਨੁਸਾਰ ਸੂਰਜ ਉਦੈ ਹੁੰਦਿਆਂ ਹੀ ਮਰੀਅਮ ਮਗਦਲਿਨੀ ਤੇ ਦੂਸਰੀ ਮਰੀਅਮ ਕਬਰ ਵੇਖਣ ਆਈਆਂ। ਉਸ ਵੇਲੇ ਜ਼ੋਰਦਾਰ ਭੂਚਾਲ ਆਇਆ ਅਤੇ ਪ੍ਰਭੂ ਦਾ ਦੂਤ ਸਵਰਗ ਤੋਂ ਉਤਰਿਆ। ਕਬਰ ਦੇ ਨੇੜੇ ਆ ਕੇ ਉਸ ਨੇ ਇਕ ਪੱਥਰ ਸਰਕਾਇਆ ਤੇ ਉਸ ਉੱਪਰ ਬੈਠ ਗਿਆ। ਉਸ ਦਾ ਤੇਜ਼ ਬਿਜਲੀ ਵਰਗਾ ਸੀ। ਸਵਰਗ ਦੂਤ ਨੇ ਇਸਤਰੀਆਂ ਨੂੰ ਕਿਹਾ ਕਿ ਡਰੋ ਨਾ, ਮੈਂ ਜਾਣਦਾ ਹਾਂ ਕਿ ਤੁਸੀਂ ਈਸਾ ਮਸੀਹ ਨੂੰ ਲੱਭ ਰਹੀਆਂ ਹੋ, ਜੋ ਕਰੂਸ (ਕ੍ਰਾਸ) ਉੱਪਰ ਚੜ੍ਹਾਇਆ ਗਿਆ ਸੀ। ਸਵਰਗ ਦੂਤ ਨੇ ਇਸਤਰੀਆਂ ਨੂੰ ਆਖਿਆ ਕਿ ਕਬਰ 'ਚ ਝਾਕ ਕੇ ਵੇਖੋ, ਉਹ ਇਥੇ ਨਹੀਂ ਹਨ, ਉਹ ਮੁੜ ਜ਼ਿੰਦਾ ਹੋ ਗਏ ਹਨ।

ਬਾਈਬਲ ਦਾ ਇਹ ਦ੍ਰਿਸ਼ਟਾਂਤ ਮੌਤ ਨੂੰ ਨਹੀਂ, ਬਲਕਿ ਜੀਵਨ ਨੂੰ ਜਾਨਣ ਵਾਲਾ ਹੈ। ਦੂਤ ਨੇ ਉਹ ਪੱਥਰ ਇਸ ਲਈ ਸਰਕਾਇਆ ਤਾਂ ਕਿ ਅਸੀਂ ਜੀਵਨ ਦੇ ਰਹੱਸ ਨੂੰ ਜਾਣ ਸਕੀਏ। ਹਨੇਰੀ ਗੁਫ਼ਾ ਉਜਾਲੇ ਵਾਲੇ ਸਥਾਨ 'ਚ ਬਦਲ ਜਾਂਦੀ ਹੈ ਤਾਂ ਕਿ ਅਸੀਂ ਈਸ਼ਵਰ ਦੇ ਹਿਰਦੈ 'ਚ ਪ੍ਰੇਮ ਤੇ ਜੀਵਨ ਦੀ ਸੰਪੂਰਨਤਾ ਨਾਲ ਵੇਖ ਸਕੀਏ। ਹਨੇਰਾ ਕਿੰਨਾ ਵੀ ਸੰਘਣਾ ਕਿਉਂ ਨਾ ਹੋਵੇ, ਪ੍ਰੇਮ ਸਾਨੂੰ ਉਜਾਲੇ ਵੱਲ ਲੈ ਜਾਂਦਾ ਹੈ। ਪੱਥਰ ਇਕ ਪਾਸੇ ਇਸ ਲਈ ਨਹੀਂ ਸੀ ਸਰਕਾਇਆ ਗਿਆ ਤਾਂ ਕਿ ਪ੍ਰਭੂ ਬਾਹਰ ਆ ਸਕਣ, ਇਸ ਲਈ ਸਰਕਾਇਆ ਗਿਆ ਤਾਂ ਕਿ ਅਸੀਂ ਪ੍ਰਭੂ ਈਸਾ ਮਸੀਹ ਦੇ ਪ੍ਰੇਮ, ਦ੍ਰਿੜ੍ਹਤਾ ਤੇ ਪ੍ਰਤਿੱਗਿਆ ਦੇ ਦਰਸ਼ਨ ਕਰ ਸਕੀਏ।

ਪ੍ਰਭੂ ਦੀ ਦੇਹ ਕਬਰ 'ਚ ਨਹੀਂ ਹੈ ਪਰ ਉਹ ਪੂਰਨ ਤੌਰ 'ਤੇ ਖ਼ਾਲੀ ਨਹੀਂ ਹੈ। ਸਵਰਗ ਦੂਤ ਦੇ ਵਚਨਾਂ ਤੇ ਨੂਰ ਨਾਲ ਉਹ ਸਥਾਨ ਭਰਿਆ ਹੋਇਆ ਹੈ। ਉਹ ਵਚਨ ਜੋ ਆਨੰਦ ਤੇ ਆਸ਼ਾ ਨਾਲ ਭਰੇ ਹੋਏ ਹਨ-'ਉਹ ਇਥੇ ਨਹੀਂ ਹਨ ਪਰੰਤੂ ਆਪਣੇ ਵਚਨ ਦੇ ਅਨੁਸਾਰ ਉਹ ਜੀਅ ਉੱਠੇ ਹਨ। ਆਓ, ਇਸ ਸਥਾਨ ਨੂੰ ਵੇਖੋ ਜਿਥੇ ਪ੍ਰਭੂ ਪਏ ਸਨ ਤੇ ਜਲਦੀ ਜਾ ਕੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਦੱਸੋ ਕਿ ਉਹ ਮ੍ਰਿਤਕਾਂ ਵਿੱਚੋਂ ਵੀ ਜੀਅ ਉੱਠੇ ਹਨ।'

ਸਾਡੇ ਜੀਵਨ 'ਚ ਵੀ ਅਜਿਹਾ ਹੀ ਵਾਪਰਦਾ ਹੈ। ਅਸੀਂ ਜੀਵਨ ਵਿੱਚੋਂ ਪ੍ਰੇਮ, ਸੁਹਿਰਦਤਾ ਤੇ ਸਮਰਸਤਾ ਨੂੰ ਗੁਆ ਕੇ ਮੁਰਦਿਆਂ ਦੇ ਸਮਾਨ ਹੋ ਜਾਂਦੇ ਹਾਂ। ਜੇ ਅਸੀਂ ਇਨ੍ਹਾਂ ਨੂੰ ਮੁੜ ਅਪਣਾ ਸਕੀਏ ਤਾਂ ਸਾਨੂੰ ਮੁੜ ਜੀਵਨ ਮਿਲ ਸਕਦਾ ਹੈ ਤੇ ਦੁੱਖਾਂ ਦਾ ਹਨੇਰਾ ਖ਼ਤਮ ਹੋ ਸਕਦਾ ਹੈ। ਗ਼ਲਤ ਇੱਛਾਵਾਂ, ਲੋਭ ਤੇ ਹੰਕਾਰ ਦੇ ਵੱਸ ਅਸੀਂ ਈਸ਼ਵਰ ਦੀ ਆਗਿਆ ਦੀ ਉਲੰਘਣਾ ਕਰ ਰਹੇ ਹਾਂ। ਪ੍ਰਭੂ ਈਸਾ ਮਸੀਹ ਨੇ (ਲੂਕਾ 6:20-23) 'ਚ ਕਿਹਾ ਹੈ ਕਿ ਮਨੁੱਖ ਮਨ ਤੋਂ ਦੀਨ ਬਣੇ, ਦਿਲ ਵਿਚ ਨਿਮਰਤਾ ਰੱਖੇ, ਦਇਆਵਾਨ ਹੋਵੇ, ਸਭ ਨਾਲ ਪ੍ਰੇਮ ਕਰੇ। ਯਾਦ ਰੱਖਣਾ ਚਾਹੀਦਾ ਹੈ ਕਿ ਸਵਰਗ ਦੂਤ ਨੇ ਕਬਰ ਦੇ ਮੂੰਹ ਤੋਂ ਪੱਥਰ ਇਸ ਲਈ ਸਰਕਾਇਆ ਸੀ ਕਿ ਅਸੀਂ ਅੰਦਰ ਝਾਕ ਸਕੀਏ ਤੇ ਵੇਖ ਸਕੀਏ ਕਿ ਸੰਘਣੇ ਹਨੇਰੇ ਵਿਚ ਹੀ ਪ੍ਰਕਾਸ਼ ਦਾ ਸਾਮਰਾਜ ਕਾਇਮ ਹੋ ਸਕਦਾ ਹੈ। •

# ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲਾ-2026; ਬਾਜ਼ੀਗਰਾਂ ਦੀ ਬਾਜ਼ੀ ਨੇ ਚੰਗੀਆਂ ਖੁਰਾਕਾਂ ਖਾਣ ਤੇ ਨਸ਼ਾ ਮੁਕਤੀ ਦਾ ਦਿੱਤਾ ਸੁਨੇਹਾ

**➤ ਮੌੜ ਮੰਡੀ ਦੇ ਬਾਜ਼ੀਗਰਾਂ ਦੀ ਚੌਥੀ ਪੀੜ੍ਹੀ ਪਾ ਰਹੀ ਬਾਜ਼ੀਆਂ ➤ ਲੋਹੇ ਦਾ ਸਰੀਆ ਹਿੱਕ ਦੇ ਜ਼ੋਰ ਨਾਲ ਮੋੜਨਾ, ਗੰਨੇ ਦੇ ਘੁਲਾੜੇ 'ਚੋਂ ਨਿਕਲਣਾ, 15 ਫੁੱਟ ਉਚੀ ਮੰਜੀ ਤੋਂ ਫੱਟੀ ਦੀ ਛਾਲ ਕਰਤੱਬ ਬਣੇ ਖਿੱਚ ਦਾ ਕੇਂਦਰ**

**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਸ਼ੀਸ਼ ਮਹਿਲ ਵਿਖੇ ਚੱਲ ਰਹੇ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ 'ਚ ਬਾਜ਼ੀਗਰਾਂ ਦੀ ਬਾਜ਼ੀ ਨੇ ਦਰਸ਼ਕਾਂ ਨੂੰ ਜਿੱਥੇ ਚੰਗੀਆਂ ਖੁਰਾਕਾਂ ਖਾਣ ਅਤੇ ਸਿਹਤ ਦਾ ਧਿਆਨ ਰੱਖਣ ਦਾ ਹੋਕਾ ਦਿੱਤਾ ਹੈ, ਉਥੇ ਹੀ ਦਰਸ਼ਕਾਂ ਦਾ ਧਿਆਨ ਖਿੱਚਦਿਆਂ ਨੌਜਵਾਨਾਂ ਨੂੰ ਨਸ਼ਾ ਮੁਕਤੀ ਦਾ ਸੁਨੇਹਾ ਵੀ ਦਿੱਤਾ ਹੈ।

ਉੱਤਰ ਖੇਤਰੀ ਸੱਭਿਆਚਾਰਕ ਕੇਂਦਰ ਵੱਲੋਂ ਇਸ ਕਰਾਫ਼ਟ ਮੇਲੇ 'ਚ ਲਿਆਂਦੇ ਗਏ ਮੌੜ ਮੰਡੀ ਦੇ ਬਾਜ਼ੀਗਰ ਕੇਸਰ ਸਿੰਘ ਸਮੇਤ 8 ਬਾਜ਼ੀਗਰਾਂ ਦੀ ਇਹ ਟੋਲੀ ਲਗਾਤਾਰ ਦਰਸ਼ਕਾਂ ਦਾ ਮਨ ਪ੍ਰਚਾਵਾ ਕਰਕੇ ਲੋਕਾਂ ਨੂੰ ਬਾਜੀ ਪਾਉਣ ਦੀ ਪੁਰਾਤਨ ਖੇਡ ਨਾਲ ਜੋੜ ਰਹੀ ਹੈ। ਮੇਲੇ ਦੇ ਨੋਡਲ ਅਫ਼ਸਰ ਏ.ਡੀ.ਸੀ ਦਮਨਜੀਤ ਸਿੰਘ ਮਾਨ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਬਾਜ਼ੀਗਰਾਂ ਦੀ ਬਾਜ਼ੀ ਦਰਸ਼ਕਾਂ ਦੀ ਚੰਗੀ ਪਸੰਦ ਬਣੀ ਹੋਈ ਹੈ। ਬਾਜ਼ੀਗਰ ਕੇਸਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਤੀਜੀ ਪੀੜ੍ਹੀ ਦਾ ਬਾਜ਼ੀਗਰ ਹੈ ਜੋ ਇਸ ਖੇਡ ਨਾਲ ਜੁੜਿਆ ਹੋਇਆ ਹੈ ਜਦਕਿ ਉਸਦੇ ਦੋ ਪੁੱਤਰਾਂ 'ਚੋਂ ਇੱਕ ਜਸਵਿੰਦਰ ਸਿੰਘ ਆਈ.ਟੀ.ਆਈ. ਕਰ ਰਿਹਾ ਹੈ ਅਤੇ ਦੂਜਾ ਸੰਦੀਪ ਸਿੰਘ ਦਸਵੀਂ ਦੀ ਪੜ੍ਹਾਈ ਕਰਦਾ ਹੋਇਆ ਵੀ ਚੌਥੀ ਪੀੜ੍ਹੀ 'ਚ ਬਾਜੀ ਪਾ ਰਿਹਾ ਹੈ। ਉਸਨੇ ਕਿਹਾ ਕਿ ਪਰੰਤੂ ਉਸਨੂੰ ਹੁਣ ਇਸ ਗੱਲ ਦਾ ਅਫ਼ਸੋਸ ਹੈ ਕਿ ਪਿੰਡਾਂ ਵਿੱਚ ਬਾਜੀ ਪਾਉਣ ਦੀ ਖੇਡ ਖ਼ਤਮ ਹੋ ਗਈ ਹੈ, ਤੇ ਕੇਵਲ ਅਜਿਹੇ ਮੇਲਿਆਂ ਵਿੱਚ ਹੀ ਬਾਜੀਗਰੀ ਦੇ ਕਰਤੱਬ ਹੁੰਦੇ ਹਨ, ਇਸ ਲਈ ਉਸਦੀ ਪੰਜਵੀਂ ਪੀੜ੍ਹੀ ਅੱਗੇ ਬਾਜੀ ਨਹੀਂ ਪਾਵੇਗੀ।



ਸ਼ੀਸ਼ ਮਹਿਲ ਪਟਿਆਲਾ ਵਿਖੇ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਵਿੱਚ ਬਾਜ਼ੀ ਦੇ ਕਰਤੱਬ ਦਿਖਾਉਂਦੇ ਹੋਏ ਮੌੜ ਮੰਡੀ ਦੇ ਬਾਜ਼ੀਗਰ ਕੇਸਰ ਸਿੰਘ ਦੀ ਟੋਲੀ ਦੇ ਮੈਂਬਰ।

ਕੇਸਰ ਸਿੰਘ ਨੇ ਦੱਸਿਆ ਕਿ ਉਸ ਦੇ ਸਾਥੀ ਬਾਜੀਗਰਾਂ 'ਚ ਸ਼ਾਮਲ ਮਨਦੀਪ ਸਿੰਘ 15 ਫੁੱਟ ਉਚੀ ਮੰਜੀ ਉਪਰੋਂ ਫੱਟੀ ਦੀ ਛਾਲ ਮਾਰਦਾ ਹੈ, ਉਹ ਖ਼ੁਦ ਦੋ ਲਾਠੀਆ ਨੂੰ ਬੰਨ੍ਹਕੇ ਬਣਾਈ ਗੰਨੇ ਦੀ ਘੁਲਾੜੀ ਵਿੱਚੋਂ ਲੰਘਦਾ ਹੈ। ਜਸਵਿੰਦਰ ਸਿੰਘ, ਪੱਪੂ ਸਿੰਘ ਤੇ ਉਹ ਖ਼ੁਦ ਵੀ ਲੋਹੇ ਦੇ ਸਰੀਏ ਦੇ 1 ਫੁੱਟ 4 ਇੰਚ ਰਿੰਗ ਵਿੱਚੋਂ ਦੀ ਲੰਘਦੇ ਹਨ। ਜਦੋਂਕਿ ਬਾਜੀਗਾਰ ਜੋਗਿੰਦਰ ਸਿੰਘ ਹਿੱਕ ਦੇ ਜੋਰ ਨਾਲ ਸਰੀਆ ਦੂਹਰਾ ਕਰਦਾ ਹੈ। ਇਸ ਤੋਂ ਬਿਨ੍ਹਾਂ ਉਹ ਸਾਰੇ ਜਿਮਨਾਸਟਿਕ ਦੇ ਕਰਤੱਬ ਵੀ ਦਿਖਾਉਂਦੇ ਹਨ, ਜਿਨ੍ਹਾਂ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ।

ਬਾਜ਼ੀਗਰ ਕੇਸਰ ਸਿੰਘ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਪੰਜਾਬ ਸਖੀ ਸ਼ਕਤੀ ਮੇਲੇ 'ਚ ਉਨ੍ਹਾਂ ਨੂੰ ਆਪਣੇ ਕਰਤੱਬ ਦੇਣ ਲਈ ਮੌਕਾ ਦੇਣ ਲਈ ਧੰਨਵਾਦੀ ਹਨ ਅਤੇ ਲੋਕਾਂ ਨੂੰ ਇਹ ਸੁਨੇਹਾ ਵੀ ਦਿੰਦੇ ਹਨ ਕਿ ਚੰਗੀਆਂ ਖੁਰਾਕਾਂ ਖਾਉ, ਸਿਹਤ ਬਣਾਉਣ ਪਰੰਤੂ ਨਸ਼ਿਆਂ ਤੋਂ ਦੂਰ ਰਹਿਣ।

# ਮਾਈਨਿੰਗ ਮਾਫੀਆ ਦਾ ਕਹਿਰ: NGT ਵੱਲੋਂ 13 ਕਰੱਸ਼ਰਾਂ ਨੂੰ 180 ਕਰੋੜ ਦਾ ਇਤਿਹਾਸਕ ਜੁਰਮਾਨਾ

**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਹੁਸ਼ਿਆਰਪੁਰ ਅਤੇ ਰੂਪਨਗਰ ਜ਼ਿਲ੍ਹਿਆਂ ਵਿੱਚ ਫੈਲੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਗੈਰ-ਕਾਨੂੰਨੀ ਮਾਈਨਿੰਗ ਰਾਹੀਂ ਤਬਾਹ ਕਰਨ ਵਾਲਿਆਂ ਵਿਰੁੱਧ ਨੈਸ਼ਨਲ ਗ੍ਰੀਨ ਟ੍ਰਿਬਿਊਨਲ (©7“) ਨੇ ਇਤਿਹਾਸਕ ਫੈਸਲਾ ਸੁਣਾਇਆ ਹੈ। ਟ੍ਰਿਬਿਊਨਲ ਨੇ 'ਵੈਨਿਸ਼ਿੰਗ ਹਿਲਜ਼' (ਅਲੋਪ ਹੁੰਦੀਆਂ ਪਹਾੜੀਆਂ) ਮਾਮਲੇ ਵਿੱਚ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ 13 ਸਟੋਨ ਕਰੱਸ਼ਰਾਂ ਨੂੰ 180 ਕਰੋੜ ਰੁਪਏ ਤੋਂ ਵੱਧ ਦਾ ਵਾਤਾਵਰਣ ਮੁਆਵਜ਼ਾ (ਜੁਰਮਾਨਾ) ਭਰਨ ਦੇ ਹੁਕਮ ਦਿੱਤੇ ਹਨ।

**ਮੀਡੀਆ ਦੀ ਰਿਪੋਰਟ ਤੋਂ ਹੋਇਆ ਖੁਲਾਸਾ**

ਇਹ ਮਾਮਲਾ ਸਤੰਬਰ 2023 ਵਿੱਚ ਇੱਕ ਅਖ਼ਬਾਰੀ ਰਿਪੋਰਟ ਤੋਂ ਬਾਅਦ ਚਰਚਾ ਵਿੱਚ ਆਇਆ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਕਿਵੇਂ ਗੜ੍ਹਸ਼ੰਕਰ ਦੇ 'ਬੀਤ' ਇਲਾਕੇ ਅਤੇ ਰੂਪਨਗਰ ਦੇ 'ਖੇੜਾ ਕਲਮੋਟ' ਖੇਤਰ ਵਿੱਚ 200 ਫੁੱਟ ਉੱਚੀਆਂ ਪਹਾੜੀਆਂ ਨੂੰ ਮਾਈਨਿੰਗ ਮਾਫੀਆ ਨੇ ਪੱਧਰਾ ਕਰ ਦਿੱਤਾ ਹੈ। ©7“ ਨੇ ਇਸ ਰਿਪੋਰਟ ਦਾ ਖੁਦ ਨੋਟਿਸ ਲੈਂਦਿਆਂ ਕਾਰਵਾਈ ਸ਼ੁਰੂ ਕੀਤੀ ਸੀ।

**ਵੱਡੇ ਗੁਨਾਹਗਾਰ ਅਤੇ ਜੁਰਮਾਨੇ ਦੀ ਰਕਮ**

ਅਦਾਲਤ ਨੇ ਪਾਇਆ ਕਿ ਇਹ ਕਰੱਸ਼ਰ ਹਵਾ ਅਤੇ ਪਾਣੀ ਪ੍ਰਦੂਸ਼ਣ ਦੇ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਸਨ। ਸਭ ਤੋਂ ਵੱਧ ਜੁਰਮਾਨਾ ਇਹਨਾਂ ਇਕਾਈਆਂ 'ਤੇ ਲਗਾਇਆ ਗਿਆ ਹੈ:

ਗੰਗਾ ਸਟੋਨ ਕਰੱਸ਼ਰ: ?85.51 ਕਰੋੜ
ਆਦੇਸ਼ ਸਟੋਨ ਕਰੱਸ਼ਰ: ?24.57 ਕਰੋੜ
ਨਿਊ ਸਤਲੁਜ ਸਟੋਨ ਕਰੱਸ਼ਰ (ਯੂਨਿਟ-1): ?18.67 ਕਰੋੜ, ਕਲਗੀਧਰ ਸਟੋਨ ਕਰੱਸ਼ਰ: ?14.01 ਕਰੋੜ,ਸਤਿ ਸਾਹਿਬ ਸਟੋਨ ਕਰੱਸ਼ਰ: ?11.31 ਕਰੋੜ

PPCB ਨੂੰ 90 ਦਿਨਾਂ ਦਾ ਅਲਟੀਮੇਟਮ

NGT ਦੇ ਚੇਅਰਪਰਸਨ ਜਸਟਿਸ ਪ੍ਰਕਾਸ਼ ਸ੍ਰੀਵਾਸਤਵ ਨੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ (♦♦32) ਨੂੰ ਸਖ਼ਤ ਹਦਾਇਤ ਕੀਤੀ ਹੈ ਕਿ ਇਹ 13 ਕਰੱਸ਼ਰ ਤੁਰੰਤ ਪ੍ਰਭਾਵ ਨਾਲ ਬੰਦ ਰੱਖੇ ਜਾਣ। ਅਗਲੇ 90 ਦਿਨਾਂ ਦੇ ਅੰਦਰ-ਅੰਦਰ ਇਲਾਕੇ ਦੇ ਬਾਕੀ ਕਰੱਸ਼ਰਾਂ ਦੇ ਕੱਚੇ ਮਾਲ ਦੇ ਸਰੋਤਾਂ ਦੀ ਜਾਂਚ ਕੀਤੀ ਜਾਵੇ। ਜੁਰਮਾਨੇ ਦੀ ਵਸੂਲੀ ਅਤੇ ਕਾਨੂੰਨੀ ਕਾਰਵਾਈ ਦੀ ਰਿਪੋਰਟ ਮਈ 2026 ਤੱਕ ਪੇਸ਼ ਕੀਤੀ ਜਾਵੇ।

**ਸਮਾਜਿਕ ਜਥੇਬੰਦੀਆਂ ਦਾ ਪ੍ਰਤੀਕਰਮ**

ਪਬਲਿਕ ਐਕਸ਼ਨ ਕਮੇਟੀ ਅਤੇ 'ਸ਼ਿਵਾਲਿਕ ਮੋਰਚਾ' ਦੇ ਮੈਂਬਰਾਂ—ਜਸਕੀਰਤ ਸਿੰਘ, ਇੰਜੀਨੀਅਰ ਕਪਿਲ ਅਰੋੜਾ, ਡਾ. ਅਮਨਦੀਪ ਸਿੰਘ ਬੈਂਸ ਅਤੇ ਕੁਲਦੀਪ ਸਿੰਘ ਖਹਿਰਾ—ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਉਹਨਾਂ ਕਿਹਾ ਕਿ ਸ਼ਿਵਾਲਿਕ ਦੀਆਂ ਪਹਾੜੀਆਂ ਪੰਜਾਬ ਲਈ ਕੁਦਰਤੀ ਹੜ੍ਹ ਰੋਕੂ ਦੀਵਾਰ ਅਤੇ ਜ਼ਮੀਨੀ ਪਾਣੀ ਦੇ ਰੀਚਾਰਜ ਦਾ ਮੁੱਖ ਸਰੋਤ ਹਨ। ਉਹਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਹਨਾਂ ਭਾਰੀ ਜੁਰਮਾਨਿਆਂ ਦੀ ਵਸੂਲੀ ਵਿੱਚ ਢਿੱਲ ਵਰਤੀ, ਤਾਂ ਇਹ ਪੰਜਾਬ ਦੇ ਵਾਤਾਵਰਣ ਨਾਲ ਵੱਡਾ ਧ੍ਰੋਹ ਹੋਵੇਗਾ।

# ਹਰਚੰਦ ਸਿੰਘ ਬਰਸਟ ਨੇ ਹਲਕਾ ਸਮਾਣਾ ਦੇ ਪਿੰਡ ਫਤਿਹਗੜ੍ਹ ਛੰਨਾਂ ਅਤੇ ਕਾਦਰਾਬਾਦ ਵਾਸੀਆਂ ਨਾਲ ਕੀਤੀ ਮੁਲਾਕਾਤ

**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਅਤੇ ਖੁਸ਼ਹਾਲ ਬਣਾਉਣ ਲਈ ਜੰਗੀ ਪੱਧਰ ਤੇ ਕੰਮ ਕੀਤੇ ਜਾ ਰਹੇ ਹਨ। ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਅਤੇ ਵਿਕਾਸ ਕਾਰਜਾਂ ਨੂੰ ਤੇਜੀ ਨਾਲ ਅਮਲ ਵਿੱਚ ਲਿਆਉਣ ਲਈ ਸਰਕਾਰ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਲੋਕ ਭਲਾਈ ਅਤੇ ਸੂਬੇ ਦੀ ਤਰੱਕੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਵਿਖੇ ਆਯੋਜਿਤ ਮੀਟਿੰਗਾਂ ਦੌਰਾਨ ਕੀਤਾ ਗਿਆ।

ਸ. ਹਰਚੰਦ ਸਿੰਘ ਬਰਸਟ ਨੇ ਹਲਕਾ ਸਮਾਣਾ ਦੇ ਪਿੰਡ ਫਤਿਹਗੜ੍ਹ ਛੰਨਾਂ ਅਤੇ ਕਾਦਰਾਬਾਦ ਵਿਖੇ ਪਿੰਡ ਵਾਸੀਆਂ ਅਤੇ ਪਾਰਟੀ ਵਲੰਟੀਅਰਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਪਿੰਡ ਵਾਸੀਆਂ ਦਾ ਹਾਲ-ਚਾਲ ਜਾਣਿਆ ਅਤੇ ਹਲਕੇ ਤੇ ਪਿੰਡਾਂ ਵਿੱਚ ਹੋ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸਦੇ ਨਾਲ ਹੀ ਪਿੰਡਾਂ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਚਹੁੰਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਹਰ ਖੇਤਰ ਵਿੱਚ ਸੁਧਾਰ ਕੀਤੇ ਜਾ ਰਹੇ ਹਨ।



ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਹਰ ਘਰ ਤੱਕ ਬੁਨਿਆਦੀ ਸੁਵਿਧਾਵਾਂ ਪਹੁੰਚਾਉਣਾ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਰਵੱਈਆ ਅਪਣਾਇਆ ਗਿਆ ਹੈ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਸਿੱਧਾ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਪਾਰਟੀ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਬਾਰੇ ਘਰ-ਘਰ ਜਾ ਕੇ ਜਾਣਕਾਰੀ ਦੇਣ ਅਤੇ ਲੋਕਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਣ। ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ ਅਤੇ ਹਰ ਫੈਸਲਾ ਲੋਕ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾ ਰਿਹਾ ਹੈ। ਇਸ ਦੌਰਾਨ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਆਪਣੇ ਸੁਝਾਅ ਸਾਂਝੇ ਕੀਤੇ। ਸ. ਬਰਸਟ ਨੇ ਕਿਹਾ ਕਿ ਲੋਕਾਂ ਦੇ ਸੁਝਾਅ ਬਹੁਤ ਅਹਿਮ ਹੁੰਦੇ ਹਨ ਅਤੇ ਇਹਨਾਂ ਸੁਝਾਵਾਂ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਅੰਤ ਵਿੱਚ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਅਤੇ ਖੁਸ਼ਹਾਲ ਸੂਬਾ ਬਣਾਉਣ ਲਈ ਸਰਕਾਰ ਦ੍ਰਿੜ ਨਿਸ਼ਚੇ ਨਾਲ ਕੰਮ ਕਰ ਰਹੀ ਹੈ। ਇਸ ਮੌਕੇ ਰਾਣਾ ਵਿਰਕ ਬਲਾਕ ਸੰਮਤੀ ਮੈਂਬਰ, ਜਸਪਾਲ ਸਿੰਘ ਬੀਬੀਪੁਰ, ਕੁਲਦੀਪ ਸਿੰਘ ਗਿੱਲ ਫਤਿਹਗੜ੍ਹ ਛੰਨਾ, ਨਾਇਬ ਸਿੰਘ ਸਾਬਕਾ ਸਰਪੰਚ ਕਾਦਰਾਬਾਦ, ਕੁਲਬੀਰ ਸਿੰਘ ਨਮਾਦਾ, ਮਨਦੀਪ ਸਿੰਘ ਕਾਦਰਾਬਾਦ, ਅਮਰਜੀਤ ਸਿੰਘ, ਸਰਬਜੀਤ ਸਿੰਘ, ਚਰਨ ਸਿੰਘ ਫੌਜੀ, ਡਾ. ਰਣਧੀਰ ਸਿੰਘ, ਗੁਰਮੇਲ ਸਿੰਘ ਮੈਂਬਰ, ਸੰਤੋਖ ਸਿੰਘ, ਦਰਸ਼ਨ ਸਿੰਘ, ਜਤਿੰਦਰ ਪਾਲ ਸਿੰਘ, ਸੁਖਵਿੰਦਰ ਸਿੰਘ, ਗੁਲਾਬ ਸਿੰਘ ਮੈਂਬਰ, ਸੰਦੀਪ ਸਿੰਘ ਸਮੇਤ ਸਮੂਹ ਇਲਾਕਾ ਨਿਵਾਸੀ ਮੌਜੂਦ ਰਹੇ।

# ਪੰਜਾਬ ਸਰਕਾਰ ਨੇ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ 'ਤੇ ਸ਼ਿਕੰਜਾ ਕੱਸਣ ਲਈ ਨਵੀਂ ਇਨਾਮ ਨੀਤੀ ਨੂੰ ਕੀਤਾ ਨੋਟੀਫਾਈ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਗੈਂਗਸਟਰ ਮੁਕਤ ਬਣਾਉਣ ਲਈ ਵਿੱਢੀ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਨੂੰ ਹੋਰ ਮਜ਼ਬੂਤ ਕਰਦਿਆਂ, ਪੰਜਾਬ ਸਰਕਾਰ ਨੇ ਅੱਜ 'ਲੋੜੀਂਦੇ ਅਪਰਾਧੀਆਂ ਦੀ ਗ੍ਰਿਫ਼ਤਾਰੀ ਲਈ ਪੰਜਾਬ ਦੀ ਇਨਾਮ ਨੀਤੀ' ਨੂੰ ਨੋਟੀਫਾਈ ਹੋ ਗਈ ਹੈ ਜਿਸ ਨਾਲ ਫੀਲਡ ਅਧਿਕਾਰੀ ਅਤੇ ਵਿੰਗਾਂ ਦੇ ਮੁਖੀ (ਐਸਡੀਜੀਪੀ/ਏਡੀਜੀਪੀ) ਅਧਿਕਾਰਤ ਤੌਰ 'ਤੇ ਉਨ੍ਹਾਂ ਲੋਕਾਂ ਜਿਨ੍ਹਾਂ ਵੱਲੋਂ ਦਿੱਤੀ ਗਈ ਜਾਣਕਾਰੀ ਨਾਲ ਅਪਰਾਧੀਆਂ ਦੀ ਗ੍ਰਿਫਤਾਰੀ ਹੁੰਦੀ ਹੈ, ਜਾਂ ਫਿਰ ਅਸਾਧਾਰਨ ਕਾਰਵਾਈਆਂ ਕਰਨ ਵਾਲੇ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਨੂੰ ਇਨਾਮ ਦੇ ਸਕਣਗੇ।

ਜ਼ਿਕਰਯੋਗ ਹੈ ਕਿ ਇਸ ਨੀਤੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਵੱਲੋਂ ਸੋਮਵਾਰ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਇਸ ਨੀਤੀ ਦਾ ਉਦੇਸ਼ ਇਨਾਮ ਦੇਣ ਲਈ ਇੱਕ ਪਾਰਦਰਸ਼ੀ ਅਤੇ ਯੋਜਨਾਬੱਧ ਵਿਧੀ ਨੂੰ ਯਕੀਨੀ ਬਣਾਉਣਾ, ਸੂਚਨਾ ਦੇਣ ਵਾਲਿਆਂ ਨੂੰ ਪ੍ਰੇਰਿਤ ਕਰਨਾ ਅਤੇ ਲੋੜੀਂਦੇ ਅਪਰਾਧੀਆਂ ਨੂੰ ਫੜਨ ਵਿੱਚ ਕਾਨੂੰਨ ਲਾਗੂਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੇ ਯਤਨਾਂ ਨੂੰ ਮਾਨਤਾ ਦੇਣਾ ਹੈ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕਿਹਾ, ÷ਇਸ ਨੀਤੀ ਤਹਿਤ, ਐਸਐਸਪੀਜ਼ ਨੂੰ 1 ਲੱਖ ਰੁਪਏ ਤੱਕ, ਸੀਪੀਜ਼ ਅਤੇ ਆਈਜੀਪੀਜ਼/ਡੀਆਈਜੀਜ਼ ਰੇਂਜਾਂ ਨੂੰ 1.5 ਲੱਖ ਰੁਪਏ ਤੱਕ, ਵਿੰਗ ਦੇ ਮੁੱਖੀਆਂ ਨੂੰ 2 ਲੱਖ ਰੁਪਏ ਤੱਕ ਦੇ ਇਨਾਮ ਦੇਣ ਲਈ ਅਧਿਕਾਰਤ ਕੀਤਾ ਗਿਆ, ਜਦੋਂ ਕਿ ਡੀਜੀਪੀ ਪੰਜਾਬ 2 ਲੱਖ ਰੁਪਏ ਤੋਂ ਵੱਧ ਦੇ ਇਨਾਮ ਮਨਜ਼ੂਰ ਕਰ ਸਕਦੇ ਹਨ।

ਇਸ ਨੀਤੀ ਦਾ ਉਦੇਸ਼ ਲੋਕਾਂ ਅਤੇ ਪੁਲਿਸ ਮੁਲਾਜ਼ਮਾਂ ਦੋਵਾਂ ਨੂੰ ਭਰੋਸੇਯੋਗ ਅਤੇ ਕਾਰਵਾਈਯੋਗ ਜਾਣਕਾਰੀ ਪ੍ਰਦਾਨ ਕਰਨ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਕਾਨੂੰਨ ਤੋਂ ਬਚਣ ਵਾਲੇ ਅਪਰਾਧੀਆਂ ਦੀ ਪਛਾਣ, ਉਨ੍ਹਾਂ ਦੇ ਸਥਾਨ ਦਾ ਪਤਾ ਲਗਾਉਣ ਅਤੇ ਗ੍ਰਿਫਤਾਰੀ ਕੀਤੀ ਜਾ ਸਕੇ। ਇਸ ਵਿੱਚ ÷ਲੋੜੀਂਦੇ ਅਪਰਾਧੀਆਂ÷ ਦਾ ਵਿਆਪਕ ਨੈਟਵਰਕ ਸ਼ਾਮਲ ਹੈ, ਜਿਸ ਵਿੱਚ ਭਗੌੜੇ, ਘੋਸ਼ਿਤ ਅਪਰਾਧੀ, ਆਦਤਨ ਅਪਰਾਧੀ ਅਤੇ ਜਾਣਬੁੱਝ ਕੇ ਗ੍ਰਿਫਤਾਰੀ ਤੋਂ ਬਚਣ ਵਾਲੇ ਦੋਸ਼ੀ ਵਿਅਕਤੀ ਸ਼ਾਮਲ ਹਨ।

ਡੀਜੀਪੀ ਨੇ ਸਪੱਸ਼ਟ ਕੀਤਾ ਕਿ ਇਨਾਮ ਇੱਕ ਐਕਸ-ਗ੍ਰੇਸ਼ੀਆ ਅਦਾਇਗੀ ਹੈ ਅਤੇ ਇਸਨੂੰ ਅਧਿਕਾਰ ਵਜੋਂ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਨਾਮ ਦੀ ਰਾਸ਼ੀ ਅਪਰਾਧ ਦੀ ਗੰਭੀਰਤਾ, ਸੂਚਨਾ ਦੇਣ ਵਾਲੇ ਦੁਆਰਾ ਲਏ ਗਏ ਜੋਖਮ ਦੇ ਪੱਧਰ ਅਤੇ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸਮੁੱਚੀ ਗੁਣਵੱਤਾ ਨੂੰ ਧਿਆਨ ਵਿੱਚ ਰੱਖਦਿਆਂ, ਕੇਸ-ਦਰ-ਕੇਸ ਆਧਾਰ 'ਤੇ ਨਿਰਧਾਰਤ ਕੀਤੀ ਜਾਵੇਗੀ। ਪਾਰਦਰਸ਼ਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਨੀਤੀ ਤਹਿਤ ਇੱਕ ਢਾਂਚਾਗਤ ਸਿਫ਼ਾਰਸ਼ ਪ੍ਰਕਿਰਿਆ ਨੂੰ ਲਾਜ਼ਮੀ ਬਣਾਇਆ ਗਿਆ ਹੈ ਅਤੇ ਕਾਰਵਾਈ ਵਿੱਚ ਸ਼ਾਮਲ ਨਿਗਰਾਨ ਗਜ਼ਟਿਡ ਅਧਿਕਾਰੀ ਵੱਲੋਂ ਲਾਜ਼ਮੀ ਤੌਰ 'ਤੇ ਜਾਣਕਾਰੀ ਦੀ ਭਰੋਸੇਯੋਗਤਾ ਅਤੇ ਸ਼ਾਮਲ ਵਿਅਕਤੀਆਂ ਦੀਆਂ ਖਾਸ ਭੂਮਿਕਾਵਾਂ ਨੂੰ ਪ੍ਰਮਾਣਿਤ ਕਰਨ ਸਬੰਧੀ ਰਿਪੋਰਟ ਜਮ੍ਹਾਂ ਕਰਾਉਣੀ ਹੋਵੇਗੀ। ਡੀਜੀਪੀ ਨੇ ਕਿਹਾ ਕਿ ਜਾਣਕਾਰੀ ਪ੍ਰਦਾਨ ਕਰਨ ਵਾਲੇ ਵਿਅਕਤੀਆਂ ਦੀ ਪਛਾਣ ਹਰ ਪੜਾਅ 'ਤੇ ਗੁਪਤ ਰੱਖੀ ਜਾਵੇਗੀ।

# ਭਾਰਤ ਦੀ ਵਿਲੱਖਣ ਪਹਿਚਾਣ ਅਥਾਰਿਟੀ ਚੰਡੀਗੜ੍ਹ ਦਫ਼ਤਰ ਨੇ ਆਧਾਰ ਅਪ੍ਰੇਟਰਾਂ ਅਤੇ ਸੁਪਰਵਾਇਜ਼ਰਾਂ ਲਈ ਵੱਡੀ ਟ੍ਰੇਨਿੰਗ ਦਾ ਆਯੋਜਨ ਕੀਤਾ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਵਿਲੱਖਣ ਪਹਿਚਾਣ ਅਥਾਰਿਟੀ (ਯੂਆਈਡੀਏਆਈ/”9419), ਖੇਤਰੀ ਦਫ਼ਤਰ, ਚੰਡੀਗੜ੍ਹ ਨੇ ਹਰਿਆਣਾ ਦੇ ਆਧਾਰ ਅਪ੍ਰੇਟਰਾਂ ਲਈ ਆਧਾਰ ਨਾਮਾਂਕਣ ਅਤੇ ਅਪਡੇਟ ਸਬੰਧੀ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਟ੍ਰੇਨਿੰਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਆਯੋਜਿਤ ਹੋਈ, ਜਿਸ ਵਿੱਚ 80 ਤੋਂ ਅਧਿਕ ਪ੍ਰਤੀਭਾਗੀਆਂ ਨੇ ਹਿੱਸਾ ਲਿਆ। ਪ੍ਰੋਗਰਾਮ ਦਾ ਮੁੱਖ ਉਦੇਸ਼ ਅਪ੍ਰੇਟਰਾਂ ਦੀ ਕਾਰਜ ਦਕਸ਼ਤਾ ਵਧਾਉਣਾ ਅਤੇ ਆਧਾਰ ਨਾਮਾਂਕਣ ਅਤੇ ਅਪਡੇਟ ਪ੍ਰਕਿਰਿਆਵਾਂ ਬਾਰੇ ਉਨ੍ਹਾਂ ਦੀ ਸਮਝ ਨੂੰ ਮਜ਼ਬੂਤ ਕਰਨਾ ਸੀ।

ਇਸ ਪ੍ਰੋਗਰਾਮ ਦਾ ਉਦਘਾਟਨ ਕਰਨਲ ਐੱਚ.ਐੱਸ. ਕਪੂਰ, ਡਾਇਰੈਕਟਰ, ਯੂਆਈਡੀਏਆਈ ਖੇਤਰੀ ਦਫ਼ਤਰ, ਚੰਡੀਗੜ੍ਹ ਦੁਆਰਾ ਕੀਤਾ ਗਿਆ। ਇਸ ਅਵਸਰ 'ਤੇ ਸ਼੍ਰੀ ਤੇਜਿੰਦਰ ਪਾਲ ਸਿੰਘ, ਡਿਪਟੀ ਡਾਇਰੈਕਟਰ; ਸ਼੍ਰੀ ਗੌਰਵ ਸ਼ਰਮਾ, ਪ੍ਰੋਜੈਕਟ ਮੈਨੇਜਰ; ਸ਼੍ਰੀ ਜਸਪਾਲ ਸਿੰਘ, ਸੈਕਸ਼ਨ ਅਫ਼ਸਰ; ਸੁਸ਼੍ਰੀ ਬਬੀਤਾ ਰਾਣੀ, ਅਸਿਸਟੈਂਟ ਮੈਨੇਜਰ; ਅਤੇ ਸ਼੍ਰੀ ਵਿਵੇਕ, ਅਸਿਸਟੈਂਟ ਮੈਨੇਜਰ ਉਪਸਥਿਤ ਰਹੇ। ਟ੍ਰੇਨਿੰਗ ਦਾ ਸੰਚਾਲਨ ਯੂਆਈਡੀਏਆਈ ਹੈੱਡਕੁਆਰਟਰ ਦੇ ਨਾਮਾਂਕਣ ਅਤੇ ਅਪਡੇਟ ਡਿਵੀਜ਼ਨ ਦੇ ਸਹਿਯੋਗ ਨਾਲ ਸ਼੍ਰੀ ਅਨਿਲ ਸ਼ਰਮਾ ਦੁਆਰਾ ਕੀਤਾ ਗਿਆ।

ਸੈਸ਼ਨ ਦੇ ਦੌਰਾਨ, ਪ੍ਰਤੀਭਾਗੀਆਂ ਨੂੰ ਆਧਾਰ ਪ੍ਰਣਾਲੀ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ, ਨਵੀਨਤਮ ਸਵੀਕ੍ਰਿਤ ਦਸਤਾਵੇਜ਼ਾਂ ਦੀ ਸੂਚੀ, ਤਰੁਟੀਆਂ ਅਤੇ ਦੰਡ ਨਾਲ ਸਬੰਧਿਤ ਪ੍ਰਾਵਧਾਨਾਂ, ਯੂਡੀਆਈਐੱਸਈ ਪੋਰਟਲ, ਅਤੇ ਜਨਮ ਮਿਤੀ (ਡੀਓਬੀ/4✿2) ਅਪਡੇਟਸ ਸਬੰਧੀ ਦਿਸ਼ਾ-ਨਿਰਦੇਸ਼ਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ। ਪ੍ਰੋਗਰਾਮ ਦਾ ਸਮਾਪਨ ਇੰਟਰਐਕਟਿਵ ਪ੍ਰਸ਼ਨ-ਉੱਤਰ ਸੈਸ਼ਨ ਨਾਲ ਹੋਇਆ, ਜਿਸ ਵਿੱਚ ਪ੍ਰਤੀਭਾਗੀਆਂ ਨੇ ਆਪਣੇ ਸਵਾਲ ਉਠਾਏ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਕਾਰਜ ਸਬੰਧੀ ਚੁਣੌਤੀਆਂ ਬਾਰੇ ਸਪਸ਼ਟ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ।

ਇਹ ਟ੍ਰੇਨਿੰਗ ਪ੍ਰੋਗਰਾਮ ਯੂਆਈਡੀਏਆਈ (UIDAI) ਚੰਡੀਗੜ੍ਹ ਖੇਤਰੀ ਦਫ਼ਤਰ ਦੀ ਖੇਤਰੀ ਕਾਰਜਕਰਤਾਵਾਂ ਦੇ ਸਮਰੱਥਾ ਨਿਰਮਾਣ ਅਤੇ ਆਧਾਰ ਸੇਵਾਵਾਂ ਦੀ ਸਰਲ, ਸਹਿਜ ਅਤੇ ਨਾਗਰਿਕ-ਅਨੁਕੂਲ ਸੇਵਾ ਸਪੁਰਦਗੀ (ਸਰਵਿਸ ਡਿਲਿਵਰੀ) ਸੁਨਿਸ਼ਚਿਤ ਕਰਨ ਦੀ ਨਿਰੰਤਰ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

# ਪੰਜਾਬ ਸਟੇਟ ਸਿਵਿਲ ਏਵੀਏਸ਼ਨ ਕੌਂਸਲ ਵੱਲੋਂ ਠੇਕੇ ਅਧਾਰ 'ਤੇ ਭਰਤੀਆਂ, 11 ਮਾਰਚ ਤੱਕ ਅਰਜ਼ੀਆਂ



**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਸਿਵਿਲ ਏਵੀਏਸ਼ਨ ਕੌਂਸਲ ਵੱਲੋਂ ਫਲਾਇੰਗ ਟ੍ਰੇਨਿੰਗ ਆਰਗਨਾਈਜ਼ੇਸ਼ਨ ਪਟਿਆਲਾ ਅਤੇ ਅੰਮ੍ਰਿਤਸਰ ਨਾਲ ਨਾਲ ਪੰਜਾਬ ਏਅਰਕ੍ਰਾਫਟ ਮੇਨਟੇਨੈਂਸ ਇੰਜੀਨੀਅਰਿੰਗ ਕਾਲਜ, ਪਟਿਆਲਾ ਲਈ ਸੰਵਿਦਾ (ਕਾਂਟ੍ਰੈਕਟ) ਅਧਾਰ 'ਤੇ ਵੱਖ-ਵੱਖ ਅਸਾਮੀਆਂ 'ਤੇ ਭਰਤੀ ਕਰਨ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ।

ਕੌਂਸਲ ਵੱਲੋਂ ਜਾਰੀ ਭਰਤੀ ਸੂਚਨਾ ਅਨੁਸਾਰ ਕੁੱਲ 10 ਅਸਾਮੀਆਂ ਭਰੀਆਂ ਜਾਣਗੀਆਂ। ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ—

ਪਾਇਲਟ ਇੰਸਟ੍ਰਕਟਰ - 02 ਅਸਾਮੀਆਂ
ਅਸਿਸਟੈਂਟ ਪਾਇਲਟ ਇੰਸਟ੍ਰਕਟਰ - 02 ਅਸਾਮੀਆਂ
ਇੰਸਟ੍ਰਕਟਰ (ਏਅਰ ਫ੍ਰੇਮ) - 02 ਅਸਾਮੀਆਂ
ਗ੍ਰਾਊਂਡ ਇੰਸਟ੍ਰਕਟਰ - 01 ਅਸਾਮੀ
ਟੈਕਨੀਕਲ ਅਫਸਰ - 01 ਅਸਾਮੀ
ਅਕਾਊਂਟੈਂਟ - 02 ਅਸਾਮੀਆਂ

ਇੱਛੁਕ ਅਤੇ ਯੋਗ ਉਮੀਦਵਾਰ ਆਪਣੀਆਂ ਅਰਜ਼ੀਆਂ 11 ਮਾਰਚ 2026 ਸ਼ਾਮ 3 ਵਜੇ ਤੱਕ ਜਾਂ ਇਸ ਤੋਂ ਪਹਿਲਾਂ ਸਪੀਡ ਪੋਸਟ/ਰਜਿਸਟਰਡ ਡਾਕ ਜਾਂ ਨਿੱਜੀ ਤੌਰ 'ਤੇ ਪੰਜਾਬ ਸਟੇਟ ਸਿਵਿਲ ਏਵੀਏਸ਼ਨ ਕੌਂਸਲ, ਸਿਵਿਲ ਏਅਰੋਡਰੋਮ, ਸੰਗਰੂਰ ਰੋਡ, ਪਟਿਆਲਾ ਦੇ ਪਤੇ 'ਤੇ ਭੇਜ ਸਕਦੇ ਹਨ।

ਕੌਂਸਲ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਨਿਰਧਾਰਿਤ ਮਿਤੀ ਅਤੇ ਸਮੇਂ ਤੋਂ ਬਾਅਦ ਮਿਲੀਆਂ ਅਰਜ਼ੀਆਂ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਭਰਤੀ ਨਾਲ ਸਬੰਧਤ ਵਿਸਥਾਰਪੂਰਕ ਜਾਣਕਾਰੀ, ਯੋਗਤਾ ਸ਼ਰਤਾਂ ਅਤੇ ਅਰਜ਼ੀ ਫਾਰਮ ਲਈ ਉਮੀਦਵਾਰ www.pamecpatiala.com ਵੈੱਬਸਾਈਟ 'ਤੇ ਵੇਖ ਸਕਦੇ ਹਨ।

# ਜਲਵਾਯੂ ਪਰਿਵਰਤਨ ਅਤੇ ਮਨੁੱਖੀ ਸਿਹਤ ਸਬੰਧੀ ਪ੍ਰੋਗਰਾਮ ਦੀ ਟੀਮ ਵੱਲੋਂ ਪਟਿਆਲਾ ਦੀ ਸਿਹਤ ਸੰਸਥਾਵਾਂ ਦਾ ਦੌਰਾ



**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਵਾਯੂ ਪਰਿਵਰਤਨ ਅਤੇ ਮਨੁੱਖੀ ਸਿਹਤ ਪ੍ਰੋਗਰਾਮ ਅਧੀਨ ਕੇਂਦਰ ਸਰਕਾਰ ਵੱਲੋਂ ਆਈ ਟੀਮ ਨੇ ਹੀਟਵੇਵ ਦੇ ਮਰੀਜਾਂ ਦੀ ਸੰਭਾਲ ਪ੍ਰਤੀ ਹਸਪਤਾਲਾ ਦੀ ਤਿਆਰੀ ਅਤੇ ਸਟਾਫ ਦੀ ਟ੍ਰੇਨਿੰਗ ਆਦਿ ਦੀ ਜਰੂਰਤਾਂ ਨੂੰ ਜਾਣਨ ਲਈ ਮਾਤਾ ਕੁਸ਼ੱਲਿਆ ਹਸਪਤਾਲ, ਸਿਵਲ ਹਸਪਤਾਲ ਨਾਭਾ, ਸੀ.ਐਚ.ਸੀ ਭਾਦਸੋਂ ਅਤੇ ਪੀ.ਐਚ.ਸੀ ਅਜਨੌਦਾ ਦਾ ਦੌਰਾ ਕੀਤਾ।

ਇਸ ਦੌਰੇ ਦਾ ਮਕਸਦ ਜ਼ਿਲ੍ਹੇ ਵਿੱਚ ਉਕਤ ਪ੍ਰੋਗਰਾਮ ਨਾਲ ਸੰਬੰਧਿਤ ਚੱਲ ਰਹੇ ਕੰਮਾਂ ਦੀ ਜਾਣਕਾਰੀ ਲੈਣਾ ਅਤੇ ਉਨ੍ਹਾਂ ਸਬੰਧੀ ਜਿਲ੍ਹੇ ਵਿੱਚ ਚਲ ਰਹੇ ਕੰਮਾਂ ਦੀ ਸਮੀਖਿਆ ਕਰਨਾ ਸੀ। ਕੇਂਦਰੀ ਟੀਮ ਵਿੱਚ ਡਾ.ਸੰਜੀਵ ਕੁਮਾਰ ਸੀਨੀਅਰ ਕੰਸਲਟੇਂਟ, ਆਲ ਇੰਡਿਆ ਇੰਸਟੀਟਿਊਟ ਆਫ ਹੈਲਥ ਸਾਈਸਿਜ਼ ਦਿੱਲੀ ਦੇ ਨਾਲ ਜਿਲ੍ਹਾ ਨੋਡਲ ਅਫਸਰ ਡਾ.ਸੁਮੀਤ ਸਿੰਘ ਨੇ ਹਸਪਤਾਲਾ ਦਾ ਨਿਰੀਖਣ ਕਰ ਯੋਗ ਸਲਾਹ ਦਿੰਦੇ ਹੋਏ ਪ੍ਰੋਗਰਾਮ ਦੀਆ ਗਤੀਵਿਧੀਆਂ ਵਿੱਚ ਵਾਧਾ ਕਰਦੇ ਹੋਏ ਆਮ ਨਾਗਰਿਕਾਂ ਨੂੰ ਮੌਸਮੀ ਬਦਲਾਅ ਨਾਲ ਜੁੜੀਆ ਸਿਹਤ ਸਬੰਧੀ ਦਿੱਕਤਾਂ ਬਾਰੇ ਜਾਗਰੂਕ ਕਰਨ ਲਈ ਉਤਸ਼ਾਹਿਤ ਕੀਤਾ। ਟੀਮ ਨੇ ਹਸਪਤਾਲ ਮੁਖੀ ਅਤੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਵੱਖ-ਵੱਖ ਹੋਰ ਸਰਕਾਰੀ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਗੱਲਬਾਤ ਕੀਤੀ।

ਟੀਮ ਨੇ ਜ਼ਿਲ੍ਹਾ ਸਿਹਤ ਵਿਭਾਗ ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਭਵਿੱਖ ਵਿੱਚ ਹੋਰ ਚੰਗਾ ਕੰਮ ਕਰਨ ਲਈ ਸੁਝਾਅ ਵੀ ਦਿੱਤੇ। ਸਿਵਲ ਸਰਜਨ ਪਟਿਆਲਾ ਨੇ ਕਿਹਾ ਕਿ ਵਾਤਾਵਰਣ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ।

# ਪਟਿਆਲਾ ਵਿੱਚ ਸ੍ਰੀ ਹਨੂੰਮਾਨ ਚਾਲੀਸਾ ਪਾਠ ਮਹੋਤਸਵ ਸ਼ਰਧਾ ਨਾਲ ਸੰਪੰਨ; ਸਮਾਜ ਸੇਵਕਾਂ ਦਾ ਕੀਤਾ ਸਨਮਾਨ

**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੀ ਧਾਰਮਿਕ ਸ਼ਾਖਾ ਸ੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਆਯੋਜਿਤ ਸਾਲਾਨਾ ਸ੍ਰੀ ਹਨੂੰਮਾਨ ਜੀ ਚਾਲੀਸਾ ਪਾਠ ਮਹੋਤਸਵ ਅੱਜ ਸ਼ਰਧਾ ਅਤੇ ਭਗਤੀ ਭਰੇ ਮਾਹੌਲ ਵਿੱਚ ਕਾਲੀ ਮਾਤਾ ਮੰਦਰ ਦੇ ਵਿਹੜੇ ਵਿੱਚ ਸੰਪੰਨ ਹੋ ਗਿਆ। ਸਵੇਰ ਤੋਂ ਸ਼ਾਮ ਤੱਕ ਚੱਲੇ ਇਸ ਧਾਰਮਿਕ ਸਮਾਗਮ ਦੌਰਾਨ ਭਗਵਾਨ ਹਨੂੰਮਾਨ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ।

ਇਸ ਮੌਕੇ ਪ੍ਰਸਿੱਧ ਸਮਾਜ ਸੇਵੀ ਸੰਸਥਾ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਪ੍ਰਧਾਨ ਰਾਕੇਸ਼ ਵਰਮੀ ਅਤੇ ਸਕੱਤਰ ਤੇ ਨਾਲ ਹੀ ਰਾਜਿੰਦਰਾ ਜਿਮਖਾਨਾ ਮਹਿੰਦਰਾ ਕਲੱਬ ਦੇ ਆਨਰੇਰੀ ਸਕੱਤਰ ਹਰਪ੍ਰੀਤ ਸਿੰਘ ਸੰਧੂ ਨੂੰ ਸਮਾਜਿਕ ਸੇਵਾਵਾਂ ਵਿੱਚ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੂੰ ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਪਵਨ ਕੁਮਾਰ ਗੁਪਤਾ ਅਤੇ ਉਨ੍ਹਾਂ ਦੀ ਸਮੂਹ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਆਯੋਜਕਾਂ ਨੇ ਸਮਾਗਮ ਦੀ ਸਫਲਤਾ ਲਈ ਸਾਰੇ ਸਹਿਯੋਗੀਆਂ ਅਤੇ ਸ਼ਰਧਾਲੂਆਂ ਦਾ ਵੀ ਧੰਨਵਾਦ ਕੀਤਾ।



# ਪੀੜਤਾਂ ਨੂੰ ਨਿਆਂ ਦਿਵਾਉਣ ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਰਵਾਜੇ ਹਰ ਸਮੇਂ ਖੁੱਲ੍ਹੇ : ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ

**➤ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਵਚਨਬੱਧ ➤ -ਜਤਿੰਦਰ ਸਿੰਘ ਸ਼ੰਟੀ ਨੇ ਹਿਊਮਨ ਰਾਈਟਸ ਵਾਚ ਸੰਸਥਾ ਵੱਲੋਂ ਮਨੁੱਖੀ ਅਧਿਕਾਰ ਜਾਗਰੂਕਤਾ ਲਈ ਰਾਜਪੁਰਾ 'ਚ ਕਰਵਾਏ ਜਨ ਸੰਮੇਲਨ 'ਚ ਕੀਤੀ ਸ਼ਿਰਕਤ**

**ਰਾਜਪੁਰਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਤੇ ਕੇਂਦਰ ਸਾਸ਼ਤ ਪ੍ਰਦੇਸ਼ ਚੰਡੀਗੜ੍ਹ ਦੇ ਮਨੁੱਖੀ ਅਧਿਕਾਰ ਕਮਿਸ਼ਨ (ਪੀ.ਐਸ.ਐਚ.ਆਰ.ਸੀ.) ਦੇ ਮੈਂਬਰ ਪਦਮ ਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਅੱਜ ਜ਼ੋਰ ਦੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੇ ਪੀੜਤਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਤੇ ਉਨ੍ਹਾਂ ਨੂੰ ਨਿਆਂ ਦਿਵਾਉਣ ਲਈ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਰਵਾਜੇ ਹਰ ਸਮੇਂ ਖੁੱਲ੍ਹੇ ਹਨ।

ਪਦਮ ਸ੍ਰੀ ਜਤਿੰਦਰ ਸਿੰਘ ਸ਼ੰਟੀ ਰਾਜਪੁਰਾ ਵਿਖੇ ਹਿਊਮਨ ਰਾਈਟਸ ਵਾਚ ਸੰਸਥਾ (ਰਜਿ) ਪੰਜਾਬ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਪੂਰੀ ਦੀ ਅਗਵਾਈ ਹੇਠਲੀ ਸੰਸਥਾ ਦੇ ਰਾਜਪੁਰਾ ਯੂਨਿਟ ਵੱਲੋਂ ਮਨੁੱਖੀ ਅਧਿਕਾਰ ਜਾਗਰੂਕਤਾ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਸਬੰਧੀ ਲਗਾਏ ਜਨ ਸੰਮੇਲਨ ਮੌਕੇ ਸ਼ਿਰਕਤ ਕਰ ਰਹੇ ਸਨ।

ਇਸ ਮੌਕੇ ਸੰਸਥਾ ਦੇ ਰਾਜਪੁਰਾ ਯੂਨਿਟ ਦੇ ਪ੍ਰਧਾਨ ਹਰਪ੍ਰੀਤ ਸਿੰਘ ਚੋਜੀ ਤੇ ਸੀਨੀਅਰ ਮੀਤ ਪ੍ਰਧਾਨ ਸ਼ਿਵ ਕੁਮਾਰ ਭੂਰਾ ਨੇ ਸ਼੍ਰੀ ਸ਼ੰਟੀ ਦਾ ਸਵਾਗਤ ਕੀਤਾ।

ਕਮਿਸ਼ਨ ਮੈਂਬਰ ਜਤਿੰਦਰ ਸਿੰਘ ਸ਼ੰਟੀ ਨੇ ਏ.ਡੀ.ਸੀ ਸ਼ਹਿਰੀ ਵਿਕਾਸ ਡਾ. ਇਸਮਤ ਵਿਜੇ ਸਿੰਘ, ਐਸ.ਡੀ.ਐਮ. ਨਮਨ ਮਾਰਕੰਨ, ਐਸ.ਪੀ ਸਵਰਨਜੀਤ ਕੌਰ, ਡੀ.ਐਸ.ਪੀ. ਰਾਜਪੁਰਾ ਮਨਜੀਤ ਸਿੰਘ, ਥਾਣਾ ਸਦਰ ਮੁਖੀ ਸਮੇਤ ਹੋਰ ਦੀ ਮੌਜੂਦਗੀ ਵਿਚ ਸਿਹਤ ਵਿਭਾਗ, ਨਗਰ ਕੌਂਸਲ, ਬਿਜਲੀ, ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮਨੁੱਖੀ ਅਧਿਕਾਰਾਂ ਦੇ ਮੱਦੇਨਜ਼ਰ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਮਨੁੱਖੀ ਅਧਿਕਾਰਾਂ ਨੂੰ ਹੋਰ ਬਿਹਤਰ ਬਣਾਉਣ ਲਈ ਸੁਝਾਅ ਵੀ ਲਏ।



ਇਸ ਮੌਕੇ ਉਨ੍ਹਾਂ ਨੇ ਪ੍ਰਾਪਤ ਸ਼ਿਕਾਇਤਾਂ ਦੇ ਤੁਰੰਤ ਹੱਲ ਲਈ ਦਿਸ਼ਾ ਨਿਰਦੇਸ਼ ਵੀ ਜਾਰੀ ਕੀਤੇ। ਏ.ਡੀ.ਸੀ. ਡਾ. ਇਸਮਤ ਵਿਜੇ ਸਿੰਘ ਤੇ ਐਸ.ਪੀ. ਸਵਰਨਜੀਤ ਕੌਰ ਨੇ ਭਰੋਸਾ ਦਿੱਤਾ ਕਿ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ। ਇਸ ਮੌਕੇ ਮੈਂਬਰ ਦੇ ਸਕੱਤਰ ਬਲਦੇਵ ਸਿੰਘ ਸਮੇਤ ਸੰਸਥਾ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬੇਦੀ, ਚਰਨਜੀਤ ਸਿੰਘ ਬੇਦੀ ਸਮੇਤ ਹੋਰ ਪਤਵੰਤੇ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਰਾਜ ਅੰਦਰ ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਉਲੰਘਣਾ ਦੇ ਕਿਸੇ ਵੀ ਤਰ੍ਹਾਂ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਨਿਰੰਤਰ ਕਾਰਵਾਈ ਕੀਤੀ ਜਾ ਰਹੀ ਹੈ।

ਉਨ੍ਹਾਂ ਨੇ ਲੋਕਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਬਾਬਤ ਜਾਗਰੂਕ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਰਕਾਰੀ ਮੁਲਾਜਮ ਤੇ ਅਧਿਕਾਰੀ ਤੁਹਾਡੇ ਦਿੱਤੇ ਟੈਕਸਾਂ ਦੀ ਤਨਖਾਹ ਪ੍ਰਾਪਤ ਕਰਦੇ ਹਨ, ਅਤੇ ਜੇਕਰ ਉਹ ਲੋਕਾਂ ਦੇ ਕੰਮ ਨਹੀਂ ਕਰਦੇ ਤਾਂ ਲੋਕ ਮਾਯੂਸ ਨਾ ਹੋਣ ਸਗੋਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ।

ਉਨ੍ਹਾਂ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਹੈ ਕਿ ਹਰ ਨਾਗਰਿਕ ਨੂੰ ਸੰਵਿਧਾਨ ਅਨੁਸਾਰ ਪ੍ਰਾਪਤ ਮੂਲ ਅਧਿਕਾਰਾਂ ਦੀ ਪੂਰੀ ਸੁਰੱਖਿਆ ਮਿਲੇ ਅਤੇ ਕਿਸੇ ਵੀ ਤਰ੍ਹਾਂ ਦੀ ਬੇਇਨਸਾਫੀ ਨਾ ਹੋਵੇ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਜਤਿੰਦਰ ਸਿੰਘ ਸ਼ੰਟੀ ਨੇ ਇਹ ਸੰਮੇਲਨ ਕਰਵਾਉਣ ਲਈ ਹਿਊਮਨ ਰਾਈਟਸ ਵਾਚ ਸੰਸਥਾ (ਰਜਿ) ਪੰਜਾਬ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਅਜਿਹੇ ਪ੍ਰੋਗਰਾਮ ਬਹੁਤ ਲਾਜ਼ਮੀ ਹਨ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਹਰ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ 14-14 ਵਿਅਕਤੀਆਂ ਦਾ ਕੋਰ ਗਰੁੱਪ ਬਣਾਇਆ ਜਾ ਰਿਹਾ ਹੈ ਜੋ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੰਮ ਕਰਨਗੇ ਅਤੇ ਕਮਿਸ਼ਨ ਨਾਲ ਸਬੰਧਤ ਸ਼ਿਕਾਇਤਾਂ ਤੇ ਸਮੱਸਿਆਵਾਂ ਧਿਆਨ ਵਿਚ ਲਿਆਉਣਗੇ।

ਉਨ੍ਹਾਂ ਕਿਹਾ ਕਿ ਜੇਕਰ ਕਿਤੇ ਵੀ ਮਨੁੱਖੀ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਇਸ ਸਬੰਧੀ ਲਿਖਤੀ ਸ਼ਿਕਾਇਤ ਕਮਿਸ਼ਨ ਨੂੰ ਦਿੱਤੀ ਜਾਵੇ ਜਿਸ 'ਤੇ ਦੋ ਦਿਨਾਂ ਅੰਦਰ ਯਕੀਨਨ ਕਾਰਵਾਈ ਹੋਵੇਗੀ। ਇਸ ਤੋਂ ਬਿਨ੍ਹਾਂ ਇੱਕ ਨੰਬਰ 9855475547 ਵੀ ਜਾਰੀ ਕੀਤਾ ਹੈ, ਜਿਸ 'ਤੇ ਕੋਈ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕੇਗੀ।

ਪਦਮ ਸ੍ਰੀ ਸ਼ੰਟੀ ਨੇ ਇਹ ਵੀ ਦੱਸਿਆ ਕਿ ਪੰਜਾਬ ਰਾਜ ਤੇ ਚੰਡੀਗੜ੍ਹ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਾਰੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਤਿੰਨ ਵਿਆਪਕ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ, ਜਿਨ੍ਹਾਂ 'ਚ ਢੁਕਵੀਂ ਮੁਰਦਾਘਰ ਸਹੂਲਤਾਂ ਅਤੇ ਐਂਬੂਲੈਂਸ ਵੈਨ ਸੇਵਾਵਾਂ ਨੂੰ ਬਣਾਈ ਰੱਖਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

# ਵਿਧਾਇਕ ਕੋਹਲੀ ਵੱਲੋਂ ਵਾਰਡ ਨੰਬਰ 1 ਤੋਂ ਤੀਰਥ ਯਾਤਰੀਆਂ ਦਾ ਜਥਾ ਰਵਾਨਾ



**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਵਾਰਡ ਨੰਬਰ 1 ਭਾਰਤ ਨਗਰ, ਬਲੋਸਮ ਐਨਕਲੇਵ ਤੋਂ ਤੀਰਥ ਯਾਤਰੀਆਂ ਦਾ ਇਕ ਜਥਾ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਰਵਾਨਾ ਕੀਤਾ ਗਿਆ। ਇਸ ਮੌਕੇ ਇਲਾਕਾ ਵਾਸੀਆਂ ਵਿੱਚ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਯਾਤਰੀਆਂ ਨੂੰ ਫੁੱਲਾਂ ਦੀਆਂ ਮਾਲਾਵਾਂ ਪਾ ਕੇ ਅਤੇ ਸ਼ੁਭਕਾਮਨਾਵਾਂ ਦੇ ਕੇ ਵਿਦਾ ਕੀਤਾ ਗਿਆ।

ਇਹ ਜਥਾ ਪਵਿੱਤਰ ਨਗਰੀ ਅੰਮ੍ਰਿਤਸਰ ਵਿਖੇ ਸਥਿਤ ਸ੍ਰੀ ਦਰਬਾਰ ਸਾਹਿਬ ਅਤੇ ਪ੍ਰਸਿੱਧ ਦੁਰਗਿਆਣਾ ਮੰਦਿਰ ਵਿਖੇ ਮੱਥਾ ਟੇਕਣ ਲਈ ਰਵਾਨਾ ਹੋਇਆ ਹੈ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇਹ ਸਕੀਮ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਸੋਚ ਦਾ ਨਤੀਜਾ ਹੈ, ਜਿਸ ਦਾ ਮਕਸਦ ਆਮ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀ ਸਹੂਲਤ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ ਅਤੇ ਇਸ ਸਕੀਮ ਰਾਹੀਂ ਹਜ਼ਾਰਾਂ ਲੋਕ ਲਾਭ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਯਾਤਰੀਆਂ ਦੀ ਸੁਵਿਧਾ ਲਈ ਆਵਾਜਾਈ, ਰਹਾਇਸ਼ ਅਤੇ ਭੋਜਨ ਆਦਿ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਉਹ ਬਿਨਾਂ ਕਿਸੇ ਚਿੰਤਾ ਦੇ ਧਾਰਮਿਕ ਯਾਤਰਾ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਯਾਤਰਾਵਾਂ ਨਾਲ ਸਮਾਜ ਵਿੱਚ ਆਪਸੀ ਭਾਈਚਾਰੇ ਅਤੇ ਏਕਤਾ ਦੀ ਭਾਵਨਾ ਮਜ਼ਬੂਤ ਹੁੰਦੀ ਹੈ।

ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਕੀਮ ਧਾਰਮਿਕ ਵਿਸ਼ਵਾਸ ਨਾਲ ਜੁੜੇ ਲੋਕਾਂ ਲਈ ਇਕ ਵੱਡੀ ਸੌਗਾਤ ਹੈ।ਇਸ ਮੌਕੇ ਵਾਰਡ ਨੰਬਰ 1 ਤੋਂ ਐਮ ਸੀ ਸੋਨੀਆ ਦਾਸ ਤੋਂ ਇਲਾਵਾ ਇਲਾਕਾ ਵਾਸੀ ਵੱਡੀ ਗਿਣਤੀ 'ਚ ਮੌਜੂਦ ਸਨ।

# ਸਰਵਾਈਕਲ ਕੈਂਸਰ ਦੀ ਘਟਨਾਵਾਂ ਤੇ ਮੌਤ ਦਰ ਨੂੰ ਘੱਟ ਕਰਨ ਲਈ ਸਰਕਾਰ ਕਰ ਰਹੀ ਹੈ ਲਗਾਤਾਰ ਯਤਨ : ਆਰਤੀ ਸਿੰਘ ਰਾਓ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਸੂਬਾ ਸਰਕਾਰ ਮਹਿਲਾਵਾਂ ਦੇ ਸਿਹਤ ਨੂੰ ਬਿਹਤਰ ਬਨਾਉਣ ਅਤੇ ਸਰਵਾਈਕਲ ਕੈਂਸਰ ਦੀ ਘਟਨਾਵਾਂ ਤੇ ਮੌਤ ਦਰ ਨੂੰ ਘੱਟ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਨੇ ਦਸਿਆ ਕਿ ਸਰਕਾਰ ਜਾਗਰੁਕਤਾ, ਸਮੇਂ 'ਤੇ ਜਾਂਚ ਅਤੇ ਬਿਹਤਰ ਇਲਾਜ ਸਹੂਲਤਾਂ ਨੂੰ ਮਜਬੂਤ ਕਰਨ ਲਈ ਕਈ ਠੋਸ ਕਦਮ ਚੁੱਕ ਰਹੀ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਹਰ ਸਾਲ ਵਿਸ਼ਵ ਕੈਂਸਰ ਦਿਵਸ ਅਤੇ ਕੌਮੀ ਕੈਂਸਰ ਜਾਗਰੁਕਤਾ ਦਿਵਸ ਦੇ ਮੌਕੇ 'ਤੇ ਮਹਿਲਾਵਾਂ ਨੂੰ ਸਰਵਾਈਕਲ ਕੈਂਸਰ ਦੇ ਜੋਖਿਮ ਕਾਰਕਾਂ, ਲੱਛਣਾਂ, ਸ਼ੁਰੂਆਤੀ ਪਹਿਚਾਣ ਅਤੇ ਬਚਾਅ ਦੇ ਬਾਰੇ ਵਿੱਚ ਜਾਗਰੁਕ ਕੀਤਾ ਜਾਂਦਾ ਹੈ ਅਤੇ ਵਿਸ਼ੇਸ਼ ਮੁਹਿੰਮ ਚਲਾਏ ਜਾਂਦੇ ਹਨ। ਇਸ ਤੋਂ ਇਲਾਵਾ, ਮੈਡੀਕਲ ਅਧਿਕਾਰੀਆਂ, ਸਟਾਫ ਨਰਸਾਂ, ਸੀਐਚਓ ਅਤੇ ਫ੍ਰੰਟਲਾਇਨ ਸਿਹਤ ਕਰਮਚਾਰੀਆਂ ਨੂੰ ਨਿਯਮਤ ਸਿਖਲਾਈ ਦਿੱਤੀ ਜਾਂਦੀ ਹੈ, ਜਿਸ ਨਾਲ ਸਕ੍ਰੀਨਿੰਗ ਦੀ ਗੁਣਵੱਤਾ, ਸਮੇਂ 'ਤੇ ਪਹਿਚਾਣ, ਕੰਸਲਟੇਂਸ਼ਨ ਅਤੇ ਫਾਲੋ-ਅੱਪ ਦੇਖਭਾਲ ਵਿੱਚ ਸੁਧਾਰ ਹੋ ਸਕੇ।

ਆਰਤੀ ਸਿੰਘ ਰਾਓ ਨੇ ਦਸਿਆ ਕਿ ਸਰਵਾਈਕਲ ਕੈਂਸਰ ਬੱਚੇਦਾਨੀ ਦੇ ਹੇਠਲੇ ਹਿੱਸੇ (ਸਰਵਿਕਸ) ਵਿੱਚ ਸ਼ੁਰੂ ਹੋਣ ਵਾਲਾ ਕੈਂਸਰ ਹੈ, ਜਿਸ ਦਾ ਮੁੱਖ ਕਾਰਨ ਹਿਊਮਨ ਪੈਪਿਲੋਮਾ ਵਾਇਰਸ (ੂੜ) ਦਾ ਲੰਬੇ ਸਮੇਂ ਤੱਕ ਸੰਕ੍ਰਮਣ ਹੁੰਦਾ ਹੈ। ਵਿਸ਼ੇਸ਼ ਰੂਪ ਨਾਲ ੂੜ -16 ਅਤੇ ੂੜ -18 ਪ੍ਰਕਾਰ ਵੱਧ ਖਤਰਨਾਕ ਮੰਨੇ ਜਾਂਦੇ ਹਨ। ਸਿਗਰਟਨੋਸ਼ੀ, ਘੱਟ ਉਮਰ ਵਿੱਚ ਸੈਕਸ ਕਰਨਾ, ਇੱਕ ਤੋਂ ਵੱਧ



ਜਿਨਸੀ ਸਾਥੀ, ਅਸੁਰੱਖਿਅਤ ਸੈਕਸ ਵਿਵਹਾਰ, ਘੱਟ ਉਮਰ ਵਿੱਚ ਵਿਆਹ ਅਤੇ ਗਰਭਧਾਰਣ, ਵਾਰ-ਵਾਰ ਪ੍ਰਸਵ ਅਤੇ ਕਮਜੋਰ ਪ੍ਰਤੀਰੱਖਿਆ ਪ੍ਰਣਾਲੀ ਵਰਗੇ ਕਾਰ ਇਸ ਦੇ ਜੋਖਿਮ ਨੂੰ ਵਧਾਉਂਦੇ ਹਨ।

ਸਰਵਾਈਕਲ ਕੈਂਸਰ ਦੇ ਆਮ ਲੱਛਣਾਂ ਵਿੱਚ ਪੀਰੀਅਡਸ ਦੇ ਵਿੱਚ ਖ਼ੂਨਸਰੋਤ, ਬਹੁਤ ਵੱਧ ਜਾਂ ਲੰਬੇ ਸਮੇਂ ਤੱਕ ਮਹਾਵਾਰੀ ਆਉਣਾ, ਮੀਨੋਪਸ ਤੋਂ ਬਾਅਦ ਖ਼ੂਨ ਵੱਗਣਾ, ਜਿਨਸੀ ਸਬੰਧ ਦੇ ਬਅਦ ਖ਼ੂਨਸਰੋਤ, ਬਦਬੂਦਾਰ ਯੋਨੀ ਡਿਸਚਾਰਜ, ਹੇਠਲੇ ਪੇਟ ਵਿੱਚ ਦਰਦ, ਅਚਾਨਕ ਵਜਨ ਘਟਨਾ ਅਤੇ ਪੇਸ਼ਾਬ ਦੌਰਾਨ ਦਰਦ ਸ਼ਾਮਿਲ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਇਸ ਬੀਮਾਰੀ ਦਾ ਸਮੇਂ ਰਹਿੰਦੇ ਪਤਾ ਚਲ ਜਾਵੇ ਤਾਂ ਇਸ ਦਾ ਇਲਾਜ ਕਾਫੀ ਹੱਦ ਤੱਕ ਸੰਭਵ ਹੈ।

ਉਨ੍ਹਾਂ ਨੇ ਦਸਿਆ ਕਿ ਸਿਹਤ ਵਿਭਾਗ, ਹਰਿਆਣਾ ਵੱਲੋਂ ਇਸ ਦਿਸ਼ਾ ਵਿੱਚ ਕਈ ਮਹਤੱਵਪੂਰਣ ਪਹਿਲ ਕੀਤੀਆਂ ਗਈਆਂ ਹਨ। ਰਾਜ ਦੇ ਸਾਰੇ 22 ਜਿਲ੍ਹਿਆਂ ਵਿੱਚ ਗੇਰ-ਸੰਚਾਰੀ ਰੋਗਾਂ ਦੀ ਰੋਕਥਾਮ ਅਤੇ ਕੰਟਰੋਲ ਲਈ ਕੌਮੀ ਪ੍ਰੋਗਰਾਮ ਤਹਿਤ 30 ਸਾਲ ਅਤੇ ਉਸ ਤੋਂ ਵੱਧ ਉਮਰ ਦੀ ਮਹਿਲਾਵਾਂ ਦੀ ਸਕ੍ਰੀਨਿੰਗ ਕੀਤੀ ਜਾ ਰਹੀ ਹੈ। ਇਸ ਮੁਹਿੰਮ ਵਿੱਚ ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਸਰਵਾਈਕਲ, ਸਤਨ ਅਤੇ ਸਰਵਾਈਕਲ ਕੈਂਸਰ ਦੀ ਜਾਂਚ ਸ਼ਾਮਿਲ ਹੈ।

ਮਹਿਲਾਵਾਂ ਦੀ ਜਾਂਚ ਲਈ ਵਿਜੂਅਲ ਇੰਸਪੈਕਸ਼ਨ ਵਿਦ ਏਸੋਟਿਕ ਏਸਿਡ (ੜ੧ਂ) ਨਾਮਕ ਸਰਲ ਟੇਸਟ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਦੀ ਸਹੂਲਤ ਆਯੂਸ਼ਮਾਨ ਅਰੋਗਯ ਮੰਦਿਰ, ਪ੍ਰਾਥਮਿਕ ਸਿਹਤ ਕੇਂਦਰ, ਕੰਮਿਊਨਿਟੀ ਸਿਹਤ ਕੇਂਦਰ, ਉੱਪ ਜਿਲ੍ਹਾ ਹਸਪਤਾਲ ਅਤੇ ਜਿਲ੍ਹਾ ਸਿਵਲ ਹਸਪਤਾਲਾਂ ਵਿੱਚ ਉਪਲਬਧ ਹੈ।

ਸ਼ੱਕੀ ਮਾਮਲਿਆਂ ਨੂੰ ਅੱਗੇ ਦੀ ਜਾਂਚ ਲਈ ਉੱਚ ਕੇਂਦਰ 'ਤੇ ਭੇਜਿਆ ਜਾਂਦਾ ਹੈ। ਸੂਬੇ ਵਿੱਚ ਅੰਬਾਲਾ, ਗੁਰੂਗ੍ਰਾਮ, ਹਿਸਾਰ, ਝੱਜਰ, ਸਿਰਸਾ ਅਤੇ ਸੋਨੀਪਤ ਦੇ ਜਿਲ੍ਹਾ ਸਿਵਲ ਹਸਪਤਾਲਾਂ ਵਿੱਚ ਕੋਲਪੋਸਕੋਪੀ ਦੀ ਸਹੂਲਤ ਉਪਲਬਧ ਹੈ। ਇਸ ਤੋਂ ਇਲਾਵਾ,ੁੂ ਸਮੀਅਰ, -ਟੰਫ਼, ਬਾਇਓਪਸੀ, ਸੀਟੀ ਸਕੈਨ ਅਤੇ ਐਮਆਰਆਈ ਵਰਗੀ ਸਹੂਲਤਾਂ ਵੀ ਵੱਖ-ਵੱਖ ਜਿਲ੍ਹਾ ਹਸਪਤਾਲਾਂ ਵਿੱਚ ਉਪਲਬਧ ਹਨ। ਗੰਭੀਰ ਮਾਮਲਿਆਂ ਲਈ ਸਰਕਾਰੀ ਮੈਡੀਕਲ ਕਾਲਜਾਂ ਅਤੇ ਖੇਤਰੀ ਕੈਂਸਰ ਕੇਂਦਰਾਂ ਵਿੱਚ ਉੱਚ ਪੱਧਰੀ ਇਲਾਜ ਦੀ ਵਿਵਸਥਾ ਕੀਤੀ ਗਈ ਹੈ।

ਨੈਸ਼ਨ ਐਨਸੀਡੀ ਪੋਰਟਲ ਦੇ ਅੰਕੜਿਆਂ ਅਨੁਸਾਰ ਹੁਣ ਤੱਕ 22,74,802 ਮਹਿਲਾਵਾਂ ਦੀ ਸਰਵਾਇਨ ਕੈਂਸਰ ਦੀ ਸਕ੍ਰੀਨਿੰਗ ਕੀਤੀ ਜਾ ਚੁੱਕੀ ਹੈ। ਇੰਨ੍ਹਾਂ ਵਿੱਚ 1153 ਮਹਿਲਾਵਾਂ ਵਿੱਚ ਸਰਵਾਈਕਲ ਕੈਂਸਰ ਦੀ ਪੁਸ਼ਟੀ ਹੋਈ ਹੈ ਅਤੇ ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਟੀਚਾ ਹੈ ਕਿ ਹਰ ਮਹਿਲਾ ਨੂੰ ਸਮੇਂ 'ਤੇ ਜਾਂਚ ਅਤੇ ਸਹੀ ਇਲਾਜ ਮਿਲੇ, ਤਾਂ ਜੋ ਸਰਵਾਈਕਲ ਕੈਂਸਰ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

# ਸਰਕਾਰ ਰਾਜ ਵਿੱਚ ਨਸ਼ੇ ਦੇ ਦੁਰੂਪਯੋਗ ਦੀ ਸਥਿਤੀ 'ਤੇ ਲਗਾਤਾਰ ਨਜਰ ਰੱਖ ਰਹੀ ਹੈ : ਬੇਦੀ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਦੱਸਿਆ ਕਿ ਸਰਕਾਰ ਰਾਜ ਵਿੱਚ ਨਸ਼ੇ ਦੇ ਦੁਰੂਪਯੋਗ ਦੀ ਸਥਿਤੀ 'ਤੇ ਲਗਾਤਾਰ ਨਜਰ ਰੱਖ ਰਹੀ ਹੈ ਅਤੇ ਇਨ੍ਹਾਂ ਗਤੀਵਿਧੀਆਂ ਨੂੰ ਰੋਕਣ ਲਈ ਸਾਰੇ ਲੋੜਵੰਦ ਉਪਾਅ ਵੀ ਕਰ ਰਹੀ ਹੈ।

ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸੋਮਵਾਰ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਇੱਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ।

ਸ੍ਰੀ ਬੇਦੀ ਨੇ ਸਦਨ ਨੂੰ ਜਾਣੂ ਕਰਵਾਇਆ ਕਿ ਕਲਾਇਤ ਵਿਧਾਨਸਭਾ ਖੇਤਰ ਵਿੱਚ 2023,2024 ਅਤੇ 2025 ਦੌਰਾਨ ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕੀਤੇ ਗਏ ਮਾਮਲਿਆਂ ਦੀ ਸਾਲਵਾਰ ਗਿਣਤੀ 15,14 ਅਤੇ 16 ਹੈ। ਉਨ੍ਹਾਂ ਨੇ ਦੱਸਿਆ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਸਬੰਧ ਵਿੱਚ ਸਰਕਾਰ ਵੱਲੋਂ ਕੁੱਲ੍ਹ 85 ਗਿਰਫਤਾਰਿਆਂ ਵੀ ਕੀਤੀਆਂ ਹਨ।

ਇਸੇ ਤਰ੍ਹਾਂ ਕਲਾਇਤ ਵਿਧਾਨਸਭਾ ਚੌਣ ਖੇਤਰ ਵਿੱਚ ਐਚਐਸਐਨਸੀਬੀ ਅਤੇ ਸਥਾਨਕ ਪੁਲਿਸ ਵੱਲੋਂ ਨਸ਼ੀਲੇ ਪਦਾਰਥਾਂ ਦੀ ਸਪਲਾਈ ਨੂੰ ਹਰ ਪੱਧਰ 'ਤੇ ਤੋੜਨ ਲਈ ਸਾਰੇ ਸੰਭਾਵਿਤ ਉਪਾਅ ਕੀਤੇ ਜਾ ਰਹੇ ਹਨ ਭਾਵੇਂ ਉਹ ਅਪਰਾਧਿਆਂ ਵਿਰੁਧ ਕਾਰਵਾਈ ਹੋਵੇ, ਆਦਤਨ ਅਪਰਾਧਿਆਂ ਵਿਰੁਧ ਕਦਮ ਹੋਵੇ, ਜਾਗਰੂਕਤਾ ਪ੍ਰੋਗਰਾਮ ਹੋਵੇ। ਇਸ ਦੇ ਇਲਾਵਾ ਨਸ਼ਾ ਪੀੜਤਾਂ ਦਾ ਪੁਨਰਵਾਸ ਵੀ ਕੀਤਾ ਜਾ ਰਿਹਾ ਹੈ। ਸਾਰੇ ਮਾਮਲਿਆਂ ਵਿੱਚ ਮੂਲ ਸਪਲਾਈਕਰਤਾ ਅਤੇ ਵਿਤਰਕ ਦੀ ਪਛਾਣ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਵੀ ਸਾਜਿਸ਼ਕਰਤਾ ਦੇ ਰੂਪ ਵਿੱਚ ਗਿਰਫਤਾਰ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਉਨ੍ਹਾਂ ਦੇ ਬੈਂਕ ਖਾਤਿਆਂ



ਨੂੰ ਫ੍ਰੀਜ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਸੰਪਤੀ ਵੀ ਕੁਰਕ ਕੀਤੀ ਜਾ ਰਹੀ ਹੈ। ਅਪਰਾਧਿਆਂ ਦਾ ਪਤਾ ਲਗਾਉਣ ਲਈ ਟ੍ਰੇਨਡ ਨਾਰਕੋਟਿਕਸ ਸਪ੍ਰਿਫਰ ਡਾਗਸ ਦੀ ਟੀਮ ਦਾ ਵੀ ਉਪਯੋਗ ਕੀਤਾ ਜਾ ਰਿਹਾ ਹੈ।

ਸ੍ਰੀ ਬੇਦੀ ਨੇ ਦੱਸਿਆ ਕਿ ਹਾਲਾਂਕਿ ਇਹ ਅੰਤਰ ਰਾਜਿਆਂ ਅਤੇ ਸੀਮਾਵਰਤੀ ਅਪਰਾਧ ਵੀ ਹੈ, ਇਸ ਲਈ ਸੰਦਿਗਧ ਵਿਅਕਤੀਆਂ ਅਤੇ ਟ੍ਰਾਫਿਕਾਂ ਦੀ ਜਾਂਚ ਲਈ ਅੰਤਰਰਾਜੀ ਰਸਤਿਆਂ 'ਤੇ ਨਾਕੇ ਵੀ ਲਗਾਏ ਜਾਂਦੇ ਹਨ। ਇਸ ਸਮੱਸਿਆ ਨਾਲ ਨਿਪਟਨ ਲਈ ਕੈਥਲ ਜ਼ਿਲ੍ਹੇ ਵਿੱਚ ਇੱਕ ਸਮਰਪਿਤ ਏਂਟੀ-ਨਾਰਕੋਟਿਕ ਸੇਲ ਬਣਾਇਆ ਗਿਆ ਹੈ। ਰਾਜਭਰ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਨੇਟਵਰਕ ਨੂੰ ਰੋਕਣ ਲਈ ਐਚਐਸਐਨਸੀਬੀ ਦੀ ਟੀਮਾਂ ਵੱਲੋਂ ਰੇਗੂਲਰ ਨਿਗਰਾਨੀ ਕੀਤੀ ਜਾਂਦੀ ਹੈ। ਉਨ੍ਹਾਂ ਨੇ ਦੱਸਿਆ ਕਿ ਕੈਥਲ ਵਿੱਚ ਹੋਰ ਵੱਧ ਡ੍ਰਗ ਡੀ-ਐਡਿਕਸਨ ਕੇਂਦਰ ਖੋਲੇ ਜਾ ਰਹੇ ਹਨ ਅਤੇ ਉਨ੍ਹਾਂ ਵਿੱਚ ਬੈਡ ਦੀ ਗਿਣਤੀ ਨੂੰ ਵੀ ਵਧਾਇਆ ਜਾ ਰਿਹਾ ਹੈ। ਇਸ ਦੇ ਇਲਾਵਾ 85 ਲੋਕਾਂ ਨੂੰ ਪੁਲਿਸ ਵੱਲੋਂ ਗਿਰਤਾਰ ਕਰ ਉਨ੍ਹਾਂ ਨੂੰ ਸਜਾ ਵੀ ਦਿਲਵਾਈ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਨਸ਼ਾ ਤਸਕਰਾਂ, ਨਸ਼ੇ ਦੀ ਸਪਲਾਈ ਕਰਨ ਵਾਲਿਆਂ, ਨਸ਼ਾ ਵੇਚਣ ਵਾਲਿਆਂ ਵਿਰੁਧ ਸਖ਼ਤ ਕਾਰਵਾਈ ਕਰੇਗੀ।

# ਕੁੱਲ ਆਉਟਡੋਰ ਮਰੀਜਾਂ ਵਿੱਚੋਂ 20 ਫੀਸਦੀ ਨੂੰ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ 'ਤੇ ਮੁਫਤ ਸੇਵਾ ਦੇਣ ਦਾ ਪ੍ਰਾਵਧਾਨ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਦੱਸਿਆ ਕਿ ਸ਼ਹਿਰਾਂ ਵਿੱਚ ਜਿਨ੍ਹਾਂ ਹੱਸਪਤਾਲਾਂ ਨੂੰ ਸਰਕਾਰ ਵੱਲੋਂ ਰਿਯਾਇਤੀ ਰੇਟਾਂ 'ਤੇ ਜਮੀਨ ਉਪਲਬੱਧ ਕਰਵਾਈ ਗਈ ਹੈ ਉਨ੍ਹਾਂ ਨੂੰ ਕੁੱਲ ਆਉਟਡੋਰ ਮਰੀਜਾਂ ਵਿੱਚੋਂ 20 ਫੀਸਦੀ ਨੂੰ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ 'ਤੇ ਮੁਫਤ ਸੇਵਾ ਦੇਣ ਦਾ ਪ੍ਰਾਵਧਾਨ ਹੈ।

ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਇੱਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ।

ਸ੍ਰੀ ਬੇਦੀ ਨੇ ਦੱਸਿਆ ਕਿ ਗਰੀਬ ਲੋਕਾਂ ਨੂੰ ਮੁਫਤ ਇਲਾਜ ਲਈ ਰਿਯਾਇਤੀ ਰੇਟਾਂ 'ਤੇ ਹੱਸਪਤਾਲ ਸਾਇਟਸ ਦਾ ਅਲਾਟਮੇਂਟ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਪਾਲਿਸੀ ਦੀ ਗਾਇਡਲਾਇੰਸ ਤਹਿਤ ਕੀਤਾ ਗਿਆ ਹੈ। ਇਸ ਦੇ ਮੁਤਾਬਿਕ ਹਰਿਆਣਾ ਦੇ ਕਿਸੇ ਵੀ ਅਰਬਨ ਸਟੇਟ ਵਿੱਚ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੇ ਸੇਕਟਰਾਂ ਵਿੱਚ ਅਲਾਟ ਕੀਤੇ ਗਏ ਸੁਪਰ ਸਪੇਸ਼ਲਿਟੀ ਹੱਸਪਤਾਲ ਦੇ ਇਲਾਵਾ ਸਾਰੇ ਹੱਸਪਤਾਲ ਉਨ੍ਹਾਂ ਦੇ ਆਉਣ ਵਾਲੇ ਕੁੱਲ੍ਹ ਆਉਟਡੋਰ ਮਰੀਜਾਂ ਵਿੱਚੋਂ 20 ਫੀਸਦੀ ਨੂੰ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ 'ਤੇ ਮੁਫਤ ਸਰਵਿਸ ਦੇਣਗੇ ਅਤੇ ਇਨਡੋਰ ਮਰੀਜਾਂ ਲਈ ਅਜਿਹੇ ਸਾਰੇ ਹੱਸਪਤਾਲ ਸਮਾਜ ਦੇ ਆਰਥਿਕ ਰੂਪ ਨਾਲ ਕਮਜੋਰ ਵਰਗ ਦੇ ਲੋਕਾਂ ਲਈ ਕੁੱਲ੍ਹ ਬੈਡ ਦਾ 10 ਫੀਸਦੀ ਮੁਫਤ ਇਲਾਜ ਲਈ ਰਿਜਰਵ ਰਖਣਗੇ। ਉਨ੍ਹਾਂ ਨੇ ਦੱਸਿਆ ਕਿ ਗਰੀਬ ਮਰੀਜਾਂ ਦੇ ਇਲਾਜ ਦੇ ਸਬੰਧ ਵਿੱਚ ਨਿਯਮਾਂ ਅਤੇ ਸ਼ਰਤਾਂ ਦਾ ਸਖ਼ਤੀ ਨਾਲ ਪਾਲਨ ਯਕੀਨੀ ਕਰਨ ਲਈ 8 ਦਸੰਬਰ, 2022 ਨੂੰ ਪਾਲਿਸੀ ਵਿੱਚ ਬਦਲਾਵ ਕੀਤਾ ਗਿਆ ਸੀ, ਜਿਸ ਵਿੱਚ ਪੋਰਟਲ ਦਾ ਪ੍ਰਾਵਧਾਨ ਹੈ। ਹੁਣ ਅਥਾਰਿਟੀ ਨੇ ਗੁਰੂਗ੍ਰਾਮ ਜ਼ਿਲ੍ਹੇ ਵਿੱਚ ਰਿਯਾਇਤੀ ਰੇਟਾਂ 'ਤੇ 4 ਹੱਸਪਤਾਲ ਅਤੇ ਫਰੀਦਾਬਾਦ ਜ਼ਿਲ੍ਹੇ ਵਿੱਚ 7 ਹੱਸਪਤਾਲ ਲਈ ਜਮੀਨ ਅਲਾਟ ਕੀਤੀ ਗਈ ਹੈ। ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਪੋਰਟਲ ਅਨੁਸਾਰ, 8086 ਮਰੀਜਾਂ ਨੂੰ ਪਾਲਿਸੀ ਅਨੁਸਾਰ ਇਲਾਜ ਦਿੱਤਾ ਗਿਆ ਹੈ।

# ਸਰਕਾਰ ਸੂਬੇ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ ਦੇ ਰੱਖ-ਰਖਾਵ ਦੇ ਪ੍ਰਤੀ ਸਰਕਾਰ ਗੰਭੀਰ : ਗੰਗਵਾ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਸੂਬੇ ਦੀ ਸਾਰੇ ਪ੍ਰਮੁੱਖ ਸੜਕਾਂ ਦੇ ਰੱਖ-ਰਖਾਵ ਦੇ ਪ੍ਰਤੀ ਸਰਕਾਰ ਗੰਭੀਰ ਹੈ ਅਤੇ ਲਗਾਤਾਰ ਸਾਰੇ 23 ਜਿਲ੍ਹਿਆਂ ਦੀ ਸੜਕਾਂ ਦੀ ਮੁਰੰਮਤ ਤੇ ਮਜਬੂਤੀਕਰਣ ਦਾ ਕੰਮ ਪ੍ਰਗਤੀ 'ਤੇ ਹੈ।

ਮੰਤਰੀ ਸ੍ਰੀ ਰਣਬੀਰ ਗੰਗਵਾ ਵਿਧਾਨਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੇ ਸੁਆਲ ਸਮੇਂ ਦੌਰਾਨ ਸ੍ਰੀਮਤੀ ਗੀਤਾ ਭੁੱਕਲ ਵੱਲੋਂ ਝੱਜਰ ਵਿਧਾਨਸਭਾ ਖੇਤਰ ਦੀ ਸੜਕਾਂ ਦੇ ਬਾਰੇ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਦਸਿਆ ਕਿ 10 ਸੜਕਾਂ ਵਿੱਚੋਂ ਤਿੰਨ ਰਸਾਲਵਾਲਾ ਚੌਕ ਤੋਂ ਭਡਾਨਾ ਭਦਾਨੀ ਵਾਇਆ ਪਿੰਡ ਖੇੜੀ ਆਸਰਾ, ਮਾਰੋਤ ਤੋਂ ਸੂਰਜਗੜ੍ਹ ਸੜਕ ਤੱਕ, ਪਿੰਡ ਤਮਾਸਪੁਰਾ-ਫੋਟਪੁਰਾ ਦੀ ਪਹੁੰਚ -ਕਾਰਗ ਦਾ ਵਿਸ਼ੇਸ਼ ਮੁਰੰਮਤ ਦਾ ਕੰਮ ਪ੍ਰਗਤੀ 'ਤੇ ਹੈ ਅਤੇ ਇਹ ਗੰਮ ਸਾਲ 2026 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।ਉਨ੍ਹਾਂ ਨੇ ਦਸਿਆ ਕਿ ਇਸ ਤਰ੍ਹਾ ਮਾਤਨਹੇਲ ਤੋਂ ਖਾਪੜਵਾਸ ਤੱਕ ਦੋ ਸੜਕਾਂ ਜਿਨ੍ਹਾਂ ਵਿੱਚੋਂ ਇੱਕ ਮਾਤਨਹੇਲ ਤੋਂ ਜੇਐੱਲਐਨ ਤੱਕ ਜੋ ਹਰਿਆਣਾ ਰਾਜ



ਖੇਤੀਬਾੜੀ ਮਾਰਕਟਿੰਗ ਬੋਰਡ ਦੀ ਹੈ ਅਤੇ ਜੇਐੱਲਐਨ ਤੋਂ ਖਾਪੜਵਾਸ ਤੱਕ ਜੋ ਲੋਕ ਨਿਰਮਾਣ (ਬੀ ਐਂਡ ਆਰ) ਵਿਭਾਗ ਦੀ ਹੈ। ਇੰਨ੍ਹਾਂ ਦਾ ਵਿਸ਼ੇਸ਼ ਮੁਰੰਮਤ ਦਾ ਕੰਮ ਪ੍ਰਗਤੀ 'ਤੇ ਹੈ ਅਤੇ ਇਹ ਕੰਮ ਮਾਰਚ 2026 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

ਉਨ੍ਹਾਂ ਨੇ ਦਸਿਆ ਕਿ ਸਾਂਪਲਾ ਰੋਡ ਤੋਂ ਜੁਪਿਟਰ ਹੋਟਲ ਤੱਕ ਨਾਲੇ ਦੇ ਨਾਲ ਦੀ ਸੜਕ ਭਾਰਤੀ ਕੌਮੀ ਰਾਜਮਾਰਗ ਅਥਾਰਿਟੀ ਦੇ ਤਹਿਤ ਆਉਂਦੀ ਹੈ ਅਤੇ ਐਨਐਚ-334-ਬੀ ਦਾ ਹਿੱਸਾ ਹੈ। ਇਸ ਦੇ ਨਾਲ ਹੀ, ਪਿੰਡ ਖੋਰੜਾ ਤੋਂ ਮਕਡਾਨੀ ਸੜਕ ਦੀ ਲੰਬਾਈ 4,180 ਕਿਲੋਮੀਟਰ ਹੈ। ਜਿਸ ਵਿੱਚੋਂ 600 ਮੀਟਰ ਲੰਬਾਈ ਦੀ ਈ-ਭੂਮੀ ਪੋਰਟਲ ਰਾਹੀਂ ਖਰੀਦਣ ਦੀ ਪ੍ਰਕ੍ਰਿਆ ਚੱਲ ਰਹੀ ਹੈ, ਜਿਸ ਦਾ ਕੰਮ ਇਸ ਸੜਕ ਦੀ ਵਿਸ਼ੇਸ਼ ਮੁਰੰਮਤ ਦਾ ਕੰਮ ਵਿੱਤੀ ਸਾਲ 2026-2027 ਵਿੱਚ ਪ੍ਰਸਤਾਵਿਤ ਹੈ।

ਉਨ੍ਹਾਂ ਨੇ ਦਸਿਆ ਕਿ ਜਮਾਲਪੁਰ ਤੋਂ ਭੂਰਾਵਾਸ, ਜਮਾਲਪੁਰ ਤੋਂ ਝਾਂਸਵਾ ਦੇ ਸੜਕਾਂ ਦੇ ਮੁਰੰਮਤ ਲਈ ਟੈਂਡਰ ਪ੍ਰਕ੍ਰਿਆ ਪੂਰੀ ਹੋ ਚੁੱਕੀ ਹੈ ਅਤੇ ਮਾਰਚ 2026 ਤੱਕ ਕੰਮ ਸ਼ੁਰੂ ਹੋ ਜਾਵੇਗਾ। ਕੋਹਿਲਪੁਰ ਤੋਂ ਖਾਤੀਵਾਸ ਪਿੰਡ ਸੜਕ ਦੀ ਸਥਿਤੀ ਸੰਤੋਸ਼ਜਨਕ ਹੈ।

ਸ੍ਰੀ ਗੰਗਵਾ ਨੇ ਸਦਨ ਨੂੰ ਜਾਣੂ ਕਰਵਾਇਆ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜੋ ਪਿਛਲੇ ਬਜਟ ਵਿੱਚ ਐਲਾਨ ਕੀਤਾ ਸੀ ਸਾਲ 2025-26 ਵਿੱਚ 6500 ਕਿਲੋਮੀਟਰ ਸੜਕਾਂ ਦੀ ਮੁਰੰਮਤ ਦਾ ਕੰਮ ਕੀਤਾ ਜਾਵੇਗਾ। ਇਸ ਵਿੱਚੋਂ 6150 ਕਿਲੋਮੀਟਰ ਸੜਕਾਂ ਦੀ ਮੁਰੰਮਤ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ 31 ਮਾਰਚ ਤੱਕ 6500 ਕਿਲੋਮੀਟਰ ਦੀ ਮੁਰੰਮਤ ਦਾ ਕੰਮ ਪੂਰਾ ਕਰ ਲਿਆ ਜਾਵੇਗਾ।

ਇਸ ਤੋਂ ਇਲਾਵਾ ਵੀ 3500 ਕਿਲੋਮੀਟਰ ਸੜਕ ਜੋ 12 ਫੁੱਟ ਦੀ ਹੈ ਉਸ ਨੂੰ 18 ਫੁੱਟ ਚੌੜਾ ਕੀਤਾ ਜਾਵੇਗਾ ਅਤੇ 2027 ਤੱਕ ਲੋਕ ਨਿਰਮਾਣ ਵਿਭਾਗ ਦੀ ਕੋਈ ਵੀ ਸੜਕ 18 ਫੁੱਟ ਚੌੜਾਈ ਤੋਂ ਘੱਟ ਨਹੀਂ ਰਹੇਗੀ।

# ਕਾਰਡਇਏਕ ਕੈਥੇਟਰਾਈਜੇਸ਼ਨ ਲੈਬ (ਕੈਥ-ਲੈਬ) ਸਥਾਪਿਤ ਕਰਨ ਦਾ ਪ੍ਰਸਤਾਵ ਵੀ ਵਿਚਾਰਧੀਨ

**ਸੋਨੀਪਤ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦਸਿਆ ਕਿ ਸੋਨੀਪਤ ਦੇ ਜਿਲ੍ਹਾ ਹਸਪਤਾਲ ਵਿੱਚ ਡਿਜੀਟਲ ਐਕਸ-ਰੇ ਮਸ਼ੀਨ, ਏਡਵਾਂਸਡ ਲਾਇਫ ਸਪੋਰਟਸ ਏਂਬੂਲੈਂਸ ਅਤੇ ਐਮਆਰਆਈ ਸਕੈਨ ਸੇਵਾਵਾਂ ਜਲਦੀ ਹੀ ਉਪਲਬਧ ਕਰਾਈਆਂ ਜਾਣਗੀਆਂ। ਸੋਨੀਪਤ ਜਿਲ੍ਹਾ ਵਿੱਚ ਕਾਰਡਇਏਕ ਕੈਥੇਟਰਾਈਜੇਸ਼ਨ ਲੈਬ (ਕੈਥ-ਲੈਬ) ਸਥਾਪਿਤ ਕਰਨ ਦਾ ਪ੍ਰਸਤਾਵ ਵੀ ਵਿਚਾਰਧੀਨ ਹੈ।ਸਿਹਤ ਮੰਤਰੀ ਅੱਜ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਦੇ ਹਿੱਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸੀ।ਆਰਤੀ ਸਿੰਘ ਰਾਓ ਨੇ ਦਸਿਆ ਕਿ ਫਿਲਹਾਲ ਸੋਨੀਪਤ ਵਿੱਚ 200 ਬਿਸਤਰੇ ਦਾ ਜਿਲ੍ਹਾ ਸਿਵਲ ਹਸਪਤਾਲ ਕੌਮੀ ਰਾਜਮਾਰਗ (ਐਨਐਚ-44) ਦੇ ਕੋਲ ਸਥਾਪਿਤ ਹੈ। ਇਹ ਹਸਪਤਾਲ ਲਗਭਗ 15.5 ਏਕੜ ਭੂਮੀ 'ਤੇ ਬਣਿਆ ਹੈ, ਜਿਸ ਵਿੱਚੋਂ ਭਵਨ ਲਗਭਗ 6 ਏਕੜ ਭੂਮੀ 'ਤੇ ਨਿਰਮਾਣਤ ਹੈ। ਇਸ ਤੋਂ ਇਲਾਵਾ, 138 ਕਰੋੜ ਰੁਪਏ ਦੀ ਲਾਗਤ ਨਾਲ 100 ਬਿਸਤਰੇ ਮਾਤਰ ਅਤੇ ਸ਼ਿਸ਼ੂ ਦੇਖਭਾਲ (ਐਮਸੀਐਚ) ਬਲਾਕ ਨਿਰਮਾਣਧੀਨ ਹੈ। ਇਸ ਨਾਲ ਸੋਨੀਪਤ ਦੇ ਜਿਲ੍ਹਾ ਸਿਵਲ ਹਸਪਤਾਲ ਦੀ ਵਿਸਤਾਰ ਸਮਰੱਥਾ ਮੌਜੂਦਾ 200 ਬਿਸਤਰਿਆਂ ਤੋਂ ਵੱਧ ਕੇ 300 ਹੋ ਜਾਵੇਗਾ। ਮੌਜੂਦਾ ਹਸਪਤਾਲ ਭਵਨ ਦੀ ਵਿਸ਼ੇਸ਼ ਮੁਰੰਮਤ ਲਈ 5.33 ਕਰੋੜ ਰੁਪਏ ਵੀ ਮੰਜੂਰ ਕੀਤੇ ਗਏ ਹਨ। ਸੋਨੀਪਤ ਦੇ ਜਿਲ੍ਹਾ ਸਿਵਲ ਹਸਪਤਾਲ ਵਿੱਚ ਮੈਡੀਕਲ, ਛਾਤੀ ਰੋਗ, ਜਰਨਲ ਸਰਜਰੀ, ਹੱਡੀਆਂ ਦੀ ਬੀਮਾਰੀ, ਇਸਤਰੀ ਰੋਗ, ਅੱਖਾਂ ਦੇ ਰੋਗ, ਈਐਨਟੀ, ਬਾਲ ਰੋਗ, ਪੈਥੋਲਾਜੀ, ਸਕਿਨ ਰੋਗ, ਏਨੇਸਥਿਸਿਆ ਆਦਿ ਮਾਹਰ ਸੇਵਾਵਾਂ ਉਪਲਬਧ ਹਨ। ਸਿਟੀ ਸਕੈਨ ਤੇ ਡਾਇਲਿਸਿਸ ਸੇਵਾਵਾਂ ਪੀਪੀਪੀ ਮੋਡ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੈ ਦਸਿਆ ਕਿ ਪਿਛਲੇ ਸਾਲ ਅਲਟਰਾਸਾਊਂਡ ਮਸ਼ੀਨ, ਸੀ-ਆਰਮ ਮਸ਼ੀਨ, ਇਲੈਕਟ੍ਰਿਕ ਕਾਟਰੀ, ਏਨੇਸਥੀਸਿਆ ਮਸ਼ੀਨ ਅਤੇ ਆਈਸੀਯੂ ਬੈਡ ਵਰਗੇ ਉਨੱਤ ਮੈਡੀਕਲ ਸਮੱਗਰੀ ਸਥਾਪਿਤ ਕੀਤੇ ਗਏ ਹਨ।

# ਸਰਕਾਰ ਓਲੰਪਿਕ, ਪੈਰਾ ਓਲੰਪਿਕ ਅਤੇ ਕੌਮੀ ਖੇਡਾਂ ਦੇ ਮੈਡਲ ਜੇਤੂ ਖਿਡਾਰੀਆਂ ਨੂੰ ਬਿਨ੍ਹਾ ਦੇਰੀ ਦੇ ਦੇ ਰਹੀ ਹੈ ਪੁਰਸਕਾਰ ਰਕਮ : ਗੌਰਵ ਗੌਤਮ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਆਯੋਜਿਤ ਸਾਰੀ ਤਰ੍ਹਾ ਦੀ ਮੁਕਾਬਲਿਆਂ ਲਈ 31 ਦਸੰਬਰ, 2022 ਤੱਕ ਦੀ ਨਗਦ ਪੁਰਸਕਾਰ ਰਕਮ ਹਰਿਆਣਾ ਦੇ ਯੋਗ ਖਿਡਾਰੀਆਂ ਨੂੰ ਵੰਡੀ ਜਾ ਚੁੱਕੀ ਹੈ। ਨਾਲ ਹੀ, ਸਾਲ 2023, 2024 ਅਤੇ 2025 ਦੇ ਓਲੰਪਿਕ, ਪੈਰਾ ਓਲੰਪਿਕ ਅਤੇ ਰਾਸ਼ਟਰੀ ਖੇਡਾਂ ਵਰਗੇ ਮੁਕਾਬਲਿਆਂ ਦੀ ਨਗਦ ਪੁਰਸਕਾਰ ਰਕਮ ਵੀ ਬਿਨ੍ਹਾ ਕਿਸੇ ਦੇਰੀ ਦੇ ਵੰਡ ਦਿੱਤੀ ਗਈ ਹੈ।

ਸਾਲ 2023, 2024 ਅਤੇ 2025 ਦੀ ਬਾਕੀ ਨਗਦ ਪੁਰਸਕਾਰ ਰਕਮ ਵੀ ਯੋਗ ਖਿਡਾਰੀਆਂ ਨੂੰ ਜਲਦੀ ਹੀ ਵੰਡੀ ਜਾਵੇਗੀ। ਇਸ ਦੇ ਨਾਲ ਹੀ ਕੋਚ ਅਵਾਰਡ ਤਹਿਤ ਕੁੱਲ 52 ਬਿਨੈ ਪ੍ਰਾਪਤ ਹੋਏ, ਜਿਨ੍ਹਾਂ ਵਿੱਚੋਂ 31 ਯੋਗ ਕੋਚਾਂ ਨੂੰ ਕੁੱਲ 3.56



ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ।

ਮੰਤਰੀ ਅੱਜ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਦੇ ਇੱਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ।

ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਹਰਿਆਣਾ ਦੇ ਯੋਗ ਵਿਦਿਆਰਥੀ ਖਿਡਾਰੀਆਂ ਨੂੰ ਸਬੰਧਿਤ ਵਿਦਿਅਕ ਸੈਸ਼ਨ ਦੀ ਸਮਾਪਤੀ 'ਤੇ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਸਰਕਾਰ ਨੇ ਸੈਸ਼ਨ 2023-24 ਤੱਕ ਸਕਾਲਰਸ਼ਿਪ ਜਾਰੀ ਕਰ ਦਿੱਤੀ ਹੈ ਅਤੇ ਸੈਸ਼ਨ 2024-25 ਲਈ ਜਾਂਚ ਅੰਤਮ ਪੜਾਅ ਵਿੱਚ ਹੈ ਅਤੇ ਇਸ ਨੂੰ ਵੀ ਜਲਦੀ ਹੀ ਜਾਰੀ ਕੀਤਾ ਜਾਵੇਗਾ। ਸਾਲ 2019 ਤੋਂ 2023-2024 ਤੱਕ 14306 ਖਿਡਾਰੀਆਂ ਨੂੰ 44.74 ਕਰੋੜ ਰੁਪਏ ਦੀ ਰਕਮ ਵੰਡ ਕੀਤੀ ਗਈ ਹੈ। ਇਸ ਤੋਂ ਇਲਾਵਾ 1 ਜੁਲਾਈ 2024 ਤੋਂ ਸਰਕਾਰ ਨੇ ਯੋਗ ਖਿਡਾਰੀਆਂ ਨੂੰ ਸਮੇਂ 'ਤੇ ਨਗਦ ਪੁਰਸਕਾਰ ਰਕਮ ਦੀ ਸੁਚਾਰੂ ਵੰਡ ਯਕੀਨੀ ਕਰਨ ਲਈ ਆਨਲਾਇਨ ਪੋਰਅਲ ਸ਼ੁਰੂ ਕੀਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਯੋਗ ਖਿਡਾਰੀਆਂ ਨੂੰ ਨਗਦ ਪੁਰਸਕਾਰ ਮਹੀਨਾ ਆਧਾਰ 'ਤੇ ਨਹੀਂ ਸਗੋਂ ਸਾਲਾਨਾ ਆਧਾਰ 'ਤੇ ਦਿੰਦੀ ਹੈ। ਸਾਲ 2019 ਤੋਂ ਹੁਣ ਤੱਕ 8234 ਖਿਡਾਰੀਆਂ ਨੂੰ 491.22 ਕਰੋੜ ਰੁਪਏ ਦੀ ਨਗਦ ਪੁਰਸਕਾਰ ਰਕਮ ਵੰਡੀ ਗਈ ਹੈ।

# ਬਜਟ ਇਜਲਾਸ ਦੌਰਾਨ ਹਰਿਆਣਾ ਵਿਧਾਨ ਸਭਾ ਵਿੱਚ ਹੰਗਾਮਾ





**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਦੂਜੇ ਦਿਨ ਅੱਜ ਸਦਨ ਵਿੱਚ ਖ਼ੂਬ ਹੰਗਾਮਾ ਹੋਇਆ। ਕਾਂਗਰਸ ਪਾਰਟੀ ਨੇ ਵੱਖ-ਵੱਖ ਮੁੱਦਿਆਂ 'ਤੇ ਸੱਤਾਧਾਰੀ ਭਾਜਪਾ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਕਾਂਗਰਸ ਨੇ ਸਦਨ ਵਿੱਚ ਕੰਮ ਰੋਕੂ ਮਤਾ ਰੱਖਿਆ, ਜਿਸ ਨੂੰ ਸਪੀਕਰ ਨੇ ਰੱਦ ਕਰ ਦਿੱਤਾ। ਮੁੱਖ ਵਿਰੋਧੀ ਧਿਰ ਨੇ ਕੁਝ ਦੇਰ ਲਈ ਵਾਕਆਊਟ ਵੀ ਕੀਤਾ। ਕਾਂਗਰਸ ਨੇ ਆਈ ਡੀ ਐੱਫ ਸੀ ਬੈਂਕ ਵਿੱਚ ਹਰਿਆਣਾ ਸਰਕਾਰ ਦੇ ਬੈਂਕ ਖਾਤਿਆਂ ਵਿਚ 590 ਕਰੋੜ ਰੁਪਏ ਦੀ ਧੋਖਾਧੜੀ ਦਾ ਮਸਲਾ ਚੁੱਕਿਆ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਮਾਮਲੇ ਦੀ ਜਾਂਚ ਦੇ ਨਿਰਦੇਸ਼ ਦਿੱਤੇ ਗਏ ਹਨ ਤੇ ਸੂਬੇ ਦੀ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਤੇ ਵਿਜੀਲੈਂਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।ਇਸ ਤੋਂ ਪਹਿਲਾਂ ਅੱਜ ਦੂਜੇ ਦਿਨ ਕਾਂਗਰਸੀ ਵਿਧਾਇਕ ਗੀਤਾ ਭੁੱਕਲ ਨੇ ਹਰਿਆਣਾ ਪਬਲਿਕ ਸਰਵਿਸ ਕਮਿਸ਼ਨ (ਐੱਚ ਪੀ ਐੱਸ ਸੀ) ਅਤੇ ਹਰਿਆਣਾ ਸਟਾਫ਼ ਸਿਲੈਕਸ਼ਨ ਕਮਿਸ਼ਨ (ਐੱਚ ਐੱਸ ਐੱਸ ਸੀ) ਵਿੱਚ ਭਰਤੀਆਂ ਦਾ ਮੁੱਦਾ ਚੁੱਕਿਆ। ਉਨ੍ਹਾਂ ਕੰਮ ਰੋਕੂ ਮਤਾ ਪੇਸ਼ ਕਰਕੇ ਇਨ੍ਹਾਂ ਰਾਹੀਂ ਕੀਤੀ ਭਰਤੀਆਂ ਬਾਰੇ ਵਿਚਾਰ-ਚਰਚਾ ਕਰਵਾਉਣ ਦੀ ਮੰਗ ਕੀਤੀ।

ਸਪੀਕਰ ਹਰਵਿੰਦਰ ਕਲਿਆਣ ਨੇ ਇਹ ਕਹਿੰਦਿਆਂ ਮਤਾ ਰੱਦ ਕਰ ਦਿੱਤਾ ਕਿ ਮਾਮਲਾ ਜਾਂਚ ਅਧੀਨ ਹੋਣ ਕਰਕੇ ਇਸ 'ਤੇ ਵਿਚਾਰ-ਚਰਚਾ ਨਹੀਂ ਕੀਤੀ ਜਾ ਸਕਦੀ। ਵਿਰੋਧੀ ਧਿਰ ਦੇ ਆਗੂ ਭੁਪਿੰਦਰ ਸਿੰਘ ਹੁੱਡਾ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕ ਹਿੱਤ ਦੇ ਮੁੱਦਿਆਂ 'ਤੇ ਚਰਚਾ ਕਰਵਾਉਣ ਤੋਂ ਡਰ ਰਹੀ ਹੈ। ਉਪਰੰਤ ਕਾਂਗਰਸੀ ਵਿਧਾਇਕਾਂ ਨੇ ਵੈੱਲ ਵਿੱਚ ਪਹੁੰਚ ਕੇ ਹੰਗਾਮਾ ਕੀਤਾ ਅਤੇ ਵਿਧਾਨ ਸਭਾ ਵਿੱਚੋਂ ਵਾਕ ਆਊਟ ਕਰ ਗਏ। ਕਾਂਗਰਸੀ ਵਿਧਾਇਕ ਕੁਝ ਸਮੇਂ ਬਾਅਦ ਮੁੜ ਵਿਧਾਨ ਸਭਾ ਵਿੱਚ ਆ ਗਏ। ਉਨ੍ਹਾਂ ਆਈ ਡੀ ਐੱਫ ਸੀ ਬੈਂਕ ਘੁਟਾਲੇ ਦਾ ਮੁੱਦਾ ਚੁੱਕਿਆ ਅਤੇ ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਨੂੰ ਰੱਦ ਕਰਨ ਦੀ ਮੰਗ ਕੀਤੀ।ਰਾਜਪਾਲ 'ਤੇ ਭਾਸ਼ਣ 'ਤੇ ਚਰਚਾ ਕਰਦਿਆਂ ਕਾਂਗਰਸੀ ਵਿਧਾਇਕ ਅਸ਼ੋਕ ਅਰੋੜਾ ਨੇ ਕਿਹਾ ਕਿ ਰਾਜਪਾਲ ਦੇ ਭਾਸ਼ਣ ਵਿੱਚ ਸਿਹਤ, ਪ੍ਰਦੂਸ਼ਣ, ਪਸ਼ੂ ਪਾਲਣ, ਟਰਾਂਸਪੋਰਟ ਬਾਰੇ ਕੋਈ ਜ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਆਈ ਪੀ ਐੱਸ ਅਧਿਕਾਰੀ ਵਾਈ ਪੂਰਨ ਕੁਮਾਰ ਨੇ ਖ਼ੁਦਕੁਸ਼ੀ ਕੀਤੀ, ਦੋ ਖਿਡਾਰੀਆਂ ਦੀ ਮੌਤ ਹੋ ਗਈ, ਸੂਰਜਕੁੰਡ ਮੇਲੇ ਵਿੱਚ ਝੂਲਾ ਟੁੱਟ ਗਿਆ, ਪਰ ਭਾਸ਼ਣ ਵਿੱਚ ਕਿਸੇ ਵੀ ਘਟਨਾ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਅਰੋੜਾ ਨੇ ਮੰਗ ਕੀਤੀ ਕਿ ਹਰਿਆਣਾ ਵਿੱਚ ਝੋਨੇ ਦੀ ਖਰੀਦ ਸਬੰਧੀ ਘੁਟਾਲੇ ਦੀ ਸੀਬੀਆਈ ਤੋਂ ਜਾਂਚ ਕਰਵਾਈ ਜਾਵੇ।

# ਆਉਣ ਵਾਲੇ ਸਮੇਂ ਵਿੱਚ ਬਹੁ ਉਦੇਸ਼ੀ ਸਹਿਕਾਰੀ ਕਮੇਟੀਆਂ ਨੂੰ ਵੱਧ ਲਾਭ ਮਿਲੇਗਾ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਦਸਿਆ ਕਿ ਮੌਜੂਦਾ ਵਿੱਚ, ਹਰਿਆਣਾ ਰਾਜ ਵਿੱਚ 803 ਬਹੁਉਦੇਸ਼ੀ ਸਹਿਕਾਰੀ ਕਮੇਟੀਆਂ ਹਨ, 31 ਮਾਰਚ, 2025 ਤੱਕ 794 ਬਹੁਉਦੇਸ਼ੀ ਸਹਿਕਾਰੀ ਕਮੇਟੀਆਂ ਸਨ, ਜਿਨ੍ਹਾਂ ਵਿੱਚੋਂ 33 ਬਹੁਉਦੇਸ਼ੀ ਸਹਿਕਾਰੀ ਕਮੇਟੀਆਂ ਲਾਭ ਵਿੱਚ ਚੱਲ ਰਹੀਆਂ ਹਨ।

ਸਹਿਕਾਰਤਾ ਮੰਤਰੀ ਅੱਜ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਦੇ ਇੱਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਦਸਿਆ ਕਿ ਇੰਨ੍ਹਾਂ ਬਹੁਉਦੇਸ਼ੀ ਸਹਿਕਾਰੀ ਕਮੇਈਆਂ ਵਿੱਚ ਜਿਵੇਂ ਕਿ ਸੀਐਸਸੀ ਸੈਂਟਰ, ਮਾਈਕਰੋ ਏਟੀਐਮ, ਸੋਲਰ ਪੰਪ ਇੰਸਟਾਲੇਸ਼ਨ, ਜਨ ਔਸ਼ਧੀ ਕੇਂਦਰ, ਗੈਸ ਸਟੇਸ਼ਨ, ਪੈਟਰੋ ਪੰਪ,



ਕਿਸਾਨ ਸਮਰਿੱਧ ਕੇਂਦਰ, ਫੇਅਰ ਪ੍ਰਾਇਜ ਸ਼ਾਪਸ ਆਦਿ 25 ਤਰ੍ਹਾ ਦੀ ਨਵੀਂ ਗਤੀਵਿਧੀਆਂ ਸ਼ੁਰੂ ਕਰਣਗੇ।

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਬਹੁ ਉਦੇਸ਼ੀ ਸਹਿਕਾਰੀ ਕਮੇਈਆਂ ਨੂੰ ਵੱਧ ਲਾਭ ਮਿਲੇਗਾ।

# ਇੱਕੀ ਸੌ ਜਣਿਆਂ ਨੂੰ ਹੀ ਮਿਲਿਆ ਸੌ ਦਿਨ ਦਾ ਰੁਜ਼ਗਾਰ: ਮੁਲਾਣਾ



**ਯਮੁਨਾਨਗਰ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਅੰਬਾਲਾ ਦੇ ਸੰਸਦ ਮੈਂਬਰ ਵਰੁਣ ਮੁਲਾਣਾ ਨੇ ਐਲਾਨ ਕੀਤਾ ਹੈ ਕਿ ਕਾਂਗਰਸ ਪਾਰਟੀ 26 ਫਰਵਰੀ ਨੂੰ ਹਰਿਆਣਾ ਵਿਧਾਨ ਸਭਾ ਦਾ ਘਿਰਾਓ ਕਰੇਗੀ। ਉਨ੍ਹਾਂ ਕਿਹਾ ਕਿ ਮਗਨਰੇਗਾ ਸਣੇ ਵੱਖ-ਵੱਖ ਖੇਤਰਾਂ ਵਿੱਚ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ। ਇਸ ਮੌਕੇ ਯਮੁਨਾਨਗਰ ਤੋਂ ਸਾਬਕਾ ਕਾਂਗਰਸ ਉਮੀਦਵਾਰ ਰਮਨ ਤਿਆਗੀ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਲੋਕ ਸਭਾ ਵਿੱਚ ਇੱਕ ਸਵਾਲ ਉਠਾਇਆ ਸੀ, ਜਿਸ ਦੇ ਜਵਾਬ ਵਿੱਚ ਇਹ ਖੁਲਾਸਾ ਹੋਇਆ ਸੀ ਕਿ ਹਰਿਆਣਾ ਵਿੱਚ ਮਗਨਰੇਗਾ ਅਧੀਨ 8 ਲੱਖ ਲੋਕ ਰਜਿਸਟਰਡ ਹਨ, ਉਨ੍ਹਾਂ ਵਿੱਚੋਂ ਸਿਰਫ਼ 2,100 ਨੂੰ ਹੀ 100 ਦਿਨ ਦਾ ਰੁਜ਼ਗਾਰ ਦਿੱਤਾ ਗਿਆ ਸੀ। ਨਿਯਮਾਂ ਅਨੁਸਾਰ, ਰਜਿਸਟਰਡ ਲੋਕਾਂ ਨੂੰ ਰੁਜ਼ਗਾਰ ਨਾ ਮਿਲਣ 'ਤੇ ਮਾਣ ਭੱਤਾ ਦਿੱਤਾ ਜਾਣਾ ਚਾਹੀਦਾ ਸੀ। ਹਾਲਾਂਕਿ ਪਿਛਲੇ ਪੰਜ ਸਾਲਾਂ ਵਿੱਚ ਇੱਕ ਵੀ ਰੁਪਿਆ ਮਾਣ ਭੱਤਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਹਰਿਆਣਾ ਵਿਧਾਨ ਸਭਾ ਨੂੰ ਅਜਿਹੇ ਮੁੱਦਿਆਂ 'ਤੇ ਘੇਰਿਆ ਜਾਵੇਗਾ। ਵਰੁਣ ਮੁਲਾਣਾ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਅਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕਰਦੇ ਹਨ। ਕਈ ਵਾਰ ਉਹ ਬਿਹਾਰ ਜਾਂਦੇ ਹਨ ਅਤੇ ਬਿਹਾਰ ਦੇ ਲੋਕਾਂ ਨਾਲ ਵਾਅਦੇ ਕਰਦੇ ਹਨ ਪਰ ਉਨ੍ਹਾਂ ਤੋਂ ਹਰਿਆਣਾ ਵਿੱਚ ਕੀਤੇ ਵਾਅਦੇ ਪੂਰੇ ਨਹੀਂ ਹੋਏ। ਉਹ ਵਿਕਸਤ ਭਾਰਤ ਅਤੇ ਵਿਕਸਤ ਹਰਿਆਣਾ ਦੀ ਗੱਲ ਕਰਦੇ ਹਨ, ਪਰ ਵਿਕਾਸ ਲਈ ਕੋਈ ਕੰਮ ਨਹੀਂ ਕੀਤਾ ਜਾਂਦਾ। ਹਰਿਆਣਾ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਖਰਾਬ ਹੈ, ਨਸ਼ਾ ਵੱਧ ਰਿਹਾ ਹੈ, ਅਤੇ ਬੇਰੁਜ਼ਗਾਰੀ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ, ਕੀ ਉਹ ਹਰਿਆਣਾ ਦੇ ਹਿੱਤਾਂ ਦੀ ਗੱਲ ਕਰ ਰਹੇ ਹਨ ਜਾਂ ਪੰਜਾਬ ਦੇ। ਇਸ ਮੌਕੇ 'ਤੇ, ਸੰਸਦ ਮੈਂਬਰ ਵਰੁਣ ਮੁਲਾਣਾ ਨੇ ਕੈਮਰੇ ਸਾਹਮਣੇ ਹੱਥ ਜੋੜ ਕੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਪੰਜਾਬ ਅਤੇ ਬਿਹਾਰ ਦੇ ਹਿੱਤਾਂ ਬਾਰੇ ਹੀ ਨਹੀਂ, ਸਗੋਂ ਹਰਿਆਣਾ ਦੇ ਹਿੱਤਾਂ ਬਾਰੇ ਵੀ ਬੋਲਣ। ਉਨ੍ਹਾਂ ਨੇ ਉਨ੍ਹਾਂ ਨੂੰ ਹਰਿਆਣਾ ਦੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੀ ਅਪੀਲ ਕੀਤੀ, ਜਦੋਂ ਕਿ ਹਰਿਆਣਾ ਦੀਆਂ ਨੌਕਰੀਆਂ ਬਾਹਰੀ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ।

# ਰਤੀਆ ਵਿੱਚ ਪਾਣੀ ਦੇ ਗ਼ੈਰ-ਕਾਨੂੰਨੀ ਕੁਨੈਕਸ਼ਨ ਕੱਟੇ

**ਰਤੀਆ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਤੀਆ ਵਿੱਚ ਜਨ ਸਿਹਤ ਇੰਜਨੀਅਰਿੰਗ ਵਿਭਾਗ ਹਰਕਤ ਵਿੱਚ ਆ ਗਿਆ ਹੈ। ਅੱਜ ਰਤੀਆ ਵਿੱਚ ਲਾਲੀ ਰੋਡ 'ਤੇ ਸਰਵਿਸ ਸਟੇਸ਼ਨਾਂ 'ਤੇ ਪੀਣ ਵਾਲੇ ਪਾਣੀ ਦੇ ਗ਼ੈਰ-ਕਾਨੂੰਨੀ ਕੁਨੈਕਸ਼ਨ ਕੱਟੇ ਜਾ ਰਹੇ ਹਨ। ਇਹ ਜਾਣਕਾਰੀ ਦਿੰਦੇ ਹੋਏ ਜੂਨੀਅਰ ਇੰਜਨੀਅਰ ਛੋਟੂ ਰਾਮ ਅਤੇ ਜ਼ਿਲ੍ਹਾ ਸਲਾਹਕਾਰ ਸ਼ਰਮਾ ਚੰਦ ਲਾਲੀ ਨੇ ਦੱਸਿਆ ਕਿ ਰਤੀਆ ਵਿੱਚ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ 5.5 ਕਰੋੜ ਰੁਪਏ ਦੇ ਬਿੱਲ ਬਕਾਇਆ ਹਨ, ਜਿਸ ਕਾਰਨ ਇਹ ਸਖ਼ਤ ਰੁਖ਼ ਅਪਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਬਕਾਇਆ ਬਿੱਲਾਂ ਵਾਲੇ ਲੋਕਾਂ ਨੂੰ ਜਲਦੀ ਤੋਂ ਜਲਦੀ ਭੁਗਤਾਨ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਨੇ ਗੈਰ-ਕਾਨੂੰਨੀ ਕੁਨੈਕਸ਼ਨਾਂ ਵਾਲੇ ਲੋਕਾਂ ਨੂੰ ਵਿਭਾਗੀ ਕਾਰਵਾਈ ਦੀ ਚਿਤਾਵਨੀ ਦਿੱਤੀ। ਜ਼ਿਲ੍ਹਾ ਸਲਾਹਕਾਰ ਸ਼ਰਮਾ ਚੰਦ ਲਾਲੀ ਨੇ ਦੱਸਿਆ ਕਿ ਰਤੀਆ ਵਿੱਚ ਲਾਲੀ ਰੋਡ 'ਤੇ ਸਰਵਿਸ ਸਟੇਸ਼ਨਾਂ 'ਤੇ ਪੀਣ ਵਾਲੇ ਪਾਣੀ ਦੇ ਗ਼ੈਰ-ਕਾਨੂੰਨੀ ਕੁਨੈਕਸ਼ਨ ਅੱਜ ਕੱਟੇ ਜਾ ਰਹੇ ਹਨ ਅਤੇ ਇਹ ਮੁਹਿੰਮ ਪੂਰੇ ਸ਼ਹਿਰ ਵਿੱਚ ਚਲਾਈ ਜਾਵੇਗੀ। ਇਹੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਹਾਲਕਰ ਸ਼ਰਮਾ ਚੰਦ ਲਾਲੀ ਨੇ ਕਿਹਾ ਕਿ ਇਹ ਮੁਹਿੰਮ ਹੁਣ ਪੂਰੇ ਜ਼ਿਲ੍ਹਾ ਫਤਿਹਾਬਾਦ ਵਿੱਚ ਚਲਾਈ ਜਾਵੇਗੀ। ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਜਿਸ ਕਿਸੇ ਨੇ ਵੀ ਗ਼ੈਰ-ਕਾਨੂੰਨੀ ਕੁਨੈਕਸ਼ਨ ਬਣਾਏ ਹਨ, ਉਹ ਜਲਦੀ ਤੋਂ ਜਲਦੀ ਆਪਣੇ ਕੁਨੈਕਸ਼ਨ ਬੰਦ ਕਰ ਦੇਣ ਨਹੀਂ ਤਾਂ ਵਿਭਾਗ ਵੱਲੋਂ ਉਨ੍ਹਾਂ ਦੇ ਕੁਨੈਕਸ਼ਨ ਬੰਦ ਕਰ ਦਿੱਤੇ ਜਾਣਗੇ ਅਤੇ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਵੀ ਕੀਤੀ ਜਾਵੇਗੀ। ਇਸ ਮੌਕੇ ਛੋਟੂ ਰਾਮ ਜੂਨੀਅਰ ਇੰਜੀਨੀਅਰ, ਸ਼ਮਸ਼ੇਰ ਸਿੰਘ, ਈਸ਼ਵਰ ਸਿੰਘ, ਦੀਪਕ ਕੁਮਾਰ, ਰਵੀ ਕੁਮਾਰ, ਸੁਨੀਲ ਕੁਮਾਰ, ਇਹ ਜਾਣਕਾਰੀ ਦਿੰਦੇ ਹੋਏ ਜੂਨੀਅਰ ਇੰਜਨੀਅਰ ਛੋਟੂ ਰਾਮ ਅਤੇ ਜ਼ਿਲ੍ਹਾ ਸਲਾਹਕਾਰ ਸ਼ਰਮਾ ਚੰਦ ਲਾਲੀ ਨੇ ਦੱਸਿਆ ਕਿ ਰਤੀਆ ਵਿੱਚ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ 5.5 ਕਰੋੜ ਰੁਪਏ ਦੇ ਬਿੱਲ ਬਕਾਇਆ ਹਨ, ਜਿਸ ਕਾਰਨ ਇਹ ਸਖ਼ਤ ਰੁਖ਼ ਅਪਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਬਕਾਇਆ ਬਿੱਲਾਂ ਵਾਲੇ ਲੋਕਾਂ ਨੂੰ ਜਲਦੀ ਤੋਂ ਜਲਦੀ ਭੁਗਤਾਨ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਨੇ ਗੈਰ-ਕਾਨੂੰਨੀ ਕੁਨੈਕਸ਼ਨਾਂ ਵਾਲੇ ਲੋਕਾਂ ਨੂੰ ਵਿਭਾਗੀ ਕਾਰਵਾਈ ਦੀ ਚਿਤਾਵਨੀ ਦਿੱਤੀ ਕੁਲਦੀਪ ਸਿੰਘ, ਅਮਨਦੀਪ ਆਦਿ ਕਰਮਚਾਰੀ ਮੌਜੂਦ ਸਨ।

# ਹੱਤਿਆ ਅਤੇ ਫਿਰੌਤੀ ਦੇ ਮਾਮਲਿਆਂ 'ਚ ਹਰਿਆਣਾ ਅੱਵਲ: ਗਰਗ

**ਜੀਂਦ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਪ੍ਰਦੇਸ਼ ਵਪਾਰ ਮੰਡਲ ਦੇ ਪ੍ਰਧਾਨ ਅਤੇ ਹਰਿਆਣਾ ਕਨਫੈੱਡ ਦੇ ਸਾਬਕਾ ਚੇਅਰਮੈਨ ਬਜਰੰਗ ਦਾਸ ਗਰਗ ਨੇ ਕਿਹਾ ਹੈ ਕਿ ਹਰਿਆਣਾ ਵਿੱਚ ਲੁੱਟ-ਖੋਹ, ਹੱਤਿਆ ਅਤੇ ਫ਼ਿਰੌਤੀ ਦੀਆਂ ਵਾਰਦਾਤਾਂ ਕਰਨ ਤੋਂ ਵਪਾਰੀ ਫ਼ਿਕਰਮੰਦ ਹਨ। ਹਰਿਆਣਾ ਪ੍ਰਦੇਸ਼ ਅਪਰਾਧ ਦੇ ਮਾਮਲੇ ਵਿੱਚ ਦੇਸ਼ ਵਿੱਚ ਪਹਿਲੇ ਸਥਾਨ 'ਤੇ ਹੈ। ਸ੍ਰੀ ਗਰਗ ਨਰਵਾਣਾ ਵਿੱਚ ਇੱਕ ਸਮਾਜਿਕ ਪ੍ਰੋਗਰਾਮ ਵਿੱਚ ਸ਼ਿਰਕਤ ਹੋਣ ਮਗਰੋਂ ਵਪਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਅਪਰਾਧ ਵਧਣ ਦਾ ਮੁੱਖ ਕਾਰਨ ਪ੍ਰਦੇਸ਼ ਵਿੱਚ ਵੱਧ ਰਹੀ ਬੇਰੁਜ਼ਗਾਰੀ ਹੈ। ਬੇਰੁਜ਼ਗਾਰੀ ਕਾਰਨ ਯੁਵਾ ਪੀੜ੍ਹੀ ਨਸ਼ੇ ਦੀ ਦਲਦਲ ਵਿੱਚ ਧੱਸਦੀ ਜਾ ਰਹੀ ਹੈ ਅਤੇ ਯੁਵਾ ਪੀੜ੍ਹੀ ਬਰਵਾਦ ਹੋ ਰਹੀ ਹੈ। ਅੱਜ ਹਰਿਆਣਾ ਵਿੱਚ ਨਸ਼ੇ



ਦਾ ਵਪਾਰ ਵੱਧ ਰਿਹਾ ਹੈ। ਇੱਥੋਂ ਤੱਕ ਕਿ ਕਾਲਜਾਂ ਦੇ ਬਾਹਰ ਵੀ ਨਸ਼ਾ ਵਿਕ ਰਿਹਾ ਹੈ। ਸਰਕਾਰ ਨੂੰ ਨਸ਼ੇ 'ਤੇ ਰੋਕ ਲਗਾਉਣ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਨਾਲ ਹੀ ਸਰਕਾਰ ਨੂੰ ਵਪਾਰੀ, ਉਦਯੋਗਪਤੀ ਅਤੇ ਆਮ ਨਾਗਰਿਕ ਦੀ ਜਾਨ-ਮਾਲ ਦੀ ਸੁਰੱਖਿਆ ਲਈ ਪੁਖ਼ਤਾ ਪ੍ਰਬੰਧ ਕਰਨੇ ਚਾਹੀਦੇ ਹਨ। ਜੋ ਅਪਰਾਧੀ ਹੱਥਿਆਰਾਂ ਦੇ ਸਹਾਰੇ ਵਪਾਰੀਆਂ ਤੋਂ ਨਾਜਾਇਜ਼ ਫ਼ਿਰੌਤੀ ਮੰਗ ਰਹੇ ਹਨ, ਉਨ੍ਹਾਂ ਦਾ ਸਥਾਈ ਹੱਲ ਹੋਣਾ ਚਾਹੀਦਾ ਹੈ। ਹਰਿਆਣਾ ਵਿੱਚ ਅਪਰਾਧਕ ਗਤੀਵਿਧੀਆਂ ਹੋਣ ਕਰ ਕੇ ਵਪਾਰ ਪੱਛੜਦਾ ਜਾ ਰਿਹਾ ਹੈ।

# ਤਸਕਰ ਦੀ ਜਾਇਦਾਦ ਜ਼ਬਤ ਕੀਤੀ

**ਸ਼ਾਹਬਾਦ ਮਾਰਕੰਡਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਪੁਲੀਸ ਨੇ ਪਿੰਡ ਕਨੀਪਲਾ ਨਿਵਾਸੀ ਸੰਜੀਵ ਕੁਮਾਰ ਉਰਫ ਜੇ ਪੀ ਦੀ ਜਾਇਦਾਦ ਜ਼ਬਤ ਕਰ ਲਈ ਗਈ ਹੈ। ਮੁਲਜ਼ਮ ਖ਼ਿਲਾਫ਼ ਵੱਖ-ਵੱਖ ਧਰਾਵਾਂ ਦੇ ਤਹਿਤ 10 ਮਾਮਲੇ ਦਰਜ ਸਨ। ਮੁਲਜ਼ਮ ਹੈਰੋਇਨ, ਸਮੈਕ, ਅਫੀਮ ਦੇ ਕਾਰੋਬਾਰ ਵਿੱਚ ਲਗਾਤਾਰ ਸਰਗਰਮ ਰਿਹਾ ਹੈ ਅਤੇ ਤਸਕਰੀ ਤੋਂ ਲੱਖਾਂ ਰੁਪਏ ਦੀ ਗ਼ੈਰਕਾਨੂੰਨੀ ਜਾਇਦਾਦ ਇੱਕਠੀ ਕੀਤੀ ਹੈ।

ਮੁਲਜ਼ਮ ਕੋਲ ਇਕ ਸਕਾਰਪਿਊ ਕਾਰ, 10 ਗਰਾਮ ਸੋਨਾ ਤੇ 47 ਹਜ਼ਾਰ ਰੁਪਏ ਦੀ ਨਗਦੀ ਜਿਸ ਦੀ ਕੁੱਲ ਕੀਮਤ 19 ਲੱਖ ਰੁਪਏ ਸੀ, ਜੋ ਕਿ ਗ਼ੈਰਕਾਨੂੰਨੀ ਨਸ਼ੀਲੇ ਪਦਾਰਥ ਵੇਚ ਕੇ ਇੱਕਠੀ ਕੀਤੀ ਸੀ ਨੂੰ ਜ਼ਬਤ ਕਰ ਲਿਆ ਗਿਆ ਹੈ। ਜ਼ਿਲ੍ਹਾ ਪੁਲੀਸ ਕਪਤਾਨ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿੱਚ ਸ਼ਾਮਲ ਅਪਰਾਧੀਆਂ ਵਿਰੁੱਧ ਭਵਿੱਖ ਵਿੱਚ ਵੀ ਕਾਰਵਾਈ ਜਾਰੀ ਰਹੇਗੀ।

# ਨਾਰੀ ਸੰਸਾਰ

## ਤੁਹਾਡੀ ਰਸੋਈ

## ਗੋਭੀ, ਗਾਜਰ ਅਤੇ ਮੂਲੀ ਦਾ ਮਿਕਸਡ ਆਚਾਰ



ਸਰਦੀ ਦੇ ਮੌਸਮ ਵਿੱਚ ਗੋਭੀ, ਗਾਜਰ ਅਤੇ ਮੂਲੀ ਦਾ ਆਚਾਰ ਬਹੁਤ ਪਸੰਦ ਕੀਤਾ ਜਾਂਦਾ ਹੈ, ਅੱਸੀਂ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਇਸ ਨੂੰ ਬਣਾਉਣਾ ਕਾਫ਼ੀ ਆਸਾਨ ਹੈ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ...

ਜ਼ਰੂਰੀ ਸਮੱਗਰੀ

ਅੱਧਾ ਕਿਲੋ ਗੋਭੀ ਵੱਡੇ ਟੁੱਕੜਿਆਂ ਵਿੱਚ ਕੱਟੀ ਹੋਈ

ਅੱਧਾ ਕਿਲੋ ਗਾਜਰ, ਲੰਬੇ ਚੋਕੋਰ ਟੁੱਕੜਿਆਂ ਵਿੱਚ ਕੱਟੇ ਹੋਏ

ਅੱਧਾ ਕਿਲੋ ਮੂਲੀ ਲੰਬੇ ਚੋਕੋਰ ਟੁੱਕੜਿਆਂ ਵਿੱਚ ਕੱਟੀ ਹੋਈ

ਅੱਠ ਤੋਂ ਦੱਸ ਹਰੀ ਮਿਰਚ ਟੁੱਕੜਿਆਂ ਵਿੱਚ ਕੱਟੇ ਹੋਏ

ਅੱਧਾ ਕੱਪ ਸਰੋਂ ਦਾ ਤੇਲ

ਇੱਕ ਚੁਟਕੀ ਹੀਂਗ

ਦੋ ਵੱਡੇ ਚਮਚ ਸਰੋਂ ਪੀਸੀ ਹੋਈ

ਨਮਕ ਸੁਆਦ ਮੁਤਾਬਕ

ਅੱਧਾ ਛੋਟਾ ਚਮਚ ਲਾਲ ਮਿਰਚ ਪਾਊਡਰ ਪੀਸਿਆ ਹੋਇਆ

ਇੱਕ ਛੋਟਾ ਚਮਚ ਹਲਦੀ ਪਾਊਡਰ

ਤਿੰਨ ਛੋਟੇ ਚਮਚ ਨਿੰਬੂ ਦਾ ਰਸ

– ਦੋ ਕੱਪ ਪਾਣੀ

ਬਣਾਉਣ ਦੀ ਵਿਧੀ

1. ਇੱਕ ਪਤੀਲੇ ਜਾਂ ਬਰਤਨ ਵਿੱਚ ਪਾਣੀ ਅਤੇ ਇੱਕ ਚਮਚ ਨਮਕ ਮਿਲਾ ਕੇ ਗਰਮ ਹੋਣ ਲਈ ਰੱਖ ਦਿਓ।
2. ਜਦੋਂ ਇਸ ਵਿੱਚ ਉਬਾਲ ਆਉਣ ਲੱਗੇ ਤਾਂ ਕੱਟੀ ਹੋਈ ਸਬਜ਼ੀਆਂ ਪਾ ਦਿਓ ਅਤੇ 4–5 ਮਿੰਟ ਲਈ ਉਬਾਲੋ।
3. ਤਅ ਸਮੇਂ ਦੇ ਬਾਅਦ ਗੈਸ ਬੰਦ ਕਰ ਦਿਓ ਅਤੇ 10 ਮਿੰਟ ਤੱਕ ਉਬਾਲ ਕੇ ਰੱਖ ਦਿਓ।
4. ਇਸ ਤੋਂ ਬਾਅਦ ਸਬਜ਼ੀਆਂ ਨੂੰ ਛਾਣ ਕੇ ਭਾਂਡੇ ਵਿੱਚ ਕੱਢ ਲਓ।
5. ਇਸ ਨੂੰ ਦਿਨਭਰ ਧੁੱਪ ਵਿੱਚ ਰੱਖੋ।
6. ਦਿਨ ਭਰ ਧੁੱਪ ਵਿੱਚ ਸੁੱਖਾਉਣ ਦੇ ਬਾਅਦ, ਇੱਕ ਕੜਾਈ ਵਿੱਚ ਤੇਲ ਪਾ ਕੇ ਘੱਟ ਗੈਸ ’ਤੇ ਤੇਲ ਗਰਮ ਕਰੋ।
7. ਜਦੋਂ ਤੇਲ ਗਰਮ ਹੋ ਜਾਵੇ ਤਾਂ ਗੈਸ ਬੰਦ ਕਰ ਦਿਓ।
8. ਜਦੋਂ ਇਹ ਹਲਕਾ ਠੰਡਾ ਹੋ ਜਾਵੇ ਤਾਂ ਇਸ ਵਿੱਚ ਨਮਕ ਸਰੋਂ ਦਾ ਤੇਲ, ਹੀਂਗ,ਹਲਦੀ, ਲਾਲ ਮਿਰਚ ਪਾਊਡਰ ਅਤੇ ਸਬਜ਼ੀਆਂ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ।
9. ਫ਼ਿਰ ਇਸ ਵਿੱਚ ਨਿੰਬੂ ਦਾ ਰਸ ਪਾ ਕੇ ਇੱਕ ਵਾਰ ਚੰਗੀ ਤਰ੍ਹਾਂ ਨਾਲ ਮਿਲਾ ਲਓ।
10. ਫ਼ਿਰ ਇਸ ਨੂੰ ਕੱਚ ਦੀ ਬਰਨੀ ਵਿੱਚ ਭਰ ਕੇ 2 ਤੋਂ 3 ਘੰਟੇ ਤੱਕ ਧੁੱਪ ਵਿੱਚ ਰੱਖੋ।
11. ਤਿਆਰ ਹੈ ਗਾਜਰ, ਗੋਭੀ ਅਤੇ ਮੂਲੀ ਦਾ ਮਿਕਸ ਆਚਾਰ। ਇਸ ਨੂੰ ਰੋਟੀ, ਦਾਲ, ਚਾਵਲ ਦੇ ਨਾਲ ਖਾਓ।

## ਸਪਾਇਸੀ ਪਨੀਰ



ਪਨੀਰ ਖਾਣ ਦੇ ਸ਼ੌਕੀਨ ਤਾਂ ਤਕਰੀਬਨ ਸਾਰੇ ਲੋਕ ਹੁੰਦੇ ਹਨ। ਜੋ ਘਰ ਵਿੱਚ ਮਹਿਮਾਨ ਆਉਣ ਵਾਲੇ ਹੋਣ ਤਾਂ ਖਾਸਤੋਰ ’ਤੇ ਪਨੀਰ ਦੀ ਸਬਜ਼ੀ ਬਣਾਈ ਜਾਂਦੀ ਹੈ। ਤਾਂ ਕਿਉਂ ਨਾ ਟੇਸਟੀ ਅਤੇ ਸੁਆਦੀ ਪਨੀਰ ਬਣਾਇਆ ਜਾਵੇ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

1 ਚਮਚ ਤੇਸ

1/2 ਚਮਚ ਲਸਣ

1 ਚਮਚ ਹਰੀ ਮਿਰਚ

3 ਚਮਚ ਸਾਓਸ

3 ਚਮਚ ਚਿਲੀ ਸਾਓਸ

1/4 ਚਮਚ ਲਾਲ ਮਿਰਚ

1/4 ਚਮਚ ਕਾਲੀ ਮਿਰਚ

1 ਚਮਚ ਲਾਲ ਫ਼ਲੇਕਸ

1 ਚਮਚ ਚਾਟ ਮਸਾਲਾ

1 ਚਮਚ ਨਮਕ

2 ਚਮਚ ਪਨੀਰ ਬਟਰ

ਪਨੀਰ 500 ਗ੍ਰਾਮ

1 ਚਮਚ ਸਰੋਂ ਦਾ ਪੇਸਟ

ਬਣਾਉਣ ਦੀ ਵਿਧੀ

1. ਇੱਕ ਵੱਡੀ ਕੜਾਈ ਵਿੱਚ 1 ਵੱਡਾ ਚਮਚ ਤੇਲ ਗਰਮ ਕਰੋ। ਇਸ ਵਿੱਚ ਅਜਵਾਈਨ , ਲਸਣ ਅਤੇ ਹਰੀ ਮਿਰਚ ਮਿਲਾ ਕੇ 3 ਤੋਂ 5 ਮਿੰਟ ਲਈ ਭੁੰਨ ਲਓ ਜਦੋਂ ਤੱਕ ਇਹ ਸੁਨਿਹਰਾ ਨਾ ਹੋ ਜਾਵੇ।
2. ਫ਼ਿਰ ਇਸ ਵਿੱਚ 3 ਚਮਚ ਸਾਓਸ ਅਤੇ 2 ਚਮਚ ਚਿਲੀ ਸਾਓਸ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾਓ।
3. ਫ਼ਿਰ 1/4 ਚਮਚ ਲਾਲ ਮਿਰਚ, ਕਾਲੀ ਮਿਰਚ, ਚਿਲੀ ਫ਼ਲੇਕਸ , ਚਾਟ ਮਸਾਲਾ , ਨਮਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ।
4. ਇਸ ਤੋਂ ਬਾਅਦ 2 ਚਮਚ ਪੀਨਟ ਬਟਰ ਪਾ ਕੇ ਮਿਲਾਓ।
5. ਫ਼ਿਰ 500 ਗ੍ਰਾਮ ਪਨੀਰ ਇਸ ਵਿੱਚ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
6. ਫ਼ਿਰ 1 ਚਮਚ ਸਰੋਂ ਦਾ ਤੇਲ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾਓ।
7. ਤੁਹਾਡਾ ਸਪਾਇਸੀ ਪਨੀਰ ਤਿਆਰ ਹੈ। ਇਸ ਨੂੰ ਗਰਮਾ–ਗਰਮ ਸਰਵ ਕਰੋ।

# ਦਿਲ ਨੂੰ ਢੂੰਢਦੇ ਮਿੱਠੇ ਬੋਲ

➢ ਸੰਤੋਖ ਸਿੰਘ ਭਾਣਾ

**ਚਿੰਤਾ ਜਾਂ ਘਬਰਾਹਟ ਭਰੇ ਅਤੇ ਭੜਕਾਊ ਸ਼ਬਦਾਂ ਦਾ ਇਸਤੇਮਾਲ ਨਾ ਕਰਕੇ ਸੱਚੀ, ਮਧੁਰ ਅਤੇ ਸਹਿਯੋਗੀ ਭਾਸ਼ਾ ਦੀ ਵਰਤੋਂ ਕਰੋ ਅਤੇ ਆਪਣੇ ਵਚਨਾਂ ਰਾਹੀਂ ਆਪਣੀ ਬਾਣੀ ਨੂੰ ਇਸ ਤਰ੍ਹਾਂ ਸਜਾਓ ਕਿ ਇੰਜ ਲੱਗੇ ਜਿਵੇਂ ਕਿਸੇ ਨੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਇਆ ਹੋਵੇ। ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਅਦਾਮੀ ਦਾ ਸਭ ਤੋਂ ਵੱਡਾ ਗਹਿਣਾ ਉਸਦੀ ਮਿੱਠੀ ਬਾਣੀ ਹੈ।**



ਧਰਤੀ ਉੱਤੇ ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜੋ ਗੱਲਬਾਤ ਰਾਹੀਂ ਆਪਣੇ ਵਿਚਾਰਾਂ ਅਤੇ ਸੁਖ–ਦੁਖ ਦੀਆਂ ਗੱਲਾਂ ਕਰਨ ਅਤੇ ਦੂਸਰਿਆਂ ਦੀਆਂ ਸਮਝਣ ਦੀ ਯੋਗਤਾ ਰੱਖਦਾ ਹੈ। ਗੱਲਬਾਤ ਆਪਸੀ ਵਿਚਾਰ–ਵਟਾਂਦਰਾ ਕਰਨ ਦਾ ਸਰਲ ਢੰਗ ਹੈ ਜਿਸ ਨਾਲ ਅਸੀਂ ਕਿਸੇ ਉੱਪਰ ਵੀ ਆਪਣਾ ਪ੍ਰਭਾਵ ਛੱਡ ਸਕਦੇ ਹਾਂ।

ਸਰੀਰ ਦੇ ਅੰਗਾਂ ਵਿੱਚੋਂ ਇੱਕ ਜੀਭ ਹੀ ਅਜਿਹੀ ਹੈ ਜੋ ਚੰਗੀ ਵੀ ਹੈ ਅਤੇ ਮਾੜੀ ਵੀ। ਜੀਭ ਤੋਂ ਉੱਤਮ ਬੋਲ ਬੋਲੇ ਜਾਣ ਤਾਂ ਸਭ ਨੂੰ ਚੰਗੇ ਲੱਗਦੇ ਹਨ। ਕੌੜਾ ਬੋਲਿਆ ਜਾਵੇ ਤਾਂ ਭੈੜਾ ਲੱਗਦਾ ਹੈ। ਕੁਦਰਤ ਨੇ ਆਦਮੀ ਨੂੰ ਵੇਖਣ ਲਈ ਦੋ ਅੱਖਾਂ ਦਿੱਤੀਆਂ ਹਨ, ਸੁਣਨ ਲਈ ਦੋ ਕੰਨ, ਸਾਹ ਲੈਣ ਲਈ ਦੋ ਨਾਸਾਂ ਹਨ, ਪਰ ਕੁਦਰਤ ਨੇ ਦੋ ਕੰਮਾਂ ਲਈ ਜੀਭ ਇੱਕ ਹੀ ਦਿੱਤੀ ਹੈ ਖਾਣ–ਪੀਣ ਲਈ ਵੀ ਅਤੇ ਬੋਲਣ ਲਈ ਵੀ। ਇਸ ਤੋਂ ਕੁਦਰਤ ਦਾ ਇੱਕ ਭਾਵ ਸਾਫ਼ ਹੈ ਕਿ ਅਸੀਂ ਵੇਖੀਏ, ਸੁਣੀਏ ਅਤੇ ਸਮਝੀਏ ਤਾਂ ਜ਼ਿਆਦਾ ਪਰ ਬੋਲੀਏ ਘੱਟ। ਸੱਪ ਦੀਆਂ ਦੋ ਜੀਭਾਂ ਹੁੰਦੀਆਂ ਹਨ। ਸੰਕੇਤਕ ਭਾਸ਼ਾਂ ਵਿੱਚ ਦੋਗਲੀ ਜ਼ੁਬਾਨ (ਦੋ ਜੀਭਾਂ) ਵਾਲੇ ਆਦਮੀ ਜੋ ਆਪਣੀ ਕਿਸੇ ਇੱਕ ਗੱਲ ਉੱਤੇ ਅਟੱਲ ਨਾ ਰਹਿ ਕੇ ਕਥਨੀ ਅਤੇ ਕਰਨੀ ਵਿੱਚ ਫਰਕ ਰੱਖਦੇ ਹਨ, ਸਮਾਜ ਉਨ੍ਹਾਂ ਨੂੰ ਆਦਰ ਦੀ ਨਜ਼ਰ ਨਾਲ ਨਹੀਂ ਵੇਖਦਾ। ਅਜਿਹੇ ਬੰਦੇ ਆਪਣੇ ਭਾਈਚਾਰੇ ਵਿੱਚੋਂ ਵੀ ਦਰਕਾਰੇ ਜਾਂਦੇ ਹਨ। ਸਾਰੇ ਪਾਪਾਂ ਦੀ ਜੜ੍ਹ ਬੋਲ ਬਾਣੀ ਹੈ। ਬਾਣੀ ਦੀ ਕਠੋਰਤਾ, ਕੁੜੱਤਣ ਅਤੇ ਸ਼ਬਦਾਂ ਦੇ ਗ਼ਲਤ ਪ੍ਰਯੋਗ ਕਰਕੇ ਹੀ ਅਸੀਂ ਆਪਣੇ ਸਹੀ ਭਾਵ ਪ੍ਰਗਟ ਨਹੀਂ ਕਰ ਸਕਦੇ। ਇਸ ਕਰਕੇ ਜ਼ਿਆਦਾਤਰ ਲੋਕਾਂ ਜਾਂ ਵਰਗਾਂ ਵਿੱਚ ਸ਼ਬਦਾਂ ਦੇ ਤਿੱਖੇ ਬਾਣਾਂ ਨਾਲ ਕੁੜੱਤਣਾਂ ਭਰ ਜਾਂਦੀਆਂ ਹਨ। ਜੇਕਰ ਲੋਕੀਂ ਆਪਣੇ ਦੁਰਭਾਵਨਾ ਰਹਿਤ, ਰਸੀਲੇ ਅਤੇ ਕਪਟ–ਰਹਿਤ ਵਿਚਾਰ ਸਮੇਂ ਅਨੁਸਾਰ ਸੋਚ ਸਮਝ ਕੇ ਪ੍ਰਗਟ ਕਰਨ ਤਾਂ ਸੰਸਾਰ ਵਿੱਚ ਫੈਲੀ ਕੁੜੱਤਣ ਅਤੇ ਵੈਰ–ਵਿਰੋਧ ਨੂੰ ਕਾਫ਼ੀ ਹੱਦ ਤਕ ਖ਼ਤਮ ਕੀਤਾ ਜਾ ਸਕਦਾ ਹੈ। ਮਨੁੱਖੀ ਜੀਵਨ ਵਿੱਚ ਕੋਈ ਖੇਤਰ ਅਜਿਹਾ ਨਹੀਂ ਜਿੱਥੇ ਗੱਲਬਾਤ ਵਿੱਚ ਨਿਪੁੰਨ ਹੋਏ ਬਿਨਾਂ ਕੋਈ ਸਫ਼ਲ ਹੋ ਸਕੇ। ਇਸ ਦਿਸ਼ਾ ਵਿੱਚ ਕੀਤੇ ਸਰਵੇਖਣਾਂ ਤੋਂ ਪਤਾ ਲੱਗਾ ਹੈ ਕਿ ਹਰ ਤਰ੍ਹਾਂ ਦੇ ਕੰਮਾਂ ਧੰਦਿਆਂ ਵਿੱਚ ਲੱਗੇ ਲੋਕਾਂ ਵਿੱਚ ਕੇਵਲ 15 ਫ਼ੀਸਦੀ ਹੀ ਅਜਿਹੇ ਹਨ ਜਿਨ੍ਹਾਂ ਨੇ ਆਪਣੀਆਂ ਡਿਗਰੀਆਂ ਅਤੇ ਸਿੱਖਿਆ ਪ੍ਰਾਪਤ ਕਰਕੇ ਸਫਲਤਾ ਹਾਸਲ ਕੀਤੀ ਹੈ ਨਹੀਂ ਤਾਂ 85 ਫ਼ੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਨੇ ਆਪਣੇ ਵਿਅਕਤੀਤਵ ਜਾਂ ਬੋਲਚਾਲ ਦੀ ਕਲਾ ਨੂੰ ਵਿਕਸਿਤ ਕਰਕੇ ਹੀ ਜੀਵਨ ਵਿੱਚ ਤਰੱਕੀ ਪ੍ਰਾਪਤ ਕੀਤੀ ਹੈ। ਕਿਹਾ ਗਿਆ ਹੈ ਕਿ ਕਿਸੇ ਦੀ ਜੇਬ ਵਿੱਚ ਭਾਵੇਂ ਧੇਲਾ ਨਾ ਹੋਵੇ, ਪਰ ਉਸ ਦੀ ਜ਼ੁਬਾਨ ਵਿੱਚੋਂ ਸ਼ਹਿਦ ਜ਼ਰੂਰ ਟਪਕਣਾ ਚਾਹੀਦਾ ਹੈ।

ਬੋਲ ਬਾਣੀ ਸੁੰਦਰ ਅਤੇ ਸਰਲ ਸ਼ਬਦਾਂ ਵਿੱਚ ਹੋਣੀ ਚਾਹੀਦੀ ਹੈ। ਪਸ਼ੂ ਨਾ ਬੋਲਣ ਕਰਕੇ ਅਤੇ ਇਨਸਾਨ ਬੋਲਣ ਕਰਕੇ ਕਸ਼ਟ ਭੋਗਦੇ ਹਨ। ਮਧੁਰ ਬਾਣੀ ਠੰਢੇ ਪਾਣੀ ਵਾਂਗ ਅੰਦਰ ਜਾ ਕੇ ਠੰਢ ਵਰਤਾਉਣ ਵਾਲੀ ਹੁੰਦੀ ਹੈ ਅਤੇ ਕੁੜੱਤਣ ਭਰੀ ਬਾਣੀ ਗਰਮ ਲਾਵੇ ਵਾਂਗ ਹੁੰਦੀ ਹੈ ਜਿਹੜੀ ਜਿੱਧਰ ਵੀ ਵਹਿੰਦੀ ਹੈ ਅੱਗ ਲਾਉਂਦੀ ਤੁਰੀ ਜਾਂਦੀ ਹੈ। ਪਾਣੀ ਗਰਮ ਹੋਵੇ ਤਾਂ ਹੱਥ ਸਾੜਦਾ ਹੈ ਅਤੇ ਬਾਣੀ ਗਰਮ ਹੋਵੇ ਤਾਂ ਕਾਲਜੇ ਭੁੰਨਦੀ ਹੈ। ਮਨੁੱਖ ਆਪਣੇ ਸੁਭਾਅ ਵਿੱਚ ਮਿਠਾਸ ਲੈ ਆਵੇ ਅਤੇ ਜੀਵਨ ਦੀ ਹਰ ਤਰੰਗ ਵਿੱਚ ਮਧੁਰਤਾ ਦਾ ਸੰਚਾਰ ਕਰੇ ਤਾਂ ਨਿਸ਼ਚਿਤ ਹੀ ਉਸ ਦੀ ਹਰ ਸਮੱਸਿਆ ਹੱਲ ਹੋ ਜਾਏਗੀ।

ਸ਼ਬਦਾਂ ਦੇ ਬਿਨਾਂ ਕਿਸੇ ਤਰ੍ਹਾਂ ਦਾ ਵਿਚਾਰ ਪ੍ਰਗਟ ਨਹੀਂ ਕੀਤਾ ਜਾ ਸਕਦਾ। ਅਸਲ ਵਿੱਚ ਸ਼ਬਦ ਹੀ ਵਿਚਾਰਾਂ ਦੀ ਆਤਮਾ ਹਨ। ਸ਼ਬਦਾਂ ਵਿੱਚ ਜੋ ਸ਼ਕਤੀ ਹੈ ਉਹ ਕਿਸੇ ਹੋਰ ਚੀਜ਼ ਵਿੱਚ ਨਹੀਂ ਹੋ ਸਕਦੀ ਕਿਉਂਕਿ ਸ਼ਬਦਾਂ ਵਿੱਚ ਆਦਮੀ ਦੀ ਸੰਪੂਰਨ ਭਾਵਨਾ ਛੁਪੀ ਹੋਈ ਹੁੰਦੀ ਹੈ। ਜੀਵਨ ਦੇ ਹਰ ਖੇਤਰ ਵਿੱਚ ਸ਼ਬਦ ਸ਼ਕਤੀ ਦਾ ਸਰਬਉੱਚ ਮਹੱਤਵ ਹੈ। ਜਿਸ ਦੇ ਬਿਨਾਂ ਮਨੁੱਖ ਕਦੇ ਸਫਲ ਨਹੀਂ ਹੋ ਸਕਦਾ। ਵੱਖ–ਵੱਖ ਅਹੁਦਿਆਂ ਉੱਤੇ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ ਤੋਂ ਜ਼ੁਬਾਨੀ ਪ੍ਰੀਖਿਆ ਇਸ ਲਈ ਹੀ ਲਈ ਜਾਂਦੀ ਹੈ ਕਿ ਉਸ ਦੇ ਸ਼ਬਦਾਂ ਅਤੇ ਬੋਲਚਾਲ ਦਾ ਸਹੀ ਪ੍ਰਗਟਾਅ ਜਾਣਿਆ ਜਾ ਸਕੇ। ਆਦਮੀ ਨੂੰ ਹਰ ਖੇਤਰ ਅਤੇ ਹਰ ਹਾਲਾਤ ਵਿੱਚ ਮਾਨਸਿਕ ਸੰਤੁਲਨ ਬਰਕਰਾਰ ਰੱਖਣ ਦੀ ਜ਼ਰੂਰਤ ਹੈ। ਸਫਲਤਾਪੂਰਬਕ ਸਾਰਥਿਕ ਗੱਲਬਾਤ ਕਰਨ ਲਈ ਇਹ ਹੋਰ ਵੀ ਜ਼ਰੂਰੀ ਹੈ ਕਿ ਆਦਮੀ ਨੂੰ ਅਨਰਥ ਕਰਨ ਵਾਲੀ ਕੌੜੀ ਭਾਸ਼ਾ ਨਹੀਂ ਬੋਲਣੀ ਚਾਹੀਦੀ।

ਚਿੰਤਾ ਜਾਂ ਘਬਰਾਹਟ ਭਰੇ ਅਤੇ ਭੜਕਾਊ ਸ਼ਬਦਾਂ ਦਾ ਇਸਤੇਮਾਲ ਨਾ ਕਰਕੇ ਸੱਚੀ, ਮਧੁਰ ਅਤੇ ਸਹਿਯੋਗੀ ਭਾਸ਼ਾ ਦੀ ਵਰਤੋਂ ਕਰੋ ਅਤੇ ਆਪਣੇ ਵਚਨਾਂ ਰਾਹੀਂ ਆਪਣੀ ਬਾਣੀ ਨੂੰ ਇਸ ਤਰ੍ਹਾਂ ਸਜਾਓ ਕਿ ਇੰਜ ਲੱਗੇ ਜਿਵੇਂ ਕਿਸੇ ਨੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਇਆ ਹੋਵੇ। ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਅਦਾਮੀ ਦਾ ਸਭ ਤੋਂ ਵੱਡਾ ਗਹਿਣਾ ਉਸਦੀ ਮਿੱਠੀ ਬਾਣੀ ਹੈ।

ਕੋਈ ਆਦਮੀ ਕਿੰਨਾ ਸਮਝਦਾਰ ਵਿਦਵਾਨ, ਸ਼ਾਲੀਨ ਅਤੇ ਵਿਵੇਕਸ਼ੀਲ ਹੈ ਇਹ ਉਸ ਦੇ ਵਿਵਹਾਰ ਅਤੇ ਉਸ ਦੀ ਬਾਣੀ ਤੋਂ ਹੀ ਪਤਾ ਲੱਗਦਾ ਹੈ। ਜਦੋਂ ਕਿਸੇ ਆਦਮੀ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਉਸ ਦੇ ਉਨ੍ਹਾਂ ਸ਼ਬਦਾਂ ਕਰਕੇ ਯਾਦ ਕੀਤਾ ਜਾਂਦਾ ਹੈ ਜੋ ਉਸ ਨੇ ਆਖਰੀ ਸਮੇਂ ਕਿਸੇ ਨਾਲ ਬੋਲੇ ਹੋਣ। ਹੁਣ ਕਿਸੇ ਨੂੰ ਇਹ ਪਤਾ ਨਹੀਂ ਕਿ ਆਖਰੀ ਵਕਤ ਕਿਹੜਾ ਹੈ ਅਤੇ ਆਖਰੀ ਸ਼ਬਦ ਕਿਹੜੇ ਹੋ ਸਕਦੇ ਹਨ। ਇਸ ਲਈ ਹਰ ਵਾਕ ਨੂੰ ਇਹੀ ਮੰਨ ਕੇ ਬੋਲਣਾ ਚਾਹੀਦਾ ਹੈ ਕਿ ਇਹ ਜ਼ਿੰਦਗੀ ਦਾ ਆਖਰੀ ਸ਼ਬਦ ਹੈ। ਦੁਨੀਆਂ ਦੇ ਵੱਡੇ ਲੋਕਾਂ ਦੀ ਇਹੀ ਖਾਸੀਅਤ ਰਹੀ ਹੈ ਕਿ ਉਹ ਬੋਲਣ ਤੋਂ ਬਚਦੇ ਸਨ। ਸਰਦਾਰ ਪਟੇਲ ਕਦੇ ਲੰਬਾ ਭਾਸ਼ਣ ਨਹੀਂ ਦਿੰਦੇ ਸਨ। ਸੁਭਾਸ਼ ਚੰਦਰ ਬੋਸ ਨੇ ਵੀ ਹਮੇਸ਼ਾਂ ਬੋਲਣ ਨਾਲੋਂ ਕੁਝ ਕਰਨ ਨੂੰ ਚੰਗਾ ਸਮਝਿਆ। ਬੋਲਣ ਨਾਲੋਂ ਕੰਮ ਕਰਨਾ ਸੋਖਾ ਹੈ ਤੇ ਜਿਸ ਨੂੰ ਕਰਨਾ ਆ ਜਾਏ ਉਸ ਨੂੰ ਬੋਲਣ ਦੀ ਲੋੜ ਹੀ ਨਹੀਂ ਪੈਂਦੀ। ਉਨ੍ਹਾਂ ਲਈ ਬੋਲਣ ਵਾਲੇ ਹੋਰ ਬਹੁਤ ਲੋਕ ਹੁੰਦੇ ਹਨ। ਇਤਿਹਾਸ ਬੋਲਣ ਵਾਲਿਆਂ ਨਾਲ ਨਹੀਂ ਕਰਨ ਵਾਲਿਆਂ ਨਾਲ ਬਣਦਾ ਹੈ। ਇਸ ਲਈ ਸ਼ਾਂਤ ਰਹਿ ਕੇ ਕੰਮ ਕਰਦੇ ਰਹਿਣਾ ਚਾਹੀਦਾ ਹੈ। ਜੋ ਲੋਕ ਸ਼ਾਂਤ ਰਹਿਣਾ ਸਿੱਖ ਜਾਂਦੇ ਹਨ, ਉਨ੍ਹਾਂ ਨੂੰ ਆਤਮਾ ਦੀ ਆਵਾਜ਼ ਵੀ ਸੁਣਨੀ ਆ ਜਾਂਦੀ ਹੈ। ਜੋ ਲੋਕ ਚੁੱਪ ਰਹਿ ਕੇ ਆਪਣੇ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ, ਉਨ੍ਹਾਂ ਦਾ ਮਨੋਬਲ ਵਧਦਾ ਹੈ ਅਤੇ ਹੋਰ ਕਰਨ ਦੀ ਇੱਛਾ ਜਾਗਦੀ ਹੈ। ਜੇਕਰ ਤੁਸੀਂ ਕਿਸੇ ਕੰਮ ਨੂੰ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਚੁੱਪ–ਚਾਪ ਕਰਦੇ ਜਾਓ। ਉਸ ਦਾ ਢਿੰਡੋਰਾ ਨਾ ਪਿੱਟੋ। ਬਾਣੀ ਦਾ ਉਪਯੋਗ ਇਸ ਤਰ੍ਹਾਂ ਕਰੋ ਕਿ ਸਾਡੇ ਬੋਲ ਹੋਰਨਾਂ ਨੂੰ ਦਿੱਤਾ ਜਾਣ ਵਾਲਾ ਫੁੱਲਾਂ ਦਾ ਗੁਲਦਸਤਾ ਬਣ ਜਾਣ। ਜਨਮ ਦਿਨ ਤਾਂ ਸਾਲ ਬਾਅਦ ਆਉਂਦਾ ਹੈ, ਤਦ ਹੀ ਅਸੀਂ ਕਿਸੇ ਨੂੰ ਮੁਬਾਰਕਬਾਦ ਸਹਿਤ ਗੁਲਦਸਤਾ ਭੇਟ ਕਰ ਸਕਦੇ ਹਾਂ, ਪਰ ਆਪਣੇ ਮਧੁਰ ਅਤੇ ਖੇੜਿਆਂ ਭਰੇ ਬੋਲਾਂ ਦਾ ਗੁਲਦਸਤਾ ਤਾਂ ਭਾਵੇਂ ਹਰ ਰੋਜ਼ ਹੀ ਸੱਜਣਾਂ ਨੂੰ ਦਿੰਦੇ ਫਿਰੀਏ। ਮਿੱਠੜੇ ਬੋਲਾਂ ’ਤੇ ਕੋਈ ਖ਼ਰਚਾ ਨਹੀਂ ਆਉਂਦਾ। ਹਰ ਆਦਮੀ ਦੇ ਜੀਵਨ ਵਿੱਚ ਕੁਝ ਖਾਮੀਆਂ ਜ਼ਰੂਰ ਹੁੰਦੀਆਂ ਹਨ। ਜੇਕਰ ਅਸੀਂ ਉਨ੍ਹਾਂ ਨੂੰ ਗਿਣਨਾ ਸ਼ੁਰੂ ਕਰ ਦਈਏ ਤਾਂ ਉਸ ਦੇ ਜੀਵਨ ਦਾ ਕਚਰਾ ਸਾਡੇ ਜੀਵਨ ਵਿੱਚ ਆਉਂਦਿਆਂ ਦੇਰ ਨਹੀਂ ਲੱਗਣੀ।

ਜੋ ਆਦਮੀ ਕਿਸੇ ਦੀ ਨਿੰਦਾ ਨਹੀਂ ਕਰਦਾ ਉਸ ਨੂੰ ਕਿਤੇ ਵੀ ਤੀਰਥੀ ਘੁੰਮਣ ਦੀ ਲੋੜ ਨਹੀਂ ਕਿਉਂਕਿ ਉਸ ਦਾ ਮਨ ਤਾਂ ਪਹਿਲਾਂ ਹੀ ਨਿਰਮਲ ਹੁੰਦਾ ਹੈ। ਰਸੀਲੀ ਅਤੇ ਮਧੁਰ ਬਾਣੀ ਪਰਿਵਾਰਕ ਸਮਾਜਿਕ, ਵਪਾਰਕ ਅਤੇ ਹੋਰ ਸਾਰੇ ਖੇਤਰਾਂ ਵਿੱਚ ਆਪਸੀ ਸਬੰਧਾਂ ਦੇ ਨਾਲ–ਨਾਲ ਸਾਡੀ ਸ਼ਾਨ ਨੂੰ ਵੀ ਵਧਾਉਂਦੀ ਹੈ ਅਤੇ ਸਾਨੂੰ ਜੀਵਨ ਦੀ ਸਰਲਤਾ ਵੱਲ ਲੈ ਜਾਂਦੀ ਹੈ। ਜੀਵਨ ਦਾ ਨਾਸ਼ ਇੱਕ ਅਟੱਲ ਸੱਚਾਈ ਹੈ, ਪਰ ਇਸ ਨੂੰ ਪ੍ਰਗਟ ਕਰਨ ਲਈ ਜ਼ਿੰਦਗੀ ਪ੍ਰਤੀ ਉਦਾਸੀਨਤਾ ਅਤੇ ਨਿਰਾਸ਼ਾ ਦੀ ਜਗ੍ਹਾ ਵਰਤਮਾਨ ਸਮੇਂ ਦੇ ਕੀਮਤੀ ਪਲਾਂ ਦਾ ਸਹੀ ਉਪਯੋਗ ਕੀਤਾ ਜਾਣਾ ਚਾਹੀਦਾ ਹੈ। ਦੁਨੀਆਂ ਵਿੱਚ ਰੋਂਦੇ ਰਹਿਣ ਵਾਲੇ ਦਾ ਕੋਈ ਸਾਥ ਨਹੀਂ ਦਿੰਦਾ। ਸਾਰੇ ਹੱਸਣ ਵਾਲੇ ਦਾ ਸਾਥੀ ਬਣਨਾ ਚਾਹੁੰਦੇ ਹਨ।

# ਹੁਣ ਗੋਰਾ ਦਿਸਣਾ ਆਸਾਨ

**ਸ਼ਿਵਾਂਗੀ ਝਾਂਬ**



ਸਾਂਵਲਾ ਰੰਗ ਦਿਲ ਨੂੰ ਮੋਹਣ ਵਾਲਾ ਹੁੰਦਾ ਹੈ, ਫਿਰ ਵੀ ਲੋਕ ਗੋਰਾ, ਸਾਫ਼ ਅਤੇ ਚਮਕਦਾ ਚਿਹਰਾ ਪਸੰਦ ਕਰਦੇ ਹਨ। ਕੁਝ ਲੋਕਾਂ ਨੂੰ ਗਹਿਰੀ ਰੰਗਤ ਜਨਮ ਤੋਂ ਪ੍ਰਾਪਤ ਹੁੰਦੀ ਹੈ ਅਤੇ ਕੁਝ ਲੋਕਾਂ ਦੀ ਜ਼ਿਆਦਾ ਦੇਰ ਤੱਕ ਧੁੱਪ ਵਿਚ ਰਹਿਣ ਨਾਲ ਚਮੜੀ ਟੈਨ ਹੋ ਜਾਂਦੀ ਹੈ, ਜਿਸ ਨਾਲ ਉਨ੍ਹਾਂ ਦਾ ਰੰਗ ਸਾਂਵਲਾ ਦਿਸਦਾ ਹੈ ਪਰ ਤੁਸੀਂ ਪ੍ਰੇਸ਼ਾਨ ਨਾ ਹੋਵੋ, ਕਿਉਂਕਿ ਹੁਣ ਘਰ ਵਿਚ ਰਹਿ ਕੇ ਤੁਸੀਂ ਕੁਝ ਘਰੇਲੂ ਨੁਸਖਿਆਂ ਨਾਲ ਗੋਰਾ ਨਿਖਾਰ ਪਾ ਸਕਦੇ ਹੋ।

× ਇਕ ਕੁਦਰਤੀ ਤਰੀਕਾ ਜਿਸ ਨਾਲ ਤੁਸੀਂ ਸਾਫ਼ ਚਮੜੀ ਪਾ ਸਕਦੇ ਹੋ, ਉਹ ਹੈ ਜੌਂ ਦਾ ਆਟਾ। ਜੌਂ ਦੇ ਆਟੇ ਵਿਚ ਕੁਝ ਬੂੰਦਾਂ ਗੁਲਾਬਜਲ ਅਤੇ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਪਾ ਕੇ ਲੇਪ ਬਣਾ ਲਓ। ਇਸ ਨੂੰ ਚਿਹਰੇ ’ਤੇ ਲਗਾ ਲਓ ਅਤੇ ਸੁੱਕਣ ’ਤੇ ਠੰਢੇ ਪਾਣੀ ਨਾਲ ਧੋ ਲਓ।

× ਚਮੜੀ ਦੀ ਰੰਗਤ ਨਿਖਾਰਨ ਲਈ ਤੁਸੀਂ ਉਬਟਨ ਵੀ ਲਗਾ ਸਕਦੇ ਹੋ। ਇਸ ਵਾਸਤੇ ਚਾਰ ਚਮਚ ਵੇਸਣ, ਅੱਧਾ ਚਮਚ ਚੰਦਨ ਪਾਊਡਰ, ਇਕ ਚਮਚ ਨਿੰਬੂ ਦਾ ਰਸ, ਇਕ ਚਮਚ ਖੀਰੇ ਦਾ ਰਸ ਅਤੇ ਇਕ ਚਮਚ ਦੁੱਧ ਨੂੰ ਮਿਲਾ ਕੇ ਲਗਾਓ।

× ਨਿਯਮਤ ਰੂਪ ਨਾਲ ਸੇਬ ਦਾ ਰਸ ਅਤੇ ਇਕ ਚਮਚ ਗੁਲਾਬਜਲ ਨੂੰ ਚੰਗੀ ਤਰ੍ਹਾਂ ਮਿਲਾ ਕੇ ਲਗਾਉਣ ਨਾਲ ਤੁਹਾਡੀ ਚਮੜੀ ਚਮਕਦਾਰ ਲੱਗੇਗੀ। ਰੰਗਤ ਵੀ ਨਿਖਰੇਗੀ।

× ਟਮਾਟਰ ਦਾ ਰਸ ਤਾਜ਼ਗੀ ਦਾ ਅਹਿਸਾਸ ਦਿੰਦਾ ਹੈ। ਟਮਾਟਰ ਦੇ ਗੁੱਦੇ ਨੂੰ ਚਿਹਰੇ ’ਤੇ ਲਗਾਉਣਾ ਚਮੜੀ ਨੂੰ ਗੋਰੀ ਬਣਾਉਣ ਵਿਚ ਅਦਭੁਤ ਕੰਮ ਕਰਦਾ ਹੈ।

× ਇਕ ਆਂਡਾ ਲਓ। ਉਸ ਦਾ ਸਫੈਦ ਵਾਲਾ ਭਾਗ ਕੱਢੋ ਅਤੇ ਚਿਹਰੇ ’ਤੇ ਲਗਾਓ। ਇਸ ਨਾਲ ਚਮੜੀ ਨਰਮ ਅਤੇ ਮੁਲਾਇਮ ਹੋ ਜਾਵੇਗੀ।

× ਖੀਰੇ ਦੇ ਰਸ ਵਿਚ ਜੈਤੂਨ ਦਾ ਤੇਲ ਮਿਲਾ ਕੇ ਲਗਾਓ। ਇਸ ਨਾਲ ਸਾਂਵਲੀ ਚਮੜੀ ਸਾਫ ਹੁੰਦੀ ਹੈ।

× ਦੋ ਚਮਚ ਮੁਲਤਾਨੀ ਮਿੱਟੀ, ਇਕ ਚਮਚ ਕੱਚਾ ਦੁੱਧ, ਇਕ ਚਮਚ ਗੁਲਾਬ ਜਲ ਅਤੇ ਇਕ ਚਮਚ ਨਾਰੀਅਲ ਦਾ ਪਾਣੀ ਮਿਲਾ ਕੇ ਪੇਸਟ ਬਣਾਓ। ਇਸ ਪੇਸਟ ਨੂੰ 15 ਮਿੰਟ ਤੱਕ ਚਿਹਰੇ ’ਤੇ ਲਗਾਓ। ਸੁੱਕਣ ’ਤੇ ਠੰਢੇ ਪਾਣੀ ਨਾਲ ਸਾਫ਼ ਕਰੋ।

× ਨਿੰਬੂ ਦਾ ਰਸ ਅਤੇ ਖੀਰੇ ਦਾ ਰਸ ਮਿਲਾ ਕੇ ਚਿਹਰੇ ’ਤੇ ਲਗਾਉਣ ਨਾਲ ਚਮੜੀ ਵਿਚ ਨਿਖਾਰ ਆਉਂਦਾ ਹੈ। ਇਹ ਨੁਸਖਾ ਤੇਲੀ ਚਮੜੀ ਲਈ ਕਾਫੀ ਲਾਭਦਾਇਕ ਹੈ।

× ਚਿਹਰੇ ’ਤੇ ਪਪੀਤਾ ਅਤੇ ਸ਼ਹਿਦ ਦਾ ਮਾਸਕ ਲਗਾ ਕੇ ਵੀ ਚਮੜੀ ਨੂੰ ਗੋਰੀ ਅਤੇ ਚਮਕਦਾਰ ਬਣਾਇਆ ਜਾ ਸਕਦਾ ਹੈ।

# ਬਨਾਉਟੀ ਗਹਿਣਿਆਂ ਦੀ ਸੰਭਾਲ ਕਿਵੇਂ ਕਰੀਏ ?



ਕਾਸਟਿਊਮ ਜਿਊਲਰੀ ਜਾਂ ਬਨਾਉਟੀ ਗਹਿਣਿਆਂ ਨੂੰ ਬਣਾਉਣ ਵਿਚ ਸਸਤੇ ਧਾਤ, ਬਨਾਉਟੀ ਮੋਤੀ ਅਤੇ ਨਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਲਈ ਇਹ ਸਸਤੀ ਹੁੰਦੀ ਹੈ। ਇਹ ਬਾਜ਼ਾਰ ਵਿਚ ਕਈ ਤਰ੍ਹਾਂ ਦੇ ਰੰਗਾਂ ਅਤੇ ਡਿਜ਼ਾਈਨਾਂ ਵਿਚ ਮਿਲਦੀ ਹੈ।

× ਆਪਣੇ ਗਹਿਣਿਆਂ ਨੂੰ ਪਾਣੀ ਤੋਂ ਬਚਾਅ ਕੇ ਰੱਖੋ। ਨਮਕ ਅਤੇ ਕਲੋਰੀਨ ਵਾਲੇ ਪਾਣੀ ਨਾਲ ਗਹਿਣਿਆਂ ਨੂੰ ਨੁਕਸਾਨ ਹੋ ਸਕਦਾ ਹੈ। ਇਨ੍ਹਾਂ ’ਤੇ ਗੂੜ੍ਹੇ ਧੱਬੇ ਪੈ ਸਕਦੇ ਹਨ, ਜਿਨ੍ਹਾਂ ਨੂੰ ਹਟਾਉਣਾ ਮੁਸ਼ਕਿਲ ਹੁੰਦਾ ਹੈ। ਜੇਕਰ ਇਨ੍ਹਾਂ ਨੂੰ ਜ਼ਿਆਦਾ ਰਗੜਿਆ ਜਾਂਦਾ ਹੈ ਤਾਂ ਗਹਿਣਿਆਂ ਦੀ ਚਮਕ ਫਿੱਕੀ ਪੈ ਜਾਂਦੀ ਹੈ।

× ਜਦੋਂ ਬਨਾਉਟੀ ਗਹਿਣੇ ਖਰੀਦਦੇ ਹੋ ਤਾਂ ਇਸ ਗੱਲ ਨੂੰ ਦੇਖ ਲਓ ਕਿ ਉਸ ਦੇ ਨਗ ਢਿੱਲੇ ਨਾ ਹੋਣ। ਨਗਾਂ ਵਾਲੇ ਬਨਾਉਟੀ ਗਹਿਣਿਆਂ ਦੀ ਜ਼ਿਆਦਾ ਦੇਖਭਾਲ ਕਰਨੀ ਪੈਂਦੀ ਹੈ, ਕਿਉਂਕਿ ਇਸ ਵਿਚੋਂ ਜੇ ਇਕ ਵੀ ਨਗ ਨਿਕਲ ਜਾਂਦਾ ਹੈ ਤਾਂ ਉਸ ਦੀ ਪੂਰੀ ਸੁੰਦਰਤਾ ਹੀ ਖ਼ਤਮ ਹੋ ਜਾਂਦੀ ਹੈ। ਜੇ ਇਸ ਦਾ ਇਕ ਵੀ ਨਗ ਗੁਆਚ ਜਾਵੇ ਤਾਂ ਉਸ ਨੂੰ ਉਸੇ ਸਮੇਂ ਲੱਭ ਕੇ ਗਲੂ ਨਾਲ ਉਸੇ ਜਗ੍ਹਾ ਚਿਪਕਾ ਦਿਓ ਜਾਂ ਇਸ ਨੂੰ ਬਨਾਉਟੀ ਗਹਿਣਿਆਂ ਦੀ ਦੁਕਾਨ ’ਤੇ ਜਾ ਕੇ ਸਹੀ ਕਰਾਓ।

× ਸੌਣ ਤੋਂ ਪਹਿਲਾਂ ਜਾਂ ਪਾਣੀ ਦਾ ਕੰਮ ਕਰਨ ਤੋਂ ਪਹਿਲਾਂ ਆਪਣੇ ਗਹਿਣੇ ਉਤਾਰ ਲਓ।

× ਆਪਣੇ ਗਹਿਣਿਆਂ ਨੂੰ ਸੁੱਕੇ, ਠੰਢੇ ਅਤੇ ਨਮੀ ਵਾਲੇ ਸਥਾਨ ’ਤੇ ਰੱਖੋ।

× ਗਹਿਣੇ ਪਹਿਨਣ ਤੋਂ ਬਾਅਦ ਪਰਫਿਊਮ, ਡੀਓ ਜਾਂ ਕਿਸੇ ਹੋਰ ਤਰ੍ਹਾਂ ਦੇ ਸਪਰੇਅ ਦੀ ਵਰਤੋਂ ਨਾ ਕਰੋ।

× ਗਹਿਣਿਆਂ ਨੂੰ ਪਲਾਸਟਿਕ ਜਾਂ ਪੇਪਰ ਬੈਗ ਵਿਚ ਰੱਖੋ। ਗਹਿਣੇ ਉਤਾਰਨ ਤੋਂ ਬਾਅਦ ਨਰਮ ਬੁਰਸ਼ ਦੀ ਮਦਦ ਨਾਲ ਉਸ ਦੀ ਧੂੜ ਸਾਫ਼ ਕਰ ਲਓ। ਇਸ ਤੋਂ ਬਾਅਦ ਇਕ ਪਤਲੇ ਸੂਤੀ ਕੱਪੜੇ ਵਿਚ ਲਪੇਟ ਲਓ।

× ਕਸਰਤ ਕਰਨ ਸਮੇਂ, ਤੈਰਨ ਸਮੇਂ, ਨਹਾਉਣ ਸਮੇਂ ਇਨ੍ਹਾਂ ਗਹਿਣਿਆਂ ਨੂੰ ਨਾ ਪਹਿਨੋ।

× ਇਨ੍ਹਾਂ ਗਹਿਣਿਆਂ ਨੂੰ ਸਾਫ਼ ਕਰਨ ਲਈ ਸਾਬਣ, ਪਾਣੀ ਜਾਂ ਕਲੀਨਿੰਗ ਪਾਊਡਰ ਦੀ ਵਰਤੋਂ ਨਾ ਕਰੋ।

× ਇਨ੍ਹਾਂ ਗਹਿਣਿਆਂ ਨੂੰ ਸਾਫ਼ ਕਰਦੇ ਸਮੇਂ ਪਹਿਲਾਂ ਇਨ੍ਹਾਂ ਦੇ ਅੰਦਰੂਨੀ ਕਿਨਾਰੇ ’ਤੇ ਥੋੜ੍ਹਾ ਜਿਹਾ ਪੈਚ ਟੈਸਟ ਕਰਕੇ ਫਿਰ ਬਾਕੀ ਦੇ ਹਿੱਸੇ ਨੂੰ ਸਾਫ਼ ਕਰੋ।

× ਜ਼ਿਆਦਾ ਹਵਾ ਦੇ ਸੰਪਰਕ ਵਿਚ ਰਹਿਣ ’ਤੇ ਇਨ੍ਹਾਂ ਗਹਿਣਿਆਂ ਦੀ ਚਮਕ ਖ਼ਤਮ ਹੋ ਜਾਂਦੀ ਹੈ। ਇਨ੍ਹਾਂ ਨੂੰ ਹਮੇਸ਼ਾ ਜਿਪ ਪਾਊਚ ਵਿਚ ਰੱਖੋ ਅਤੇ ਬੰਦ ਕਰਨ ਤੋਂ ਪਹਿਲਾਂ ਪਾਊਚ ਦੀ ਵੀ ਹਵਾ ਚੰਗੀ ਤਰ੍ਹਾਂ ਕੱਢ ਦਿਓ।

× ਜੇਕਰ ਇਨ੍ਹਾਂ ਦੀ ਚਮਕ ਫਿੱਕੀ ਪੈਣ ਲੱਗੇ ਤਾਂ ਇਨ੍ਹਾਂ ਨੂੰ ਰੂੰ ਜਾਂ ਕਿਸੇ ਨਰਮ ਕੱਪੜੇ ਨਾਲ ਹਲਕੇ ਹੱਥਾਂ ਨਾਲ ਪੂੰਝ ਲਓ। ਇਸ ਨਾਲ ਇਨ੍ਹਾਂ ਦੀ ਚਮਕ ਮੁੜ ਆ ਸਕਦੀ ਹੈ।

# ਮੈਨੂੰ ਜੱਗ ਵੇਖਣ ਦਾ ਚਾਅ ਨੀਂ ਮਾਏਂ



‘ਮਾਵਾਂ ਤੇ ਧੀਆਂ ਬੈਠੀਆਂ ਨੀਂ ਮਾਂ, ਕੋਈ ਕਰਦੀਆਂ ਗੱਲਾਂ...।’ ਜੀ ਹਾਂ, ਇਕ ਧੀ ਦੀ ਆਪਣੀ ਮਾਂ ਨਾਲ ਉਮਰ ਭਰ ਲਈ ਹੀ ਇਕ ਭਾਵੁਕ ਜਿਹੀ ਸਾਂਝ ਹੁੰਦੀ ਹੈ। ਧੀ ਸਦਾ ਹੀ ਆਪਣੀ ਮਾਂ ਨਾਲ ਆਪਣੇ ਮਨ ਦੇ ਚਾਅ, ਵਲਵਲੇ, ਜਜ਼ਬਾਤ ਸਾਂਝੇ ਕਰਦੀ ਹੈ। ਮਾਂ–ਧੀ ਦਰਮਿਆਨ ਰਿਸ਼ਤਾ ਏਨਾ ਨਿੱਘਾ ਹੋਣ ਕਰਕੇ ਕਿਸੇ ਲਿਖਾਰੀ ਨੇ ਠੀਕ ਹੀ ਲਿਖਿਆ ਹੈ, ‘ਮਾਵਾਂ ਤੇ ਧੀਆਂ ਵਰਗਾ ਰਿਸ਼ਤਾ ਕੋਈ ਹੋਰ ਨਾ।’ ਜ਼ਮਾਨੇ ਦੇ ਬਦਲਾਅ ਕਾਰਨ ਅਜੋਕੇ ਪੜ੍ਹੇ–ਲਿਖੇ, ਅਗਾਂਹਵਧੂ ਪਰਿਵਾਰਾਂ ਅਤੇ ਸਮਾਜ ’ਚ ਧੀਆਂ ਨੂੰ ਪੂਰਾ ਮਾਣ–ਸਨਮਾਨ ਦਿੱਤਾ ਜਾ ਰਿਹਾ ਹੈ। ਅਜਿਹੇ ਪਰਿਵਾਰਾਂ ’ਚ ਕੁੜੀਆਂ ਦੀ ਲੋਹੜੀ ਵੰਡੀ ਜਾਂਦੀ ਹੈ, ਜਨਮ ਦਿਨ ਪੂਰੇ ਚਾਅ ਨਾਲ ਮਨਾਇਆ ਜਾਂਦਾ ਹੈ। ਜਨਮ ਸਮੇਂ ਬੂਹੇ ਅੱਗੇ ਸ਼ਰੀਂਹ ਦੀਆਂ ਟਹਿਣੀਆਂ ਬੰਨ੍ਹ ਕੇ ਇਸ ਦਾ ਪੂਰਾ ਚਾਅ ਮਨਾਇਆ ਜਾਂਦਾ ਹੈ। ਇਵੇਂ ਹੀ ਇਕ–ਦੋ ਫ਼ੀਸਦੀ ਅਜਿਹੇ ਮਾਪੇ ਵੀ ਹਨ, ਜਿਨ੍ਹਾਂ ਦੇ ਕੇਵਲ ਇਕ ਹੀ ਬੱਚਾ ਹੈ, ਉਹ ਵੀ ਲੜਕੀ। ਉਨ੍ਹਾਂ ਨੇ ਹੋਰ ਬੱਚਾ ਲੈਣ ਦੀ ਇੱਛਾ ਹੀ ਨਹੀਂ ਰੱਖੀ ਅਤੇ ਕੇਵਲ ਇਕਲੌਤੀ ਧੀ ਨੂੰ ਹੀ ਆਪਣਾ ਸਭ ਕੁਝ ਮੰਨਿਆ ਹੈ, ਜੋ ਕਿ ਇਕ ਚੰਗੀ ਪਿਰਤ ਹੈ। ਇਸ ਨਾਲ ਇਹ ਵੀ ਤਸੱਲੀ ਹੁੰਦੀ ਹੈ ਕਿ ਧੀਆਂ ਨੂੰ ਅੱਜ ਵੀ ਪੁੱਤਾਂ ਵਾਂਗ ਪਿਆਰ ਕਰਨ ਵਾਲੇ ਮਾਪੇ ਮੌਜੂਦ ਹਨ। ਬੇਸ਼ੱਕ ਉਨ੍ਹਾਂ ਦੀ ਗਿਣਤੀ ਸਮਾਜ ’ਚ ਥੋੜ੍ਹੀ ਹੈ। ਅਜਿਹੇ ਮਾਪਿਆਂ ਤੋਂ ਸਮਾਜ ਦੇ ਬਾਕੀ ਲੋਕਾਂ ਨੂੰ ਵੀ ਸੇਧ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਸਾਡੀ ਖੁਸ਼ਹਾਲ ਧਰਤੀ ’ਤੇ ਜਿਥੇ ਧੀਆਂ ਨੂੰ ਚੰਗੇ ਪਰਿਵਾਰਾਂ ਅਤੇ ਸਮਾਜ ’ਚ ਚੰਗਾ ਮਾਣ–ਸਨਮਾਨ ਦੇਣ ਵਾਲੇ ਲੋਕ ਬੈਠੇ ਹਨ, ਉਥੇ ਕੁਝ ਕੁ ਧੀਆਂ ਪ੍ਰਤੀ ਤੰਗਦਿਲੀ ਨਜ਼ਰੀਏ ਵਾਲੇ ਲੋਕ ਵੀ ਬੈਠੇ ਹਨ, ਜੋ ਕਿ ਗੁਰੂਆਂ–ਪੀਰਾਂ ਦੁਆਰਾ ਸਤਿਕਾਰੀ ਗਈ ਧੀ (ਔਰਤ) ਦੇ ਜੰਮਣ ਨੂੰ ਅਜੋਕੇ ਸਮੇਂ ਵੀ ਅਪਸ਼ਗਨ ਮੰਨ ਰਹੇ ਹਨ। ਤਾਂ ਹੀ ਕਿਸੇ ਨੇ ਕਿਹਾ ਹੈ, ‘ਧੀਆਂ ਜੰਮੀਆਂ ਤੇ ਗੁੜ ਵੀ ਨਾ ਵੰਡਿਆ...।’ ਇਹੋ ਵੱਡਾ ਕਾਰਨ ਹੈ ਕਿ ਦੇਸ਼ ਦੇ ਖੁਸ਼ਹਾਲ ਸੂਬੇ ਪੰਜਾਬ ’ਚ ਲੜਕੇ–ਲੜਕੀਆਂ ਦੀ ਗਿਣਤੀ ਦਾ ਅਨੁਪਾਤ ਅੱਜ ਵੀ 1000 : 882 ’ਤੇ ਖੜ੍ਹਾ ਹੈ। ਇਹ ਪਾੜਾ ਖ਼ਤਮ ਕਰਨ ਦੀ ਅਹਿਮ ਲੋੜ ਹੈ। ਇਸ ਪਾੜੇ ਦਾ ਵੱਡਾ ਕਾਰਨ ਭਰੂਣ ਹੱਤਿਆ ਹੈ। ਭਾਰਤ ਸਰਕਾਰ ਵਲੋਂ ਭਰੂਣਹੱਤਿਆ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਹਨ। ਗਰਭ ’ਚ ਪਲ ਰਹੇ ਬੱਚੇ ਦੇ ਵਿਕਾਸ ਤੇ ਤੰਦਰੁਸਤੀ ਦਾ ਜਾਇਜ਼ਾ ਲੈਣ ਲਈ ਅਲਟਰਾ ਸਾਊਂਡ ਮਸ਼ੀਨ ਦੁਆਰਾ ਸਕੈਨ ਕਰਨ ਸਮੇਂ ਲਗਪਗ ਸਾਰੇ ਹੀ ਸਕੈਨ ਸੈਂਟਰਾਂ ਨੇ ਸਰਕਾਰ ਦੇ ਆਦੇਸ਼ ਦਾ ਪਾਲਣ ਕਰਦਿਆਂ ਗਰਭ ਦਾ ਲਿੰਗ ਦੱਸਣ ’ਤੇ ਸਖ਼ਤੀ ਨਾਲ ਪਾਬੰਦੀ ਲਾਈ ਹੋਈ ਹੈ ਪਰ ਫਿਕਰਮੰਦੀ ਦੀ ਗੱਲ ਹੈ ਕਿ ਇਸ ਦੇ ਬਾਵਜੂਦ ਧੀਆਂ ਦੇ ਦੁਸ਼ਮਣ ਅਤੇ ਪਿਛਾਂਹਖਿੱਚੂ ਸੋਚ ਦੇ ਧਾਰਨੀ ਮਾਪੇ ਚੋਰੀ–ਛੁਪੇ ਇਨ੍ਹਾਂ ਨੂੰ ਗਰਭ ’ਚ ਖ਼ਤਮ ਕਰਨ ’ਤੇ ਤੁਲੇ ਹੋਏ ਹਨ। ਉਨ੍ਹਾਂ ਲੋਕਾਂ ਅਤੇ ਮਾਪਿਆਂ ਦੀ ਜੰਗਾਲੀ ਮਾਨਸਿਕਤਾ ਖ਼ਿਲਾਫ਼ ਮਾਂ ਦੇ ਗਰਭ ਅੰਦਰ ਹੀ ਪਲ ਰਹੀ ਇਕ ਧੀ ਆਪਣੀ ਮਾਂ ਨੂੰ ਪੁਕਾਰ ਕਰਦੀ ਹੋਈ ਆਖਦੀ ਹੈ, ‘ਮੈਨੂੰ ਜੱਗ ਵੇਖਣ ਦਾ ਚਾਅ, ਨੀਂ ਮਾਏਂ ਮੇਰੀਏ। ਮੈਨੂੰ ਕੁੱਖ ’ਚ ਨਾ ਕਤਲ ਕਰਾ ਨੀਂ ਮਾਏਂ ਮੇਰੀਏ...।’ ਸੋ, ਸਾਡਾ ਸਭਨਾਂ ਦਾ ਇਹ ਨੈਤਿਕ ਫ਼ਰਜ਼ ਬਣਦਾ ਹੈ ਕਿ ਅਸੀਂ ਗਰਭ ’ਚ ਪਲ ਰਹੀ ਧੀ ਦੀ ਪੁਕਾਰ ਨੂੰ ਪੂਰੇ ਗਹੁ ਨਾਲ ਸੁਣੀਏ ਅਤੇ ਉਸ ਉੱਪਰ ਅਮਲ ਕਰਦੇ ਹੋਏ ਧੀ ਨੂੰ ਸਮਾਜ ’ਚ ਪੂਰੇ ਮਾਣ–ਸਨਮਾਨ ਨਾਲ ਜਿਊਣ ਦਾ ਮੌਕਾ ਦੇਈਏ। ਜੇਕਰ ਸਮਾਜ ਵਿਚ ਧੀਆਂ ਹੋਣਗੀਆਂ ਤਾਂ ਹੀ ਨੂੰਹਾਂ ਆਉਣਗੀਆਂ ਅਤੇ ਅੱਗੇ ਵੰਸ਼–ਅੰਸ਼ ਚਲਦੀ ਰਹੇਗੀ। ਧੀ ਵੀ ਜੱਗ ’ਤੇ ਜਨਮ ਲੈਣਾ ਚਾਹੁੰਦੀ ਹੈ ਅਤੇ ਇਸ ਰੰਗਲੇ ਸੰਸਾਰ ਨੂੰ ਦੇਖਣ, ਜਿਊਣ, ਮਾਨਣ ਦੀ ਪ੍ਰਬਲ ਇੱਛਾ ਆਪਣੇ ਮਨ ’ਚ ਰੱਖਦੀ ਹੈ। ਇਹ ਪੁਕਾਰ ਇਕ ਮਾਂ ਨੂੰ ਹੀ ਨਹੀਂ, ਸਗੋਂ ਸਮੁੱਚੇ ਸਮਾਜ ਨੂੰ ਗੰਭੀਰਤਾ ਨਾਲ ਸੋਚਣ ਅਤੇ ਵਿਚਾਰਨ ਲਈ ਹੈ ਕਿ ਅਸੀਂ ਧੀਆਂ ਨੂੰ ਸਮਾਜ ’ਚ ਪੂਰਾ ਮਾਣ–ਸਨਮਾਨ ਅਤੇ ਜਿਊਣ ਦਾ ਪੂਰਾ ਹੱਕ ਦੇਣ ’ਚ ਭਾਗੀਦਾਰ ਬਣੀਏ। ਇਸ ਵਿਚ ਹੀ ਸਾਡੇ ਸਭਨਾਂ ਦੀ ਭਲਾਈ ਹੈ, ਕਿਉਂਕਿ ਪੁੱਤ ਕਪੁੱਤ ਹੋ ਸਕਦਾ ਹੈ ਪਰ ਧੀਆਂ ਕਦੇ ਵੀ ਮਾਪਿਆਂ ਲਈ ਕੁ–ਧੀਆਂ ਨਹੀਂ ਬਣਦੀਆਂ...।

**–ਮੋਹਰ ਗਿੱਲ ਸਿਰਸੜੀ,** ਮੋਬਾ: 98156–59110

# ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅੱਤਵਾਦ ਦਾ ਟਾਕਰਾ ਕਰ ਰਹੀ ਹੈ ਪੰਜਾਬ ਪੁਲਿਸ: ਭਗਵੰਤ ਮਾਨ

**➢ ਪੰਜਾਬ ਪੁਲਿਸ ਸਿਰਫ ਪੰਜਾਬ ਦੀ ਨਹੀਂ ਸਗੋ ਸਮੁੱਚੇ ਦੇਸ਼ ਦੀ ਪੁਲਿਸ ਹੈ ਜੋ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਖਤਰਿਆਂ ਅੱਗੇ ਹਿੱਕ ਤਾਣ ਕੇ ਖੜ੍ਹੀ ਹੈ ➢ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਨੂੰ ਆਧੁਨਿਕ ਸਾਧਨਾਂ ਨਾਲ ਲੈਸ ਕਰਨਾ ਦੇਸ਼ ਦੀ ਸੁਰੱਖਿਆ ਵਿੱਚ ਵੀ ਵੱਡਾ ਯੋਗਦਾਨ**

ਜਲੰਧਰ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਨੂੰ ਹਰ ਰੋਜ਼ ਪਾਕਿਸਤਾਨ ਵੱਲੋਂ ਸਮਾਜ ਵਿਰੋਧੀ ਅਨਸਰਾਂ ਅਤੇ ਡਰੋਨਾਂ ਦੀ ਘੁਸਪੈਠ ਰਾਹੀਂ ਸੂਬੇ ਦਾ ਮਾਹੌਲ ਖਰਾਬ ਕਰਨ ਲਈ ਘੜੇ ਜਾ ਰਹੇ ਨਾਪਾਕ ਮਨਸੂਬਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਕੌਮਾਂਤਰੀ ਸਰਹੱਦ ਦੀ ਰਾਖੀ ਲਈ ਡਟ ਕੇ ਪਹਿਰਾ ਦੇ ਰਹੀ ਹੈ ਅਤੇ ਪੰਜਾਬ ਪੁਲਿਸ ਸਿਰਫ ਪੰਜਾਬ ਦੀ ਹੀ ਨਹੀਂ ਸਗੋਂ ਸਮੁੱਚੇ ਦੇਸ਼ ਦੀ ਪੁਲਿਸ ਹੈ ਜੋ ਆਪਣਾ ਫਰਜ਼ ਨਿਭਾਅ ਰਹੀ ਹੈ। ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜਲੰਧਰ ਦੇ ਪੀ.ਏ.ਪੀ. ਗਰਾਊਂਡ ਵਿਖੇ ਪਾਸਿੰਗ ਆਊਟ ਪਰੇਡ ਦੌਰਾਨ 2,577 ਨਵੇਂ ਪੁਲਿਸ ਜਵਾਨਾਂ ਨੂੰ ਰਸਮੀ ਤੌਰ 'ਤੇ ਪੰਜਾਬ ਪੁਲਿਸ ਵਿੱਚ ਸ਼ਾਮਲ ਕਰਵਾਇਆ। ਮੁੱਖ ਮੰਤਰੀ ਦੀ ਇਸ ਪਹਿਲਕਦਮੀ ਨੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਪੁਲਿਸ ਦੇ ਆਧੁਨਿਕੀਕਰਨ ਲਈ ਸੂਬਾ ਸਰਕਾਰ ਦੀ ਦੋਹਰੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਪੰਜਾਬ ਪੁਲਿਸ ਦੀ ਭਰਤੀ ਮੁਹਿੰਮ ਨੂੰ ਆਪ ਸਰਕਾਰ ਦੀ ਰੋਜ਼ਗਾਰ ਕ੍ਰਾਂਤੀ ਦਾ ਅਹਿਮ ਹਿੱਸਾ ਐਲਾਨਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮਾਰਚ, 2022 ਤੋਂ ਲੈ ਕੇ ਹੁਣ ਤੱਕ 12,010 ਤੋਂ ਵੱਧ ਪੁਲਿਸ ਜਵਾਨ ਨਿਯੁਕਤ ਕੀਤੇ ਗਏ ਹਨ, ਵਿਗਿਆਨਕ ਲੀਹਾਂ 'ਤੇ ਫੋਰਸ ਨੂੰ ਅਪਗ੍ਰੇਡ ਕਰਨ ਲਈ 1100 ਕਰੋੜ ਰੁਪਏ ਰੱਖੇ ਗਏ ਹਨ ਅਤੇ ਸਾਈਬਰ ਅਪਰਾਧ, ਅੱਤਵਾਦ ਅਤੇ ਨਸ਼ਿਆਂ ਦਾ ਟਾਕਰਾ ਕਰਨ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ, ਵਿਸ਼ੇਸ਼ ਤਕਨੀਕੀ ਯੂਨਿਟ ਅਤੇ ਮਜ਼ਬੂਤ ਐਂਟੀ-ਨਾਰਕੋਟਿਕਸ ਟਾਸਕ ਫੋਰਸ ਸਮੇਤ ਅਤਿ-ਆਧੁਨਿਕ ਕਦਮ ਚੁੱਕੇ ਜਾ ਰਹੇ ਹਨ। 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਤਹਿਤ 50,238 ਗ੍ਰਿਫ਼ਤਾਰੀਆਂ ਅਤੇ ਸੜਕ ਸੁਰੱਖਿਆ ਫੋਰਸ ਵੱਲੋਂ ਬਚਾਈਆਂ ਗਈਆਂ 46,399 ਜ਼ਿੰਦਗੀਆਂ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ ਰਿਕਾਰਡ ਭਰਤੀ, ਤੇਜ਼ੀ ਨਾਲ ਤਕਨੀਕੀ ਅਪਗ੍ਰੇਡੇਸ਼ਨ ਅਤੇ ਅਪਰਾਧ ਵਿਰੁੱਧ ਬੇਮਿਸਾਲ ਕਾਰਵਾਈ ਹੋ ਰਹੀ ਹੈ, ਜੋ ਕਿ ਪੰਜਾਬ ਵਿੱਚ ਅਮਨ-ਸ਼ਾਂਤੀ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਸਰਕਾਰ ਦੇ ਦ੍ਰਿੜ੍ਹ ਸੰਕਲਪ ਦੀ ਗਵਾਹੀ ਭਰਦੀ ਹੈ।

'ਐਕਸ' 'ਤੇ ਸਮਾਰੋਹ ਦੀਆਂ ਕੁਝ ਝਲਕੀਆਂ ਸਾਂਝੀਆਂ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਜਲੰਧਰ ਵਿੱਚ ਪੰਜਾਬ ਪੁਲਿਸ ਦੀ ਵੱਕਾਰੀ ਪਾਸਿੰਗ-ਆਊਟ ਪਰੇਡ ਵਿੱਚ ਸ਼ਾਮਲ ਹੋਣਾ ਮਾਣ-ਸਨਮਾਨ ਦੀ ਗੱਲ ਸੀ। ਕੁੱਲ 2,577 ਨਵੇਂ, ਬਹੁਤ ਪ੍ਰੇਰਨਾਦਾਇਕ ਅਫਸਰ ਅਧਿਕਾਰਤ ਤੌਰ 'ਤੇ ਪੰਜਾਬ ਪੁਲਿਸ ਦੇ ਪਰਿਵਾਰ ਵਿੱਚ ਸ਼ਾਮਲ ਹੋਏ ਹਨ, ਇਨ੍ਹਾਂ ਸਾਰਿਆਂ ਨੂੰ ਵਧਾਈਆਂ। ਸਾਡੀ ਸਰਕਾਰ ਦੀ ਅਗਵਾਈ ਹੇਠ 12,000 ਤੋਂ ਵੱਧ ਜਵਾਨਾਂ ਦੀ ਪੁਲਿਸ ਵਿੱਚ ਭਰਤੀ ਦਾ ਰਿਕਾਰਡ ਕਾਇਮ ਕੀਤਾ ਗਿਆ ਹੈ, ਉੱਚ-ਤਕਨੀਕੀ ਯੂਨਿਟਾਂ ਸਥਾਪਤ ਕੀਤੀਆਂ ਗਈਆਂ ਹਨ ਅਤੇ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਸਖ਼ਤ ਮੁਹਿੰਮ ਜਾਰੀ ਹੈ। ਅਸੀਂ ਪੰਜਾਬ ਦੀ ਸੁਰੱਖਿਆ ਅਤੇ ਸ਼ਾਂਤੀ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਜੈ ਹਿੰਦ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅਹੁਦਾ ਸੰਭਾਲਣ ਤੋਂ ਬਾਅਦ, ਮੈਂ ਪੰਜਾਬ ਪੁਲਿਸ ਨੂੰ ਵਿਗਿਆਨਕ ਲੀਹਾਂ 'ਤੇ ਅਪਗ੍ਰੇਡ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਅਤੇ ਇਸ ਮਕਸਦ ਲਈ 1,100 ਕਰੋੜ ਰੁਪਏ ਰੱਖੇ ਗਏ ਹਨ।

# ਪੁਲਿਸ ਮੁਲਾਜ਼ਮਾਂ ਦੀ ਹੱਤਿਆ ਕਰਨ ਵਾਲਿਆਂ ਵਿੱਚੋਂ ਇੱਕ ਮੁਲਜ਼ਮ ਢੇਰ

**ਸੀਆਈਏ ਸਟਾਫ਼ ਦੇ ਮੁਖੀ ਗੁਰਮੀਤ ਸਿੰਘ ਦੇ ਮੋਢੇ 'ਤੇ ਲੱਗੀ ਗੋਲੀ**

ਚੰਡੀਗੜ੍ਹ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-







ਸਰਹੱਦੀ ਪਿੰਡ ਆਦੀਆਂ ਪੁਲੀਸ ਚੌਕੀ ਵਿੱਚ 2 ਪੁਲੀਸ ਮੁਲਾਜ਼ਮਾਂ ਦੀ ਗੋਲੀ ਮਾਰ ਕੇ ਹੱਤਿਆ ਕਰਨ ਵਾਲੇ ਮੁਲਜ਼ਮਾਂ ਵਿੱਚੋਂ ਆਦੀਆਂ ਪਿੰਡ ਦੇ ਹੀ ਰਣਜੀਤ ਸਿੰਘ ਨਾਮ ਦੇ ਨੌਜਵਾਨ ਨੂੰ ਪੁਲੀਸ ਨੇ ਮੁਕਾਬਲੇ ਵਿੱਚ ਢੇਰ ਕਰ ਦਿੱਤਾ ਹੈ। ਇਸੇ ਪਿੰਡ ਦਾ ਵਾਸੀ ਉਸ ਦਾ ਸਾਥੀ ਇੰਦਰਜੀਤ ਅਜੇ ਫ਼ਰਾਰ ਦੱਸਿਆ ਜਾ ਰਿਹਾ ਹੈ।

ਸੀਆਈਏ ਸਟਾਫ ਦੇ ਇੰਚਾਰਜ ਗੁਰਮੀਤ ਸਿੰਘ ਵੀ ਇਸ ਮੁੱਠਭੇੜ ਦੌਰਾਨ ਜ਼ਖਮੀ ਹੋਏ ਹਨ। ਜਦ ਕਿ ਇੱਕ ਹੋਰ ਪੁਲੀਸ ਮੁਲਾਜ਼ਮ ਦੇ ਮੁਠਭੇੜ ਦੌਰਾਨ ਗੋਲੀ ਲੱਗੀ ਪਰ ਉਹ ਬੁਲੇਟ ਪਰੂਫ ਜੈਕਟ ਪਾਈ ਹੋਣ ਕਰਨ ਬਚ ਗਿਆ।

ਡੀਆਈਜੀ ਨੇ ਦੱਸਿਆ ਕਿ ਮੁਕਾਬਲੇ ਵਿੱਚ ਮਾਰੇ ਗਏ ਮੁਲਜ਼ਮ ਰਣਜੀਤ ਸਿੰਘ ਦੀ ਉਮਰ 19 ਸਾਲ ਹੈ ਜਦਕਿ ਫਰਾਰ ਮੁਲਜ਼ਮ ਇੰਦਰਜੀਤ ਸਿੰਘ 21 ਸਾਲ ਦਾ ਹੈ। ਤੀਸਰੇ ਮੁਲਜ਼ਮ ਦਿਲਾਵਰ ਸਿੰਘ ਦੀ ਵੀ ਉਮਰ 22 ਸਾਲ ਦੇ ਕਰੀਬ ਹੈ। ਉਹਨਾਂ ਕਿਹਾ ਕਿ ਪਾਕਿਸਤਾਨ ਲਗਾਤਾਰ ਲਾਲਚ ਦੇ ਕੇ ਨੌਜਵਾਨਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਪੁਲੀਸ ਨੇ ਪਿੰਡ ਆਲ੍ਹੀ ਨੰਗਲ ਵਾਸੀ ਦਿਲਾਵਰ ਸਿੰਘ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ ਜਿਸ ਨੇ ਪੁਲਿਸ ਮੁਲਾਜ਼ਮਾਂ ਦੀ ਹੱਤਿਆ ਕਰਨ ਵਾਲਿਆਂ ਨੂੰ ਆਪਣੇ ਘਰ ਪਨਾਹ ਦਿੱਤੀ ਸੀ। ਪੁਰਾਣਾ ਸ਼ਾਲ੍ਹਾ ਇਲਾਕੇ ਵਿੱਚ ਪੁਲੀਸ ਮੁਕਾਬਲੇ ਵਿੱਚ ਰਣਜੀਤ ਸਿੰਘ ਮਾਰਿਆ ਗਿਆ ਹੈ।

ਜਾਣਕਾਰੀ ਅਨੁਸਾਰ ਸੀਆਈਏ ਸਟਾਫ਼ ਦੇ ਇੰਚਾਰਜ ਗੁਰਮੀਤ ਸਿੰਘ ਵੀ ਇਸ ਮੁੱਠਭੇੜ ਦੌਰਾਨ ਜ਼ਖ਼ਮੀ ਹੋਏ ਹਨ ਅਤੇ ਇੱਕ ਗੋਲੀ ਉਹਨਾਂ ਦੇ ਮੋਢੇ ਤੋਂ ਆਰ-ਪਾਰ ਹੋ ਗਈ ਹੈ ਅਤੇ ਉਹਨਾਂ ਦਾ ਇਲਾਜ ਸਰਕਾਰੀ ਹਸਪਤਾਲ ਗੁਰਦਾਸਪੁਰ ਵਿੱਚ ਚੱਲ ਰਿਹਾ ਹੈ।

# ਪ੍ਰਧਾਨ ਮੰਤਰੀ ਮੋਦੀ ਦੋ ਦਿਨਾਂ ਦੌਰੇ 'ਤੇ ਇਜ਼ਰਾਈਲ ਰਵਾਨਾ

ਨਵੀਂ ਦਿੱਲੀ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਰਵਾਨਾ ਹੋਣ ਤੋਂ ਪਹਿਲਾਂ, ਮੋਦੀ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਉਨ੍ਹਾਂ ਦੀ ਯਾਤਰਾ ਭਾਰਤ ਅਤੇ ਇਜ਼ਰਾਈਲ ਵਿਚਕਾਰ ਸਬੰਧਾਂ ਨੂੰ ਹੋਰ ਮਜ਼ਬੂਤ ? ?ਕਰੇਗੀ। ਵੀਡੀਓ ਗ੍ਰੈਬ: ਯੂਟਿਊਬ/ਨਰਿੰਦਰ ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਇਜ਼ਰਾਈਲ ਦੇ ਦੋ ਦਿਨਾਂ ਅਧਿਕਾਰਤ ਦੌਰੇ ਲਈ ਰਵਾਨਾ ਹੋ ਗਏ ਹਨ। ਰਵਾਨਗੀ ਤੋਂ ਪਹਿਲਾਂ ਦਿੱਤੇ ਆਪਣੇ ਬਿਆਨ ਵਿੱਚ ਉਨ੍ਹਾਂ ਭਾਰਤ ਅਤੇ ਇਜ਼ਰਾਈਲ ਦੇ ਸਬੰਧਾਂ ਨੂੰ ਬੇਹੱਦ ਮਜ਼ਬੂਤ ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਆਪਣੇ 'ਪਿਆਰੇ ਦੋਸਤ' ਬੈਂਜਾਮਿਨ ਨੇਤਨਯਾਹੂ ਨਾਲ ਹੋਣ ਵਾਲੀ ਮੁਲਾਕਾਤ ਨੂੰ ਲੈ ਕੇ ਬੇਹੱਦ ਉਤਸ਼ਾਹਿਤ ਹਨ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਇਹ ਦੌਰਾ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਹੋਰ ਗੂੜ੍ਹਾ ਕਰੇਗਾ। ਇਸ ਦੌਰੇ ਦੌਰਾਨ ਵਿਗਿਆਨ, ਤਕਨਾਲੋਜੀ, ਖੇਤੀਬਾੜੀ, ਜਲ ਪ੍ਰਬੰਧਨ ਅਤੇ ਰੱਖਿਆ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਵਿਸ਼ੇਸ਼ ਚਰਚਾ ਕੀਤੀ ਜਾਵੇਗੀ। ਇਸ ਦੌਰੇ ਦੀ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਨਰਿੰਦਰ ਮੋਦੀ ਇਜ਼ਰਾਇਲੀ ਸੰਸਦ 'ਕਨੇਸੈੱਟ' ਨੂੰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣਨਗੇ। ਉਨ੍ਹਾਂ ਇਸ ਨੂੰ ਦੋਵਾਂ ਦੇਸ਼ਾਂ ਦੇ ਲੋਕਤੰਤਰੀ ਸਬੰਧਾਂ ਲਈ ਇੱਕ ਮਾਣਮੱਤਾ ਪਲ ਦੱਸਿਆ।

ਆਪਣੇ ਦੌਰੇ ਦੌਰਾਨ ਮੋਦੀ ਇਜ਼ਰਾਈਲ ਦੇ ਰਾਸ਼ਟਰਪਤੀ ਇਸਹਾਕ ਹਰਜ਼ੋਗ ਨਾਲ ਵੀ ਮੁਲਾਕਾਤ ਕਰਨਗੇ ਅਤੇ ਉੱਥੇ ਰਹਿ ਰਹੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਇੱਕ ਅਜਿਹੇ ਭਵਿੱਖ ਦਾ ਨਿਰਮਾਣ ਕਰਨਾ ਹੈ ਜੋ ਨਵੀਨਤਾਕਾਰੀ ਅਤੇ ਖ਼ੁਸ਼ਹਾਲ ਹੋਵੇ।

# ਸਰਪੰਚ ਹਰਬਰਿੰਦਰ ਸਿੰਘ ਕਤਲਕਾਂਡ ਦੇ ਦੋ ਮੁਲਜ਼ਮਾਂ ਦਾ ਐਨਕਾਊਂਟਰ

**ਪੁਲਿਸ ਮੁਕਾਬਲੇ ਵਿੱਚ ਦੋਵੇਂ ਮੁਲਜ਼ਮ ਗੰਭੀਰ ਜ਼ਖਮੀ**

ਪੱਟੀ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਤਰਨ ਤਾਰਨ ਵਿੱਚ ਵਿਆਹ ਸਮਾਗਮ ਦੌਰਾਨ ਸਰਪੰਚ ਹਰਬਰਿੰਦਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ । ਇਸ ਕਤਲਕਾਂਡ ਨਾਲ ਸਬੰਧਤ ਦੋ ਮੁਲਜ਼ਮਾਂ ਦਾ ਪੱਟੀ ਇਲਾਕੇ ਦੇ ਪਿੰਡ ਜੱਲੋਕੇ ਅੰਦਰ ਪੁਲੀਸ ਵੱਲੋਂ ਐਨਕਾਊਂਟਰ ਕੀਤਾ ਗਿਆ ਹੈ। ਜ਼ਿਲ੍ਹਾ ਤਰਨਤਾਰਨ ਦੇ ਐੱਸ ਐੱਸ ਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਜ਼ਖ਼ਮੀ ਹੋਏ ਮੁਲਜ਼ਮਾਂ ਦੀ ਪਹਿਚਾਣ ਰੋਮਨਦੀਪ ਸਿੰਘ ਵਾਸੀ ਪਿੰਡ ਚੋਹਲਾ ਸਾਹਿਬ ਅਤੇ ਅਰਸ਼ਦੀਪ ਸਿੰਘ ਜਲੰਧਰ ਵਜੋਂ ਹੋਈ ਹੈ।

ਉਨ੍ਹਾਂ ਕਿਹਾ ਕਿ ਦੋਵਾਂ ਮੁਲਜਮਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਥਾਣਾ ਸਦਰ ਪੱਟੀ ਅਤੇ ਸਰਹਾਲੀ ਦੀ ਪੁਲੀਸ ਟੀਮ ਵੱਲੋਂ ਪਿੰਡ ਜੱਲੋਕੇ ਦੇ ਬੰਨ੍ਹ ਉੱਪਰ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਇਨ੍ਹਾਂ ਮੁਲਜ਼ਮਾਂ ਨੇ ਪੁਲੀਸ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਜਵਾਬੀ ਕਾਰਵਾਈ ਵਿੱਚ ਪੁਲੀਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਦੋਵੇਂ ਮੁਲਜ਼ਮ ਜ਼ਖਮੀ ਹੋ ਗਏ। ਪੁਲਿਸ ਅਧਿਕਾਰੀ ਮੁਤਾਬਿਕ ਰੋਮਨਦੀਪ ਸਿੰਘ ਸਰਪੰਚ ਹਰਬਰਿੰਦਰ ਸਿੰਘ ਕਤਲਕਾਂਡ ਦਾ ਮੁੱਖ ਸ਼ੂਟਰ ਹੈ ਅਤੇ ਅਰਸ਼ਦੀਪ ਸਿੰਘ ਨੇ ਮੁੱਖ ਮੁਲਜ਼ਮ ਰੋਮਨਦੀਪ ਸਿੰਘ ਨੂੰ ਲੁਕਣ ਲਈ ਰਿਹਾਇਸ਼ ਮੁਹੱਈਆ ਕਰਵਾਉਂਦਾ ਰਿਹਾ ਹੈ। ਦੋਵਾਂ ਮੁਲਜ਼ਮਾਂ ਪਾਸੋਂ ਦੋ ਗੈਰ-ਕਾਨੂੰਨੀ ਪਿਸਤੌਲ ਬਰਾਮਦ ਕੀਤੇ ਗਏ ਹਨ।

# ਮੇਰੇ ਦਖ਼ਲ ਸਦਕਾ ਭਾਰਤ-ਪਾਕਿਸਤਾਨ ਜੰਗ ਟਲੀ ਤੇ ਕਰੋੜਾਂ ਲੋਕਾਂ ਦੀ ਜਾਨ ਬਚੀ: ਟਰੰਪ

ਵਾਸ਼ਿੰਗਟਨ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ 'ਸਟੇਟ ਆਫ਼ ਦਾ ਯੂਨੀਅਨ' ਭਾਸ਼ਣ ਦੌਰਾਨ ਇੱਕ ਵਾਰ ਫਿਰ ਭਾਰਤ ਅਤੇ ਪਾਕਿਸਤਾਨ ਵਿਚਾਲੇ ਪ੍ਰਮਾਣੂ ਜੰਗ ਰੋਕਣ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ ਹੈ। ਮੰਗਲਵਾਰ ਨੂੰ 100 ਮਿੰਟਾਂ ਤੋਂ ਵੱਧ ਲੰਬੇ ਸੰਬੋਧਨ ਵਿੱਚ ਟਰੰਪ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਜੇਕਰ ਟਰੰਪ ਨੇ ਦਖ਼ਲ ਨਾ ਦਿੱਤਾ ਹੁੰਦਾ, ਤਾਂ ਦੋਵਾਂ ਦੇਸ਼ਾਂ ਵਿਚਾਲੇ ਜੰਗ ਵਿੱਚ 3.5 ਕਰੋੜ ਲੋਕ ਮਾਰੇ ਜਾਂਦੇ।

ਟਰੰਪ ਨੇ ਕਿਹਾ, ਮੈਂ ਆਪਣੇ ਪਹਿਲੇ 10 ਮਹੀਨਿਆਂ ਵਿੱਚ ਅੱਠ ਜੰਗਾਂ ਖ਼ਤਮ ਕਰਵਾਈਆਂ ਹਨ, ਜਿਨ੍ਹਾਂ ਵਿੱਚ ਭਾਰਤ-ਪਾਕਿਸਤਾਨ ਸੰਘਰਸ਼ ਵੀ ਸ਼ਾਮਲ ਹੈ।

ਰਾਸ਼ਟਰਪਤੀ ਟਰੰਪ ਪਿਛਲੇ ਸਾਲ 10 ਮਈ ਤੋਂ ਹੁਣ ਤੱਕ ਲਗਭਗ 100 ਵਾਰ ਅਜਿਹੇ ਦਾਅਵੇ ਕਰ ਚੁੱਕੇ ਹਨ। ਹਾਲਾਂਕਿ, ਉਹ ਮਰਨ ਵਾਲਿਆਂ ਦੇ ਅੰਕੜਿਆਂ ਨੂੰ ਲੈ ਕੇ ਅਕਸਰ ਬਦਲਦੇ ਰਹੇ ਹਨ, ਪਹਿਲਾਂ ਉਨ੍ਹਾਂ ਨੇ ਇਹ ਗਿਣਤੀ ਇੱਕ ਕਰੋੜ ਅਤੇ ਫਿਰ ਢਾਈ ਕਰੋੜ ਦੱਸੀ ਸੀ, ਜੋ ਹੁਣ ਵਧ ਕੇ ਸਾਢੇ ਤਿੰਨ ਕਰੋੜ ਤੱਕ ਪਹੁੰਚ ਗਈ ਹੈ।

ਦੂਜੇ ਪਾਸੇ, ਭਾਰਤ ਸਰਕਾਰ ਨੇ ਲਗਾਤਾਰ ਅਜਿਹੇ ਦਾਅਵਿਆਂ ਨੂੰ ਸਿਰੇ ਤੋਂ ਨਕਾਰਦਿਆਂ ਸਪੱਸ਼ਟ ਕੀਤਾ ਹੈ ਕਿ ਉਹ ਕਿਸੇ ਵੀ ਤੀਜੀ ਧਿਰ ਦੀ ਸ਼ਮੂਲੀਅਤ ਸਵੀਕਾਰ ਨਹੀਂ ਕਰਦਾ। ਟਰੰਪ ਨੇ ਆਪਣੇ ਭਾਸ਼ਣ ਵਿੱਚ ਇਜ਼ਰਾਈਲ-ਇਰਾਨ ਅਤੇ ਕੋਸੋਵੋ-ਸਰਬੀਆ ਵਰਗੇ ਹੋਰ ਕਈ ਵਿਸ਼ਵਵਿਆਪੀ ਸੰਘਰਸ਼ਾਂ ਨੂੰ ਸੁਲਝਾਉਣ ਦਾ ਦਾਅਵਾ ਵੀ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਸੂਬੇ ਵਿੱਚ ਅਮਰੀਕਾ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਅਮਰੀਕੀ ਪਹਿਲਾਂ ਨਾਲੋਂ ਕਿਤੇ ਵੱਧ ਸੁਰੱਖਿਅਤ ਹਨ।

# ਸਕੱਤਰੇਤ ਦੀ ਛੱਤ ਤੋਂ ਛਾਲ ਮਾਰ ਕੇ ਮੁਲਾਜ਼ਮ ਨੇ ਕੀਤੀ ਖ਼ੁਦਕੁਸ਼ੀ

ਚੰਡੀਗੜ੍ਹ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਸਥਿਤ ਹਰਿਆਣਾ ਸਿਵਲ ਸਕੱਤਰੇਤ ਦੀ ਛੱਤ ਤੋਂ ਇੱਕ ਮੁਲਾਜ਼ਮ ਨੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਗਣੇਸ਼ ਦਾਸ ਅਰੋੜਾ ਵਜੋਂ ਹੋਈ ਹੈ। ਜੋ ਕਿ ਹਰਿਆਣਾ ਦੇ ਇੱਕ ਆਈਏਐਸ ਅਫ਼ਸਰ ਨਾਲ ਬਤੌਰ ਸਕੱਤਰ ਤੇ ਨਾਥ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਚੰਡੀਗੜ੍ਹ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮੁਲਾਜ਼ਮ ਵੱਲੋਂ 15 ਦਿਨ ਪਹਿਲਾਂ ਵੀ ਸਕੱਤਰੇਤ ਦੀ ਛੱਤ ਤੋਂ ਛਾਲ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਉੱਥੇ ਮੌਜੂਦ ਕੁਝ ਲੋਕਾਂ ਨੇ ਉਸ ਨੂੰ ਰੋਕ ਲਿਆ ਸੀ। ਅੱਜ ਦੁਪਹਿਰ ਸਮੇਂ ਮੁੜ ਗਣੇਸ਼ ਦਾਸ ਅਰੋੜਾ ਨੇ ਸਿਵਲ ਸਕੱਤਰੇਤ ਦੀ ਛੱਤ ਉੱਤੇ ਪਹੁੰਚ ਕੇ ਛਾਲ ਮਾਰ ਦਿੱਤੀ। ਜਿਸ ਨੂੰ ਤੁਰੰਤ ਸੈਕਟਰ 16 ਸਥਿਤ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ।

# ਦੋਹਰੀ ਨਾਗਰਿਕਤਾ ਵਾਲੇ ਯਾਤਰੀਆਂ ਲਈ ਯੂਕੇ ਦਾ ਵੱਡਾ ਫੈਸਲਾ; ਨਵੇਂ ਯਾਤਰਾ ਨਿਯਮ ਲਾਗੂ

ਔਕਲੈਂਡ/ਲੰਡਨ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਯੂਨਾਈਟਿਡ ਕਿੰਗਡਮ ਸਰਕਾਰ ਨੇ ਦੋਹਰੀ ਨਾਗਰਿਕਤਾ ਰੱਖਣ ਵਾਲੇ ਯਾਤਰੀਆਂ ਲਈ ਯਾਤਰਾ ਨਿਯਮਾਂ ਵਿੱਚ ਅਹਿਮ ਤਬਦੀਲੀ ਦਾ ਐਲਾਨ ਕੀਤਾ ਹੈ। ਨਵੇਂ ਨਿਯਮ 26 ਫਰਵਰੀ 2026 ਤੋਂ ਲਾਗੂ ਹੋਣਗੇ। ਇਸ ਫੈਸਲੇ ਨਾਲ ਉਹ ਸਾਰੇ ਵਿਅਕਤੀ ਪ੍ਰਭਾਵਿਤ ਹੋਣਗੇ ਜਿਨ੍ਹਾਂ ਕੋਲ ਬ੍ਰਿਟਿਸ਼ ਜਾਂ ਆਇਰਿਸ਼ ਨਾਗਰਿਕਤਾ ਦੇ ਨਾਲ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਵੀ ਹੈ। ਨਵੇਂ ਨਿਯਮਾਂ ਅਨੁਸਾਰ, ਦੋਹਰੀ ਨਾਗਰਿਕਤਾ ਵਾਲੇ ਯਾਤਰੀ ਹੁਣ ਡਿਜ਼ੀਟਲ ਯਾਤਰਾ ਮਨਜ਼ੂਰੀ ਦੇ ਆਧਾਰ 'ਤੇ ਯੂਕੇ ਵਿੱਚ ਦਾਖ਼ਲ ਨਹੀਂ ਹੋ ਸਕਣਗੇ। ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਇਹ ਮਨਜ਼ੂਰੀ ਸਿਰਫ਼ ਉਨ੍ਹਾਂ ਯਾਤਰੀਆਂ ਲਈ ਹੈ, ਜਿਨ੍ਹਾਂ ਕੋਲ ਯੂਕੇ ਵਿੱਚ ਰਹਿਣ ਦਾ ਕਾਨੂੰਨੀ ਅਧਿਕਾਰ ਨਹੀਂ ਹੁੰਦਾ।

25 ਤੋਂ ਬਾਅਦ ਯੂਕੇ ਜਾਣ ਵਾਲੇ ਦੋਹਰੀ ਨਾਗਰਿਕਤਾ ਧਾਰਕਾਂ ਕੋਲ ਹੇਠ ਲਿਖਿਆਂ ਵਿੱਚੋਂ ਕੋਈ ਇੱਕ ਦਸਤਾਵੇਜ਼ ਹੋਣਾ ਜ਼ਰੂਰੀ ਹੋਵੇਗਾ। ਮਿਆਦ ਵਾਲਾ ਬ੍ਰਿਟਿਸ਼ ਪਾਸਪੋਰਟ, ਜਾਂ ਮਿਆਦ ਵਾਲਾ ਆਇਰਿਸ਼ ਪਾਸਪੋਰਟ ਜੇਕਰ ਕੋਈ ਯਾਤਰੀ ਆਪਣੇ ਵਿਦੇਸ਼ੀ ਪਾਸਪੋਰਟ 'ਤੇ ਯਾਤਰਾ ਕਰਦਾ ਹੈ, ਤਾਂ ਉਸ ਪਾਸਪੋਰਟ 'ਚ ਰਹਿਣ ਦੇ ਅਧਿਕਾਰ ਦੀ ਪੁਸ਼ਟੀ ਵਾਲਾ ਸਰਟੀਫਿਕੇਟ ਲੱਗਿਆ ਹੋਣਾ ਲਾਜ਼ਮੀ ਹੋਵੇਗਾ। ਜਿਨ੍ਹਾਂ ਕੋਲ ਬ੍ਰਿਟਿਸ਼ ਪਾਸਪੋਰਟ ਨਹੀਂ ਹੈ, ਉਹ ਰਹਿਣ ਦੇ ਅਧਿਕਾਰ ਦੀ ਪੁਸ਼ਟੀ ਵਾਲੇ ਸਰਟੀਫਿਕੇਟ ਲਈ ਅਰਜ਼ੀ ਦੇ ਸਕਦੇ ਹਨ। ਅਰਜ਼ੀ ਫੀਸ: 589 ਪੌਂਡ (ਵਾਪਸੀਯੋਗ ਨਹੀਂ) ਯੂਕੇ ਤੋਂ ਬਾਹਰੋਂ ਅਰਜ਼ੀ ਦੇਣ 'ਤੇ ਫੈਸਲਾ ਲਗਭਗ 3 ਹਫ਼ਤਿਆਂ ਵਿੱਚ ਯੂਕੇ ਦੇ ਅੰਦਰੋਂ ਅਰਜ਼ੀ ਦੇਣ 'ਤੇ ਕਰੀਬ 8 ਹਫ਼ਤੇ ਲੱਗ ਸਕਦੇ ਹਨ ਪਾਸਪੋਰਟ ਦੀ ਮਿਆਦ ਖਤਮ ਹੋਣ 'ਤੇ ਨਵੇਂ ਪਾਸਪੋਰਟ ਲਈ ਮੁੜ ਸਰਟੀਫਿਕੇਟ ਲੈਣਾ ਲਾਜ਼ਮੀ ਹੋਵੇਗਾ।

# ਐਸਐਮਐਫਜੀ ਇੰਡੀਆ ਕ੍ਰੈਡਿਟ ਨੇ ਪਸ਼ੂ ਵਿਕਾਸ ਦਿਵਸ ਰਾਹੀਂ ਸਰਵੋਤਮ ਸੇਵਾ ਪਹਿਲ ਨੂੰ ਬਣਾਇਆ ਸਫਲ

ਲੁਧਿਆਣਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੀਆਂ ਪ੍ਰਮੁੱਖ ਐਨਬੀਐਫਸੀ ਕੰਪਨੀਆਂ ਵਿੱਚੋਂ ਇੱਕ ਐਸਐਮਐਫਜੀ ਇੰਡੀਆ ਕ੍ਰੈਡਿਟ ਨੇ 14 ਫਰਵਰੀ, 2026 ਨੂੰ ਆਪਣੀ ਪ੍ਰਮੁੱਖ ਪਸ਼ੂ ਭਲਾਈ ਅਤੇ ਪੇਂਡੂ ਰੋਜ਼ੀ-ਰੋਟੀ ਪਹਿਲ, ਸਰਵੋਤਮ ਸੇਵਾ ਨੂੰ ਪਸ਼ੂ ਵਿਕਾਸ ਦਿਵਸ ਦੇ 8ਵੇਂ ਐਡੀਸ਼ਨ ਨੂੰ ਸਫਲਤਾਪੂਰਵਕ ਸਮਾਪਤ ਕੀਤਾ। 'ਸਰਵੋਤਮ ਸੇਵਾ: ਪਸ਼ੂ, ਪਰਿਵਾਰ ਅਤੇ ਪ੍ਰਗਤੀ' ਥੀਮ ਦੇ ਆਲੇ-ਦੁਆਲੇ ਕੇਂਦਰਿਤ, ਇਸ ਪਹਿਲ ਨੇ ਪਸ਼ੂਆਂ ਦੀ ਸਿਹਤ, ਪਰਿਵਾਰਕ ਤੰਦਰੁਸਤੀ ਅਤੇ ਟਿਕਾਊ ਤਰੱਕੀ ਨੂੰ ਮਜ਼ਬੂਤ ਕਰਕੇ ਸੰਪੂਰਨ ਪੇਂਡੂ ਵਿਕਾਸ ਪ੍ਰਤੀ ਸੰਗਠਨ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ। 2014 ਵਿੱਚ ਸ਼ੁਰੂ ਕੀਤਾ ਗਿਆ ਪਸ਼ੂ ਵਿਕਾਸ ਦਿਵਸ ਪਸ਼ੂ ਪਾਲਕਾਂ ਦੀਆਂ ਜ਼ਰੂਰੀ ਸਿਹਤ ਸੰਬੰਧੀ ਲੋੜਾਂ ਨੂੰ ਪੂਰਾ ਕਰਦਾ ਹੈ। ਇਸ ਤਹਿਤ ਉਨ੍ਹਾਂ ਨੂੰ ਮੁਫ਼ਤ ਪਸ਼ੂ ਡਾਕਟਰੀ ਸੇਵਾਵਾਂ ਅਤੇ ਮਾਹਿਰਾਂ ਦੀ ਸਲਾਹ ਦਿੱਤੀ ਜਾਂਦੀ ਹੈ। ਸਾਲਾਂ ਦੌਰਾਨ ਇਹ ਪਹਲ ਦੇਸ਼ ਦੇ ਸਭ ਤੋਂ ਵੱਡੇ ਇਕ-ਦਿਨਾਂ ਪਸ਼ੂ ਭਲਾਈ ਪ੍ਰੋਗਰਾਮਾਂ ਵਿੱਚੋਂ ਇੱਕ ਬਣ ਚੁੱਕੀ ਹੈ। ਐਸਐਮਐਫਜੀ ਇੰਡੀਆ ਕ੍ਰੈਡਿਟ ਨੇ 1.55 ਲੱਖ ਤੋਂ ਵੱਧ ਲੋਕਾਂ ਦੀ ਜ਼ਿੰਦਗੀ 'ਤੇ ਸਕਾਰਾਤਮਕ ਅਸਰ ਪਾਇਆ। ਇਸ ਵਿੱਚ ਲਗਭਗ 1.4 ਲੱਖ ਪਸ਼ੂਆਂ ਦਾ ਇਲਾਜ ਅਤੇ 14,000 ਤੋਂ ਵੱਧ ਲੋਕਾਂ ਨੂੰ ਸਿਹਤ ਸਹਾਇਤਾ ਦਿੱਤੀ ਗਈ, ਜਿਸ ਨਾਲ 30,000 ਤੋਂ ਵੱਧ ਘਰਾਂ ਨੂੰ ਫ਼ਾਇਦਾ ਹੋਇਆ। ਇਹ ਪਹਿਲ 16 ਰਾਜਾਂ ਵਿੱਚ, 510 ਐਸਐਮਐਫਜੀ ਗ੍ਰਾਮਸ਼ਕਤੀ ਸ਼ਾਖਾਵਾਂ ਰਾਹੀਂ ਚਲਾਈ ਗਈ, ਇਸਨੇ ਕੰਪਨੀ ਦੀ ਪਿੰਡਾਂ ਤੱਕ ਡੂੰਘੀ ਪਹੁੰਚ ਨੂੰ ਰੇਖਾਂਕਿਤ ਕੀਤਾ।ਇਸ ਪਹਿਲ ਦੀ ਸਫਲਤਾਪੂਰਵਕ ਸਮਾਪਤੀ 'ਤੇ ਟਿੱਪਣੀ ਕਰਦੇ ਹੋਏ, ਐਸਐਮਐਫਜੀ ਇੰਡੀਆ ਕ੍ਰੈਡਿਟ ਦੇ ਮੈਨੇਜਿੰਗ ਡਾਇਰੈਕਟਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਸ਼੍ਰੀ ਰਵੀ ਨਾਰਾਇਣਨ ਨੇ ਕਿਹਾ 'ਸਰਵੋਤਮ ਸੇਵਾ' ਦਾ ਮਤਲਬ ਹੈ ਸਭ ਤੋਂ ਉੱਚੇ ਦਰਜੇ ਦੀ ਸੇਵਾ ਦੇਣਾ—ਜਿੱਥੇ ਸੰਵੇਦਨਾ ਦੇ ਨਾਲ ਕੀਤੇ ਗਏ ਯਤਨ ਅਸਲ ਬਦਲਾਅ ਲਿਆਉਂਦੇ ਹਨ । ਪਿੰਡਾਂ ਵਿੱਚ ਪਸ਼ੂਆਂ ਦੀ ਸਿਹਤ, ਪਰਿਵਾਰਾਂ ਦੀ ਸੁਰੱਖਿਆ ਅਤੇ ਆਰਥਿਕ ਤਰੱਕੀ ਸਭ ਇਕ ਦੂਜੇ ਨਾਲ ਜੁੜੇ ਹੋਏ ਹਨ। 'ਪਸ਼ੂ ਵਿਕਾਸ ਦਿਵਸ' ਪਸ਼ੂਆਂ ਦੀ ਦੇਖਭਾਲ, ਰੋਜ਼ੀ-ਰੋਟੀ ਨੂੰ ਮਜ਼ਬੂਤ ਕਰਨ ਅਤੇ ਭਾਈਚਾਰਕ ਭਲਾਈ ਦਾ ਸਮਰਥਨ ਕਰਕੇ ਇਸ ਵਾਤਾਵਰਣ ਪ੍ਰਣਾਲੀ ਨੂੰ ਪਾਲਣ-ਪੋਸ਼ਣ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਹਰਿਆਣਾ ਸਰਕਾਰ ਨਸ਼ਿਆਂ ਖਿਲਾਫ਼ ਸਖ਼ਤੀ ਨਾਲ ਕਰ ਰਹੀ ਕਾਰਵਾਈ : ਨਾਇਬ ਸੈਣੀ



ਚੰਡੀਗੜ੍ਹ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਧਾਨ ਸਭਾ ਦੇ ਬਜਟ ਇਜਲਾਸ ਤੇ ਚੌਥੇ ਦਿਨ ਪ੍ਰਸ਼ਨ ਕਾਲ ਦੌਰਾਨ ਹਰਿਆਣਾ ਵਿੱਚ ਨਸ਼ਿਆਂ ਦਾ ਮੁੱਦਾ ਉੱਠਿਆ। ਇਸ ਦੇ ਜਵਾਬ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸਖ਼ਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਲਈ ਹਰਿਆਣਾ ਵਿੱਚ ਉੱਤਰ ਭਾਰਤ ਦੇਸ਼ ਸੂਬਿਆਂ ਲਈ ਸਾਂਝਾ ਸਕੱਤਰੇਤ ਵੀ ਤਿਆਰ ਕੀਤਾ ਗਿਆ ਹੈ ਜਿੱਥੇ ਲਗਾਤਾਰ ਉੱਤਰ ਭਾਰਤ ਦੇ ਸਾਰੇ ਸੂਬਿਆਂ ਦੀਆਂ ਸਰਕਾਰਾਂ ਮਿਲ ਕੇ ਨਸ਼ਿਆਂ ਦੇ ਖ਼ਾਤਮੇ ਲਈ ਕੰਮ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਵੀ ਨਸ਼ਿਆਂ ਦੇ ਖ਼ਾਤਮੇ ਲਈ ਨਿੱਜੀ ਤੌਰ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੀਆਂ ਜਾਇਦਾਦਾਂ ਜਬਤ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਨਸ਼ਿਆਂ ਦੇ ਦਲਦਲ ਵਿੱਚੋਂ ਬਾਹਰ ਕੱਢਣ ਲਈ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ।

# ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਸਨਾਤਨ ਹਿੰਦੂ ਧਰਮ ਦੇ ਪ੍ਰਚਾਰ ਲਈ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ 18ਵਾਂ ਸਾਲਾਨਾ ਵਿਸ਼ਾਲ ਸਮਾਗਮ ਆਯੋਜਿਤ





ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ, ਉੱਤਰੀ ਭਾਰਤ ਦੇ ਇੱਕ ਪ੍ਰਸਿੱਧ ਤੀਰਥ ਸਥਾਨ, ਸ਼੍ਰੀ ਕਾਲੀ ਮਾਤਾ ਮੰਦਰ, ਪਟਿਆਲਾ (ਪੰਜਾਬ) ਵਿਖੇ ਸਨਾਤਨ ਹਿੰਦੂ ਧਰਮ ਦੇ ਪ੍ਰਚਾਰ ਲਈ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ 18ਵਾਂ ਸਾਲਾਨਾ ਵਿਸ਼ਾਲ ਸਮਾਗਮ ਆਯੋਜਿਤ ਕੀਤਾ। ਭਾਰਤ ਭਰ ਦੇ ਵੱਖ-ਵੱਖ ਮਠਾਂ ਅਤੇ ਵਿਸ਼ੇਸ਼ ਤੀਰਥ ਸਥਾਨਾਂ ਤੋਂ ਮਹਾਂ ਮੰਡਲੇਸ਼ਵਰ ਇਸ ਸਮਾਗਮ ਵਿੱਚ ਆਏ ਅਤੇ ਆਪਣੀਆਂ ਮਿੱਠੀਆਂ ਆਵਾਜ਼ਾਂ ਨਾਲ ਭਗਵਾਨ ਸ਼੍ਰੀ ਰਾਮ ਦੇ ਪਰਮ ਭਗਤ ਭਗਵਾਨ ਸ਼੍ਰੀ ਹਨੂੰਮਾਨ ਜੀ ਦਾ ਗੁਣਗਾਨ ਕੀਤਾ, ਅਤੇ ਸਾਰੇ ਸਨਾਤਨ ਭਗਤ ਸ਼ਰਧਾ ਵਿੱਚ ਨੱਚਣ ਲੱਗ ਪਏ। ਸ਼੍ਰੀ ਰਾਮ ਜਨਮ ਭੂਮੀ ਅਯੁੱਧਿਆ ਤੋਂ ਮਹਾਮੰਡਲੇਸ਼ਵਰ ਨਵਲ ਕਿਸ਼ੋਰ ਦਾਸ ਜੀ ਮਹਾਰਾਜ, ਅਖਾੜਾ ਪ੍ਰੀਸ਼ਦ ਦੇ ਪ੍ਰਧਾਨ ਸ਼੍ਰੀ ਮਹੰਤ ਰਵਿੰਦਰ ਪੁਰੀ ਜੀ ਮਹਾਰਾਜ, ਸ਼੍ਰੀ ਆਨੰਦ ਸਵਰੂਪ ਜੀ, ਸ਼੍ਰੀ ਕਾਲੀ ਪੀਠਾਧੀਸ਼ਵਰ ਸ਼੍ਰੀ ਕਾਲੀ ਸੇਵਾ ਦੇ ਸੰਸਥਾਪਕ, ਅਨੰਤ ਵਿਭੂਸ਼ਿਤ ਬਗਲਾਮੁਖੀ ਪੀਠਾਧੀਸ਼ਰ, ਸ਼੍ਰੀ ਸ਼੍ਰੀ ਵੇਦ ਮੂਰਤੀ ਮਹਾਰਾਜ ਜੀ 1008 ਸ਼੍ਰੀ ਮਹਾਮੰਡਲੇਸ਼ਵਰ ਜੀ ਮਹਾਮੰਡਲੇਸ਼ਵਰ ਅਖਾੜਾ, ਸ਼੍ਰੀ ਨਿਰੰਜਨੀ ਅਖਾੜਾ, ਅਤੇ ਜੂਨਾ ਅਖਾੜਾ ਤੋਂ ਮਹਾਮੰਡਲੇਸ਼ਵਰ ਯਤੀ ਨਰਸਿੰਘ ਮਹਾਨੰਦ ਜੀ ਮਹਾਰਾਜ, ਸ਼੍ਰੀ ਸ਼੍ਰੀ ਸ਼੍ਰੀ 1008 ਮਹਾਮੰਡਲੇਸ਼ਵਰ ਸਵਾਮੀ ਪ੍ਰਕਾਸ਼ ਆਨੰਦ ਗਿਰੀ ਜੀ ਮਹਾਰਾਜ, ਸਨਾਤਨ ਧਰਮ ਰਕਸ਼ਾ ਪ੍ਰੀਸ਼ਦ ਦੇ ਰਾਸ਼ਟਰੀ ਪ੍ਰਧਾਨ, ਬਗਲਾਮੁਖੀ ਮਾਤਾ ਮੰਦਿਰ ਪੇਹਵਾ ਦੇ ਪ੍ਰਸ਼ਾਸਕ, ਮਹੰਤ ਰਾਜੇਂਦਰ ਪੁਰੀ ਜੀ ਸ੍ਰੀ ਰਾਮ ਹਨਵਾਨ ਸੇਵਾ ਦਲ ਹਰਿਆਣਾ ਪ੍ਰਦੇਸ਼ ਪ੍ਰਧਾਨ ਸ਼੍ਰੀ ਅਖੰਡ ਪਰਸ਼ੂਰਾਮ ਅਖਾੜਾ ਪ੍ਰੀਸ਼ਦ ਦੇ ਰਾਸ਼ਟਰੀ ਪ੍ਰਧਾਨ ਪੰਡਿਤ ਅਧੀਰ ਕੌਸ਼ਿਕ ਜੀ, ਭਾਗਵਤ ਦੇ ਪ੍ਰਸਿੱਧ ਅਚਾਰੀਆ ਸ਼੍ਰੀ ਪਵਨ ਕ੍ਰਿਸ਼ਨ ਸ਼ਾਸਤਰੀ ਅਤੇ ਹੋਰ ਬਹੁਤ ਸਾਰੇ ਸੰਤਾਂ ਨੇ ਆ ਕੇ ਭਗਤਾਂ ਨੂੰ ਭਾਗਵਤ ਵਾਣੀ ਦੇ ਮਿੱਠੇ ਬੋਲਾਂ ਨਾਲ ਸੰਬੋਧਨ ਕੀਤਾ ਅਤੇ ਕਿਹਾ ਕਿ ਹਿੰਦੂਆਂ ਨੂੰ ਅਜੇ ਵੀ ਇੱਕਜੁੱਟ ਹੋਵੋ ਤਾਂ ਜੋ ਹਿੰਦੂ ਮੰਦਰ ਐਕਟ ਪਾਸ ਕੀਤਾ ਜਾ ਸਕੇ ਅਤੇ ਸਾਡੇ ਮੰਦਰ ਜੋ ਸਰਕਾਰ ਦੇ ਕੰਟਰੋਲ ਹੇਠ ਹਨ, ਉਨ੍ਹਾਂ ਨੂੰ ਆਜ਼ਾਦ ਕਰਵਾਇਆ ਜਾ ਸਕੇ। ਜਦੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਅਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਰਾਸ਼ਟਰੀ ਕਨਵੀਨਰ ਸ਼੍ਰੀ ਪਵਨ ਗੁਪਤਾ ਨੇ ਪ੍ਰਸਤਾਵ ਰੱਖਿਆ ਕਿ ਉੱਥੋਂ ਦੇ ਮੰਦਰਾਂ ਨੂੰ ਸਰਕਾਰੀ ਕਬਜ਼ੇ ਤੋਂ ਮੁਕਤ ਕਰਕੇ ਹਿੰਦੂਆਂ ਲਈ ਪ੍ਰਬੰਧ ਕੀਤੇ ਜਾਣ, ਤਾਂ ਇਸ ਪ੍ਰਸਤਾਵ ਨੂੰ ਅਖਾੜਾ ਪ੍ਰੀਸ਼ਦ ਦੇ ਪ੍ਰਧਾਨ ਮਹੰਤ ਸ਼੍ਰੀ ਰਵਿੰਦਰ ਪੁਰੀ ਜੀ ਅਤੇ ਸ਼੍ਰੀ ਕਾਲੀ ਪੀਠਾਧੀਸ਼ਵਰ ਦੇ ਮਹਾਮੰਡਲੇਸ਼ਵਰ ਸ਼੍ਰੀ ਆਨੰਦ ਸਵਰੂਪ ਜੀ ਨੇ ਮਨਜ਼ੂਰੀ ਦੇ ਦਿੱਤੀ। ਸ਼੍ਰੀ ਰਵੀਕਾਂਤ ਮਹੰਤ ਮੁਨੀ ਜੀ ਨੇ ਵੀ ਇਸ ਪ੍ਰਸਤਾਵ ਦਾ ਉਤਸ਼ਾਹ ਨਾਲ ਸਵਾਗਤ ਕੀਤਾ। ਵਿਆਸ ਪੀਠ ਤੋਂ, ਸਾਰੇ ਸੰਤਾਂ ਨੇ ਭਰੋਸਾ ਦਿੱਤਾ ਕਿ, ਸ਼੍ਰੀ ਪਵਨ ਗੁਪਤਾ ਦੇ ਸਨਾਤਨ ਧਰਮ ਲਈ ਕੀਤੇ ਗਏ ਕਾਰਜਾਂ ਦੇ ਮੱਦੇਨਜ਼ਰ, ਭਾਰਤ ਦਾ ਸਮੁੱਚਾ ਸੰਤ ਸਮਾਜ ਅਖਿਲ ਭਾਰਤੀ ਹਿੰਦੂ ਮੰਦਰ ਪ੍ਰਬੰਧਨ ਐਕਟ ਲਈ ਇੱਕ ਅੰਦੋਲਨ ਦੀ ਤਿਆਰੀ ਕਰੇਗਾ ਅਤੇ ਦਿੱਲੀ ਵਿੱਚ ਮੋਦੀ ਸਰਕਾਰ ਨੂੰ ਸਾਰੀਆਂ ਸਥਿਤੀਆਂ ਤੋਂ ਜਾਣੂ ਕਰਵਾਏਗਾ।

ਅਯੁੱਧਿਆ ਤੋਂ ਆਏ ਸ਼੍ਰੀ ਰਾਮ ਜਨਮ ਭੂਮੀ ਅੰਦੋਲਨ ਨਾਲ ਜੁੜੇ ਮਹੰਤ ਨਵਲ ਕਿਸ਼ੋਰ ਦਾਸ ਜੀ ਨੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਧਾਰਮਿਕ ਪ੍ਰਚਾਰ ਦੇ ਸਫਲ ਯਤਨਾਂ ਦੀ ਜ਼ੋਰਦਾਰ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਮੰਦਰਾਂ ਦੇ ਪਵਿੱਤਰ ਪਰਿਸਰ ਅੰਦਰ ਅਜਿਹੇ ਯਤਨਾਂ ਦਾ ਜ਼ੋਰਦਾਰ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਮੈਂ ਸ਼੍ਰੀ ਰਾਮ ਦੀ ਜਨਮ ਭੂਮੀ ਅਯੁੱਧਿਆ ਤੋਂ ਇਸ ਮੁੱਦੇ 'ਤੇ ਜ਼ੋਰਦਾਰ ਆਵਾਜ਼ ਉਠਾਵਾਂਗਾ।

ਸ਼੍ਰੀ ਆਨੰਦ ਸਵਰੂਪ ਮਹਾਮੰਡਲੇਸ਼ਵਰ ਸ਼੍ਰੀ ਕਾਲੀ ਪੀਠਾਧੀਸ਼ਵਰ ਨੇ ਆਪਣੇ ਸੰਬੋਧਨ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਕਿ ਸਨਾਤਨ ਹਿੰਦੂ ਧਰਮ ਨੂੰ ਸਾਰੀਆਂ ਬਹਿਸਾਂ ਅਤੇ ਵਿਵਾਦਾਂ ਤੋਂ ਉੱਪਰ ਉੱਠਣਾ ਚਾਹੀਦਾ ਹੈ, ਆਪਣੇ ਪਰਿਵਾਰ ਨੂੰ ਮਜ਼ਬੂਤ ? ?ਕਰਨਾ ਚਾਹੀਦਾ ਹੈ, ਅਤੇ ਸ਼ਾਸਤਰਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਸ਼ਸਤਰਾਂ ਦੀ ਰਣਨੀਤੀ 'ਤੇ ਵਿਚਾਰ ਕਰਨਾ ਚਾਹੀਦਾ ਹੈ, ਨਹੀਂ ਤਾਂ ਸਨਾਤਨ ਧਰਮ ਲਈ ਕਈ ਖ਼ਤਰੇ ਪੈਦਾ ਹੋ ਰਹੇ ਹਨ। ਮਹੰਤ ਰਾਜੇਂਦਰ ਪੁਰੀ, ਜੋ ਵਿਸ਼ੇਸ਼ ਤੌਰ 'ਤੇ ਹਰਿਆਣਾ ਤੋਂ ਆਪਣੇ ਸਾਥੀਆਂ ਨਾਲ ਆਏ ਸਨ ਅਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੀ ਹਰਿਆਣਾ ਸ਼ਾਖਾ ਦੇ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਸੰਭਾਲਦੇ ਹਨ, ਨੇ ਕਿਹਾ, ÷ਮੈਂ ਤੁਹਾਨੂੰ ਇਸ ਵਿਆਸ ਪੀਠ ਤੋਂ ਸੂਚਿਤ ਕਰਦਾ ਹਾਂ ਕਿ ਹਰਿਆਣਾ ਵਿੱਚ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਇਹ ਯਕੀਨੀ ਬਣਾਉਣ ਲਈ ਵਿਸ਼ੇਸ਼ ਯਤਨ ਕਰੇਗਾ ਕਿ ਧਰਮ ਦੇ ਨਿਯਮਾਂ ਅਨੁਸਾਰ ਸਾਰੇ ਮੰਦਰਾਂ ਵਿੱਚ ਸ਼ਾਸਤਰਾਂ ਦੀ ਚਰਚਾ ਕੀਤੀ ਜਾਵੇ ਅਤੇ ਅਖਿਲ ਭਾਰਤੀ ਹਿੰਦੂ ਮੰਦਰ ਐਕਟ ਲਈ ਸਾਰੇ ਯਤਨਾਂ ਵਿੱਚ ਸਰਗਰਮੀ ਨਾਲ ਸ਼ਾਮਲ ਹੋਵੇਗਾ।

# ਪਹਿਰਾਵੇ ਨੂੰ ਲੈ ਕੇ ਐਸ.ਜੀ.ਪੀ.ਸੀ. ਪ੍ਰਧਾਨ ਸਖ਼ਤ; ਪੱਛਮੀ ਪਹਿਰਾਵੇ ਵਿੱਚ ਆਏ 20 ਮੁਲਾਜ਼ਮਾਂ ਨੂੰ ਲਾਇਆ ਜੁਰਮਾਨਾ

ਅੰਮ੍ਰਿਤਸਰ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਸਥਾ ਵਿੱਚ ਅਨੁਸ਼ਾਸਨ ਕਾਇਮ ਰੱਖਣ ਲਈ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਬੀਤੇ ਦਿਨੀਂ ਇੱਕ ਮੀਟਿੰਗ ਦੌਰਾਨ ਪੱਛਮੀ ਪਹਿਰਾਵਾ (ਕੋਟ, ਪੈਂਟ, ਜੀਨਸ ਤੇ ਸੂਟ) ਪਾ ਕੇ ਆਏ ਲਗਭਗ 20 ਮੈਨੇਜਰਾਂ ਅਤੇ ਅਕਾਊਂਟੈਂਟਾਂ ਨੂੰ ਪ੍ਰਧਾਨ ਨੇ ਸਖ਼ਤ ਤਾੜਨਾ ਕੀਤੀ। ਧਾਮੀ ਨੇ ਇਨ੍ਹਾਂ ਮੁਲਾਜ਼ਮਾਂ ਨੂੰ ਮਰਿਆਦਾ ਦੀ ਉਲੰਘਣਾ ਕਰਨ ਬਦਲੇ ਪ੍ਰਤੀ ਵਿਅਕਤੀ 2100 ਰੁਪਏ ਗੁਰੂ ਦੀ ਗੋਲਕ ਵਿੱਚ ਜਮ੍ਹਾ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਇਹ ਕਾਰਵਾਈ ਧਾਰਾ 85 ਅਧੀਨ ਆਉਂਦੇ ਉਨ੍ਹਾਂ ਗੁਰਦੁਆਰਿਆਂ ਦੇ ਸਟਾਫ਼ ਦੀ ਮੀਟਿੰਗ ਦੌਰਾਨ ਹੋਈ, ਜਿਨ੍ਹਾਂ ਦਾ ਪ੍ਰਬੰਧ ਹਾਲ ਹੀ ਵਿੱਚ ਬਦਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਮੁਲਾਜ਼ਮਾਂ ਲਈ ਡਿਊਟੀ ਦੌਰਾਨ ਕੁੜਤਾ-ਪਜਾਮਾ ਪਹਿਨਣਾ ਲਾਜ਼ਮੀ ਕੀਤਾ ਗਿਆ ਹੈ, ਤਾਂ ਜੋ ਉਹ ਸ਼ਰਧਾਲੂਆਂ ਦੀ ਭੀੜ ਵਿੱਚ ਵੱਖਰੇ ਪਛਾਣੇ ਜਾ ਸਕਣ ਅਤੇ ਗੁਰਦੁਆਰਾ ਸਾਹਿਬਾਨ ਦੇ ਅਧਿਆਤਮਕ ਮਾਹੌਲ ਦੀ ਮਰਿਆਦਾ ਬਣੀ ਰਹੇ।

ਇਹ ਸਖ਼ਤੀ ਅਜਿਹੇ ਸਮੇਂ ਆਈ ਹੈ ਜਦੋਂ ਅੰਬ ਸਾਹਿਬ ਗੁਰਦੁਆਰੇ ਦੀ ਜ਼ਮੀਨ ਦੇ ਵਿਵਾਦਤ ਸੌਦੇ ਨੂੰ ਲੈ ਕੇ ਸੰਸਥਾ ਪਹਿਲਾਂ ਹੀ ਸਿਆਸੀ ਨਿੰਦਾ ਦਾ ਸਾਹਮਣਾ ਕਰ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ (ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਅਕਾਲੀ ਦਲ ਪੁਨਰ ਸੁਰਜੀਤ ਦੇ ਆਗੂ) ਨੇ ਇਸ ਮਾਮਲੇ ਵਿੱਚ ਉੱਚ ਅਧਿਕਾਰੀਆਂ ਨੂੰ ਬਚਾਉਣ ਦੇ ਦੋਸ਼ ਲਾਉਂਦਿਆਂ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕੇ ਹਨ। ਇਨ੍ਹਾਂ ਵਿਵਾਦਾਂ ਦਰਮਿਆਨ ਹੁਣ ਪ੍ਰਧਾਨ ਧਾਮੀ ਨੇ ਸਟਾਫ਼ ਵਿੱਚ ਅਨੁਸ਼ਾਸਨ ਨੂੰ ਲੈ ਕੇ ਸਖ਼ਤ ਰਵੱਈਆ ਅਪਣਾਇਆ ਹੈ।

# ਸ਼ੀਸ਼ ਮਹਿਲ ਤੇ ਕਿਲ੍ਹਾ ਮੁਬਾਰਕ ਵਿਖੇ ਬੰਦ ਪਏ ਮਿਊਜ਼ੀਅਮ ਆਮ ਲੋਕਾਂ ਲਈ ਖੋਲ੍ਹੇ:ਵਰਜੀਤ ਵਾਲੀਆ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਨੇ ਇੱਥੇ ਸ਼ੀਸ਼ ਮਹਿਲ ਅਤੇ ਕਿਲ੍ਹਾ ਮੁਬਾਰਕ ਵਿਖੇ ਬੰਦ ਪਏ ਮਿਊਜ਼ੀਅਮ ਆਮ ਲੋਕਾਂ ਦੇ ਦੇਖਣ ਲਈ ਖੋਲ੍ਹ ਦਿੱਤੇ ਹਨ। ਜਿੱਥੇ ਕਿਲ੍ਹਾ ਮੁਬਾਰਕ ਦੇ ਦਰਬਾਰ ਹਾਲ ਵਿਖੇ ਮਿਊਜ਼ੀਅਮ ਵਿੱਚ ਪਈਆਂ ਪੁਰਾਤਨ ਵਸਤਾਂ ਦੇਖਣ ਲਈ ਵੱਡੀ ਗਿਣਤੀ ਦਰਸ਼ਕ ਪੁੱਜ ਰਹੇ ਹਨ, ਉਥੇ ਹੀ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਵਿੱਚ ਵੀ ਸ਼ੀਸ਼ ਮਹਿਲ ਦੇ ਨਵੀਨੀਕਰਨ ਉਪਰੰਤ ਖੋਲ੍ਹੇ ਗਏ ਮਿਊਜ਼ੀਅਮ ਨੂੰ ਦੇਖਣ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਇਹ ਪ੍ਰਗਟਾਵਾ ਕਰਦਿਆਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਵਿਭਾਗ ਦੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਅਗਵਾਈ ਹੇਠ ਪੰਜਾਬ ਸਰਕਾਰ ਰਾਜ ਦੀ ਵਿਰਾਸਤੀ ਧਰੋਹਰ ਸੰਭਾਲਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਇਸੇ ਤਹਿਤ ਹੀ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ, ਕਿਲ੍ਹਾ ਮੁਬਾਰਕ ਅਤੇ ਸ਼ੀਸ਼ ਮਹਿਲ ਵਿਖੇ ਪਟਿਆਲਾ ਵਿਰਾਸਤੀ ਮੇਲੇ ਦੌਰਾਨ ਇਹ ਦੋਵੇਂ ਮਿਊਜ਼ੀਅਮ ਆਮ ਲੋਕਾਂ ਦੇ ਦੇਖਣ ਲਈ ਖੋਲ੍ਹ ਦਿੱਤੇ ਗਏ ਹਨ।

ਸ਼ੀਸ਼ ਮਹਿਲ ਵਿਖੇ ਖੋਲ੍ਹੇ ਗਏ ਮਿਊਜ਼ੀਅਮ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ ਵਿੱਚ 1 ਨੰਬਰ ਚੀਨੀ ਕਲਾ ਗੈਲਰੀ ਹੈ, ਜਿੱਥੇ ਪੌਟਰੀ, ਬੁੱਧ ਤੇ ਹੋਰ ਧਰਮਾਂ ਨਾਲ ਸਬੰਧਤ ਫੋਟੋਆਂ ਤੇ ਹੋਰ ਸਾਜੋ ਸਮਾਨ ਸਜਾਇਆ ਗਿਆ ਹੈ। ਇਸੇ ਤਰ੍ਹਾਂ 2 ਨੰਬਰ ਗੈਲਰੀ ਵਿੱਚ ਮਹਾਨ ਸ਼ਖ਼ਸੀਅਤਾਂ ਦੇ ਸਕੱਲਚਰ ਪਏ ਹਨ, ਜਿਨ੍ਹਾਂ 'ਚ ਪਟਿਆਲਾ ਰਿਆਸਤ ਸਮੇਤ ਹੋਰ ਸ਼ਖ਼ਸੀਅਤਾਂ ਦੇ ਪੱਥਰ ਦੇ ਤਰਾਸ਼ੇ ਬੁੱਤ ਸਜਾਏ ਗਏ ਹਨ।

ਪੋਰਟਰੇਟ ਤੇ ਕੋਲਾਜ ਵਾਲੀ 3 ਨੰਬਰ ਗੈਲਰੀ ਵਿਖੇ ਵੱਖ-ਵੱਖ ਤਰ੍ਹਾਂ ਦੀਆਂ ਪੇਟਿੰਗਜ਼ ਤੇ ਕੋਲਾਜ ਸਜੇ ਹੋਏ ਹਨ। ਜਦਕਿ 4 ਨੰਬਰ ਗੈਲਰੀ ਪ੍ਰਾਚੀਨ ਮੂਰਤੀ ਕਲਾ ਗੈਲਰੀ ਹੈ, ਜਿੱਥੇ ਕਿ ਪੁਰਾਤਨ ਮੂਰਤੀਆਂ ਤੇ ਹੋਰ ਸਾਜੋ ਸਮਾਨ ਰੱਖਿਆ ਗਿਆ ਹੈ। ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਵਿੱਚ ਆਉਣ ਵਾਲੇ ਦਰਸ਼ਕ ਹੁੰਮ-ਹੁਮਾ ਕੇ ਇਸ ਮਿਉਜ਼ੀਅਮ ਨੂੰ ਦੇਖ ਰਹੇ ਹਨ। ਦਰਸ਼ਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਪੰਜਾਬ ਸਰਕਾਰ ਨੇ ਇਹ ਮਿਊਜ਼ੀਅਮ ਖੋਲ੍ਹ ਕੇ ਪਟਿਆਲਾ ਵਾਸੀਆਂ ਨੂੰ ਇੱਕ ਵੱਡਾ ਤੋਹਫ਼ਾ ਦਿੱਤਾ ਹੈ। ਇਸੇ ਤਰ੍ਹਾਂ ਹੀ ਕਿਲ੍ਹਾ ਮੁਬਾਰਕ ਵਿਖੇ ਦਰਬਾਰ ਹਾਲ ਦੇ ਖੋਲ੍ਹੇ ਗਏ ਮਿਊਜ਼ੀਅਮ ਬਾਰੇ ਦੱਸਦਿਆਂ ਵਿਭਾਗ ਦੇ ਕਾਰਜਕਾਰੀ ਸਹਾਇਕ ਮੈਡਮ ਸ਼ਰੀਨ ਨੇ ਦੱਸਿਆ ਕਿ ਇਸ ਮਿਊਜ਼ੀਅਮ ਵਿਖੇ ਵੀ ਅਹਿਮ ਪੁਰਾਤਨ ਵਸਤਾਂ ਪਈਆਂ ਹਨ, ਇਸ ਮਿਊਜ਼ੀਅਮ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ.

## ਗ਼ਜ਼ਲਾਂ



**ਬਲਵਿੰਦਰ ਵਾਲੀਆ**
94175-81242

ਮੇਰੇ ਹਰ ਗੀਤ ਨੂੰ,
ਤੇਰੇ ਸਾਜ਼ ਦੀ ਉਡੀਕ ਹੈ।
ਮਿੱਠੀ ਅਤੇ ਸੁਰੀਲੀ,
ਆਵਾਜ਼ ਦੀ ਉਡੀਕ ਹੈ।

ਆਪਸ ਵਿਚ ਜਦ ਕਦੇ,
ਦੂਰੀਆਂ ਨਹੀਂ ਦੇਖੀਆਂ,
ਬੇ-ਖ਼ਬਰੇ ਵਿਛੜੇ ਹਾਂ,
ਇਸ ਰਾਜ਼ ਦੀ ਉਡੀਕ ਹੈ।

ਮੈਂ ਅਪਣੀ ਆਸ ਤੋਂ,
ਬੇ-ਆਸਰਾ ਹਾਂ ਸੱਜਣਾ,
ਬਸ ਤੇਰੇ ਪਿਆਰ ਭਰੇ,
ਅੰਦਾਜ਼ ਦੀ ਉਡੀਕ ਹੈ।

ਤੇਰੇ ਬਿਨਾਂ ਸਧਰਾਂ,
ਕਿਵੇਂ ਪੁਗਾਵਾਂ ਸਾਥੀਆ,
ਕੁਝ ਬੇ-ਸਬਰਾ ਹਾਂ,
ਤੇਰੇ ਨਾਜ਼ ਦੀ ਉਡੀਕ ਹੈ।

ਮੇਰੇ ਅਰਮਾਨ ਮੈਨੂੰ,
ਪਾਗ਼ਲ ਸਮਝਦੇ ਨੇ,
ਪਿੰਜਰੇ ਦਾ ਪੰਛੀ ਹਾਂ,
ਪਰਵਾਜ਼ ਦੀ ਉਡੀਕ ਹੈ।

ਮੇਰਾ ਪਰਛਾਵਾਂ ਉਸ ਦਾ,
ਸਾਥ ਨਹੀਂ ਛੱਡਦਾ,
ਮੈਨੂੰ ਮੇਰੇ ਵਿਛੜੇ,
ਹਮਰਾਜ਼ ਦੀ ਉਡੀਕ ਹੈ।

ਪਰਮਾਤਮਾ ਹੀ ਸਾਰੇ,
ਜਗ ਦਾ ਰੱਖਵਾਲਾ ਏ,
ਬਸ ਉਸ ਦੇ ਮਿਹਰ ਭਰੇ,
ਅੰਦਾਜ਼ ਦੀ ਉਡੀਕ ਹੈ।

---

ਜਦੋਂ ਗਹੁ ਨਾਲ ਫੈਲਿਆ,
ਅਰਸ਼ ਦੇਖਦੀ ਹਾਂ।
ਦੂਰ ਅਤੀਤ 'ਚ ਗੁਆਚੇ,
ਨਕਸ਼ ਦੇਖਦੀ ਹਾਂ।

ਕਦੇ ਦੌੜਦੀ ਹਾਂ ਚਿਹਰੇ ਨੂੰ,
ਸਜਾਉਣ ਖ਼ਾਤਰ,
ਪਰ ਦੂਜੇ ਹੀ ਪਲ਼ ਆਪਣਾ,
ਲਕਸ਼ ਦੇਖਦੀ ਹਾਂ।

ਹੱਥ ਕਲਮ ਫੜਾ ਕੇ,
ਛੱਡ ਗਿਆ ਮੈਨੂੰ,
ਯਾਦਾਂ 'ਚ ਖੜ੍ਹਾ ਕਿਤੇ,
ਉਹ ਸ਼ਖ਼ਸ਼ ਦੇਖਦੀ ਹਾਂ।

ਮੇਰੀ ਹਯਾਤੀ ਹੀ ਕੀ ਹੈ,
ਕਿਣਕਾ ਮਿੱਟੀ ਦਾ,
ਮੇਰੇ ਲਈ ਕਿਸ ਕੰਮ ਤੇਰਾ,
ਇਹ ਵੱਡਾ ਅਕਸ਼ ਦੇਖਦੀ ਹਾਂ।

ਖ਼ਿਤਾਬ ਦਿੱਤਾ ਜਿਹਨੂੰ ਤੁਸੀਂ,
ਠੰਢਾ ਯਖ਼ ਹੋਣ ਦਾ,
ਮੈਂ ਹਰ ਪਲ ਉਸਦੇ,
ਸੀਨੇ ਦੀ ਤਪਸ਼ ਦੇਖਦੀ ਹਾਂ।

ਨਾ ਸਜਾ ਤੂੰ ਸੁਪਨੇ,
ਮੇਰੇ ਨਾਲ ਵਰ ਮੇਚਣ ਦੇ,
ਤੂੰ ਪ੍ਰਾਪਤੀਆਂ ਨੂੰ ਤੱਕਦੈਂ ਤੇ,
ਮੈਂ ਸੰਘਰਸ਼ ਦੇਖਦੀ ਹਾਂ।



**ਡਾ. ਜਸਵੀਰ ਕੌਰ ਭੱਲਮਾਜਰਾ**
98157-32852

---

ਹੱਥੀਂ ਕਰਨੀ ਕਿਰਤ ਸਿਖਾਵੇ,
ਲਾਲੋ ਵਰਗਾ ਬਾਪੂ।
ਚੰਗੀ ਜੀਵਨ ਜੁਗਤ ਸਿਖਾਵੇ,
ਲਾਲੋ ਵਰਗਾ ਬਾਪੂ।

ਸਬਰ ਸਿਦਕ ਦਾ ਪੱਲਾ ਫੜ ਕੇ,
ਰਾਹ ਸਚਿਆਰੇ ਤੁਰਨਾ,
ਗ਼ੈਰਤ ਦੀ ਕੀ ਵੁੱਕਤ ਸਿਖਾਵੇ,
ਲਾਲੋ ਵਰਗਾ ਬਾਪੂ।

ਵੱਡਿਆਂ ਦਾ ਸਤਿਕਾਰ ਕਰੋ ਤੇ,
ਨਿੱਕਿਆਂ ਨੂੰ ਗਲਵੱਕੜੀ,
ਸਭ ਦੀ ਕਰਨੀ ਇੱਜ਼ਤ ਸਿਖਾਵੇ,
ਲਾਲੋ ਵਰਗਾ ਬਾਪੂ।

ਬਿਪਤਾ ਨੂੰ ਵੀ ਹੱਸ ਕੇ ਜਰਨਾ,
ਢਾਹ ਨਾ ਬਹਿਣਾ ਢੇਰੀ,
ਰੱਖਣੀ ਡਾਢੀ ਹਿੰਮਤ ਸਿਖਾਵੇ,
ਲਾਲੋ ਵਰਗਾ ਬਾਪੂ।

ਲੋੜ ਪਈ 'ਤੇ ਕੰਮ ਦੂਜੇ ਦੇ,
ਆਉਣੋਂ ਨਾ ਕਤਰਾਉਣਾ,
ਨਿੱਜ ਤੋਂ ਪਰ ਦੀ ਪੜ੍ਹਤ ਸਿਖਾਵੇ,
ਲਾਲੋ ਵਰਗਾ ਬਾਪੂ।

ਮਿਹਨਤ ਦਾ ਫਲ਼ ਮਿੱਠਾ ਹੁੰਦਾ,
ਆਲਸ ਦੂਰ ਭਜਾਉਣਾ,
ਆਉਂਦੀ ਨਾ ਫਿਰ ਦਿੱਕਤ ਸਿਖਾਵੇ ,
ਲਾਲੋ ਵਰਗਾ ਬਾਪੂ।

ਕਰੇ ਜ਼ਮਾਨਾ ਯਾਦ ਹਮੇਸ਼ਾਂ,
ਕਰਦੈ ਕੰਮ ਵਿਲੱਖਣ ਜੋ,
'ਬੋਪਾਰਾਏ' ਸਿਫ਼ਤ ਸਿਖਾਵੇ,
ਲਾਲੋ ਵਰਗਾ ਬਾਪੂ।



**ਭੁਪਿੰਦਰ ਸਿੰਘ ਬੋਪਾਰਾਏ**
98550-91442

---



**ਗੁਰਪ੍ਰੀਤ ਸਿੰਘ ਰੰਗੀਲਪੁਰ**
98552-07071

ਤਬਾਹੀ ਵੱਲ ਵੱਧ ਰਿਹਾ ਸੰਸਾਰ ਹੈ।
ਫੇਰ ਮਨੁੱਖਤਾ ਹੋਈ ਸ਼ਰਮਸ਼ਾਰ ਹੈ।

ਦੂਜੇ ਨੂੰ ਥੱਲੇ ਲਾ ਕੇ ਚਾਹੁੰਦਾ ਹੈ ਰੱਖਣਾ,
ਕੁਝ ਨਹੀਂ ਬਸ ਇਹ ਬੰਦੇ ਦਾ ਹੰਕਾਰ ਹੈ।

ਗੜਿਆਂ ਵਾਂਗੂ ਗੋਲ਼ੇ ਡਿੱਗੇ ਅੰਬਰੋਂ,
ਪਲਾਂ 'ਚ ਲੱਗਿਆ ਲਾਸ਼ਾਂ ਦਾ ਅੰਬਾਰ ਹੈ।

ਜਾਤ, ਧਰਮ ਤੇ ਰਾਸ਼ਟਰ ਦੇ ਨਾਮ 'ਤੇ,
ਬੰਦੇ ਖੁੱਲ੍ਹਕੇ ਕੀਤਾ ਅੱਤਿਆਚਾਰ ਹੈ।

ਅਮਨ ਦਾ ਦੁਸ਼ਮਣ ਆ ਜਾਵੇਗਾ ਸਾਹਮਣੇ,
ਕੋਈ ਨਾ ਕੋਈ ਤਾਂ ਗ਼ੈਰ-ਜ਼ਿੰਮੇਵਾਰ ਹੈ।



---

**• ਗੁਰਪ੍ਰੀਤ ਕੌਰ 'ਚਹਿਲ'**
*90565-26703*

ਮਿੰਨੀ ਕਹਾਣੀ

# ਕਹਿਣੀ ਤੇ ਕਰਨੀ



'ਬੱਚਿਓ ਇੱਕੀਵੀਂ ਸਦੀ ਦਾ ਯੁੱਗ ਹੈ। ਸਾਨੂੰ ਅੰਧਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਵਿਚ ਬਿਲਕੁਲ ਨਹੀਂ ਫਸਣਾ ਚਾਹੀਦਾ, ਕਿਉਂਕਿ ਵਿਗਿਆਨ ਤੇ ਤਕਨਾਲੋਜੀ ਨੇ ਅਥਾਹ ਤਰੱਕੀ ਕਰ ਲਈ ਹੈ'। ਸਵੇਰ ਦੀ ਸਭਾ ਵਿਚ ਸਾਇੰਸ ਦੀ ਅਧਿਆਪਕਾ ਵਿਦਿਆਰਥੀਆਂ ਨੂੰ ਅੰਧ-ਵਿਸ਼ਵਾਸਾਂ ਖ਼ਿਲਾਫ਼ ਜਾਗਰੂਕ ਕਰਨ ਹਿੱਤ ਭਾਸ਼ਣ ਦੇ ਰਹੇ ਸਨ। ਸਭਾ ਖ਼ਤਮ ਹੋਣ ਉਪਰੰਤ ਸਾਰੇ ਵਿਦਿਆਰਥੀ ਆਪਣੀਆਂ ਜਮਾਤਾਂ ਵਿਚ ਜਾ ਕੇ ਪੜ੍ਹਾਈ ਵਿਚ ਮਸ਼ਰੂਫ ਹੋ ਗਏ।

ਦੁਪਹਿਰ ਵੇਲੇ ਅੱਧੀ ਛੁੱਟੀ ਦੀ ਘੰਟੀ ਵਜਦਿਆਂ ਹੀ ਰੋਜ਼ਾਨਾ ਦੀ ਤਰ੍ਹਾਂ ਸਾਰੇ ਅਧਿਆਪਕ ਖਾਣਾ ਖਾਣ ਲਈ ਸਟਾਫ਼ ਰੂਮ ਵਿਚ ਬੈਠ ਗਏ। ਮੈਡਮ ਨਵਨੀਤ ਦੇ ਚਿਹਰੇ 'ਤੇ ਉਦਾਸੀ ਦੇਖ ਕੇ ਸਾਰਿਆਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗੇ, 'ਪੰਦਰਾਂ ਦਿਨਾਂ ਤੋਂ ਬੇਟੇ ਨੂੰ ਟਾਈਫਾਇਡ ਹੈ। ਡਾਕਟਰ ਦੀ ਦਵਾਈ ਨਾਲ ਕੋਈ ਫ਼ਰਕ ਹੀ ਨਹੀਂ ਪੈ ਰਿਹਾ। ਅੱਜ ਡਾਕਟਰ ਬਦਲ ਕੇ ਵੇਖਦੇ ਹਾਂ'।

ਸਾਇੰਸ ਅਧਿਆਪਕਾ ਰੁਪਿੰਦਰ ਨੇ ਗੱਲ ਵਿੱਚੋਂ ਟੋਕਦਿਆਂ ਨਸੀਹਤ ਦਿੱਤੀ , 'ਮੈਡਮ ਨਿਰਾ-ਪੁਰਾ ਡਾਕਟਰਾਂ 'ਤੇ ਨਿਰਭਰ ਨਾ ਰਹੋ। ਲਾਗਲੇ ਪਿੰਡ ਇਕ ਸਿਆਣਾ ਟਾਈਫਾਇਡ ਵਾਸਤੇ ਪਾਣੀ ਕਰ ਕੇ ਦਿੰਦਾ ਹੈ, ਨਾਲੇ ਧਾਗਾ ਵੀ ਗਲ਼ 'ਚ ਪਾਉਣ ਨੂੰ। ਸੁਣਿਐ ਧਾਗਾ ਪਾਉਣ ਸਾਰ ਪਹਿਲੇ ਦਿਨ ਹੀ ਮਰੀਜ਼ ਨੂੰ ਫ਼ਰਕ ਪੈਣ ਲੱਗ ਜਾਂਦਾ ਵਾ'।

ਮੈਡਮ ਦੇ ਇਹ ਸ਼ਬਦ ਮੇਰੇ ਮੱਥੇ ਵਿਚ ਹਥੌੜੇ ਵਾਂਗ ਵੱਜੇ। ਸਵੇਰ ਦੀ ਸਭਾ ਵਾਲੇ ਇਹ ਸ਼ਬਦ 'ਬੱਚਿਓ, ਇੱਕੀਵੀਂ ਸਦੀ ਦਾ ਯੁਗ ਹੈ'। ਮੇਰੇ ਕੰਨਾਂ ਵਿਚ ਜ਼ੋਰ-ਸ਼ੋਰ ਨਾਲ ਗੂੰਜਣ ਲੱਗੇ। ਕਹਿਣੀ ਤੇ ਕਰਨੀ ਵਿਚ ਫ਼ਰਕ ਤਲਾਸ਼ਦੀ ਹੋਈ ਮੈਂ ਡਾਇਰੀ ਚੁੱਕ ਕੇ ਪੀਰੀਅਡ ਲਗਾਉਣ ਚੱਲ ਪਈ। •

---

# ਬੇਦਰਦ ਝੱਖੜਾਂ ਦਾ ਝੰਬਿਆ

## ਬਸੰਤ ਕੁਮਾਰ ਰਤਨ



**ਸੀ. ਮਾਰਕੰਡਾ**
*94172-72161*

*ਬਸੰਤ ਕੁਮਾਰ ਸੁਲਝਿਆ ਨਾਵਲਕਾਰ, ਕਥਾ ਲੇਖਕ ਤੇ ਕਵੀ ਹੈ। ਉਸ ਦੀਆਂ ਰਚਨਾਵਾਂ ਪੜ੍ਹਕੇ ਹੈਰਾਨ ਹੋ ਜਾਈਦਾ ਕਿ ਉਹ ਐਨਾ ਕੁਝ ਕਿੱਥੋਂ ਤੇ ਕਿਵੇਂ ਸਿਖ ਗਿਆ। ਵਿਸ਼ਵਵਿਦਿਆਲੇ ਦਾ ਖੋਜੀ ਵਿਦਿਆਰਥੀ ਤਾਂ ਕਦੀ ਰਿਹਾ ਨਹੀਂ...*

ਬਸੰਤ ਕੁਮਾਰ ਰਤਨ ਇਕ ਫ਼ੱਕਰ ਤੇ ਦਰਵੇਸ਼ ਤਬੀਅਤ ਵਾਲਾ ਬੰਦਾ ਹੈ। ਬੰਦਾ ਉਸ ਨੂੰ ਮੈਂ ਇਸ ਲਈ ਆਖਿਆ ਕਿਉਂਕਿ ਉਸ ਦਾ ਮਿਜ਼ਾਜ ਬਿਲਕੁਲ ਹੀ ਬੰਦਿਆਂ ਵਰਗਾ ਹੈ ਜੋ ਮੰਦਾ ਨਹੀਂ, ਚੰਗਾ ਹੈ। ਮਾਨਵੀ ਗੁਣਾਂ ਨਾਲ ਭਰਪੂਰ ਜਿਸ ਵਿਚ ਕੁਝ ਊਣਤਾਈਆਂ ਵੀ ਹੋਣਗੀਆਂ ਪਰੰਤੂ ਔਗੁਣਾਂ ਵਰਗੀਆਂ ਨਹੀਂ। ਮੈਥੋਂ ਉਸ ਨੂੰ ਬਗ਼ਾਵਤ ਦਾ ਮੁਜੱਸਮਾ ਨਹੀਂ ਆਖਿਆ ਜਾਂਦਾ। ਅਜਿਹਾ ਕਹਿਣ ਤੋਂ ਮੈਂ ਇਸ ਲਈ ਵੀ ਹਿਚਕਚਾਉਂਦਾ ਹਾਂ ਕਿਉਂਕਿ ਬਸੰਤ ਕੁਮਾਰ ਰਤਨ ਆਪਣੀਆਂ ਵਿਪਰੀਤ ਪ੍ਰਸਥਿਤੀਆਂ ਨਾਲ ਟੱਕਰ ਨਹੀਂ ਲੈ ਸਕਦਾ। ਦਿਨ ਕਟੀ ਵਿਚ ਯਕੀਨ ਰੱਖਣ ਵਾਲਾ ਇਹ ਆਦਮੀ ਹਾਲਾਤ ਨਾਲ ਸਮਝੌਤਾ ਕਰ ਕੇ ਜਿਉਣ ਵਿਚ ਵਿਸ਼ਵਾਸ ਰੱਖਦਾ ਹੈ।

ਬਸੰਤ ਕੁਮਾਰ ਅੰਦਰ-ਵਿਦਰੋਹ ਦੀ ਚਿਣਗ ਤਾਂ ਜ਼ਰੂਰ ਮਘਦੀ ਹੈ ਪਰ ਉਸ ਦੀ ਸਥਿਤੀ ਹਾਰੇ 'ਚ ਧੁਖ਼ਦੀ ਉਸ ਪਾਥੀ ਵਰਗੀ ਹੈ ਜੋ ਅੱਗ ਭਬੂਕਾ ਬਣਕੇ ਮੱਚਣਾ ਤਾਂ ਚਾਹੁੰਦੀ ਹੈ ਪ੍ਰੰਤੂ ਉਸ 'ਤੇ ਧਰੀ ਦੁੱਧ ਦੀ ਕੜ੍ਹਦੀ ਕਾੜ੍ਹਨੀ ਦੀ ਹੋਂਦ ਵਾਂਗ ਦਾਬੂ ਹੋ ਕੇ ਉਸ ਨੂੰ ਅਜਿਹਾ ਕਰਨੋਂ ਵਰਜਦੀ ਹੈ। ਇਹੀ ਵਰਤਾਰਾ ਉਸ ਦੇ ਬਚਪਨ ਤੋਂ ਲੈ ਕੇ ਹੁਣ ਤਕ ਦੇ ਕਈ ਮਿੱਤਰਾਂ ਨਾਲ ਰਿਹਾ ਹੈ। ਜਿੰਨ੍ਹਾਂ ਉਸ ਦੀ ਸਾਹਿਤਕ ਅਤੇ ਵਿੱਦਿਅਕ ਪ੍ਰਤਿਭਾ ਨੂੰ ਵਿਗਸਣ ਨਹੀਂ ਦਿੱਤਾ।

ਬਸੰਤ ਕੁਮਾਰ ਪਤਾ ਨਹੀਂ ਕਿਸ ਗੁੱਟ ਵਿਚ ਘਿਰਿਆ ਰਿਹਾ ਕਿ ਉਸ ਨੂੰ ਉਹ ਮੌਕੇ ਪ੍ਰਦਾਨ ਨਹੀਂ ਹੋ ਸਕੇ ਜਿਨ੍ਹਾਂ ਸਦਕਾ ਉਸ ਨੇ ਆਪਣੀ ਕਾਵਿਕ ਅਤੇ ਗਲਪੀ ਸਮਰੱਥਾ ਨੂੰ ਪੇਸ਼ ਕਰਨ ਦੇ ਯੋਗ ਹੋਣਾ ਸੀ। ਇਸ ਬਦਨਸੀਬੀ ਦਾ ਜ਼ਿਕਰ ਉਹ ਆਪਣੀ ਮਲਵੀਂ ਜਿਹੀ ਜੀਭ ਨਾਲ ਆਪਣੀ ਸਵੈ-ਜੀਵਨੀ 'ਕਾਫ਼ਰ' ਵਿਚ ਵੀ ਕਰਦਾ ਹੈ ਪਰ ਇਹ ਮਸਤਾਨਾ ਬੰਦਾ ਜਿਸ ਨੂੰ ਚੜ੍ਹੀ-ਲੱਥੀ ਦੀ ਭੋਰਾ ਵੀ ਨਹੀਂ ਫਿਰ ਵੀ ਅਜਿਹੀਆਂ ਸਥਿਤੀਆਂ ਵਿਚ ਆਪਣੇ ਹੀ ਰੰਗ ਵਿਚ ਰੰਗਿਆ ਨਿਸ਼ਚਿੰਤ ਤੇ ਬੇਪ੍ਰਵਾਹੀ ਵਿਚ ਗਲਤਾਨ ਹੈ। ਕਈ ਵਾਰੀ ਨਿਰਾਸ਼ਾ ਦੇ ਆਲਮ ਵਿਚ ਡੁੱਬਿਆ ਬਸੰਤ ਕੁਮਾਰ ਆਪਣੇ ਮਿੱਤਰਾਂ ਦੀ ਦਗੇਬਾਜ਼ੀ ਅਤੇ ਯਾਰਮਾਰੀ ਤੇ ਹੰਝੂ ਕੇਰਦਾ ਹੋਇਆ ਉਦਾਸੀਨ ਮੁਦਰਾ ਵਿਚ ਉਨ੍ਹਾਂ ਦਾ ਨਿੰਦਕ ਬਣ ਬਹਿੰਦਾ ਹੈ ਪਰ ਖੁੰਦਕੀ ਨਹੀਂ।

ਬਸੰਤ ਕੁਮਾਰ ਫ਼ਰਵਰੀ 1937 ਵਿਚ ਬਠਿੰਡੇ ਜਨਮਿਆ ਤੇ ਨਾਨਕਿਆਂ ਨੇ ਇਸ ਦਾ ਨਾਂ ਸੋਮ ਦੱਤ ਧਰਿਆ ਜੋ ਦਾਦਕਿਆਂ ਨੂੰ ਨਹੀਂ ਭਾਇਆ। ਉਸ ਦੇ ਪਿਤਾ ਪੰਡਿਤ ਅਮਰ ਨਾਥ ਰਤਨ ਜੋ ਕਿੱਤੇ ਵਜੋਂ ਹਲਵਾਈ ਦੀ ਦੁਕਾਨ ਕਰਿਆ ਕਰਦੇ ਸਨ ਨੂੰ ਜਦੋਂ ਬਠਿੰਡੇ ਤੋਂ ਹਲਦੀ ਦੇ ਛਿੜਕਾ ਵਾਲੀ ਮੁੰਡਾ ਜੰਮਣ ਦੀ ਸ਼ਗਨਾਂ ਵਾਲੀ ਚਿੱਠੀ ਮਿਲੀ ਤਾਂ ਉਨ੍ਹਾਂ ਉਸ ਦਾ ਨਾਂ ਬਦਲ ਕੇ ਬਸੰਤ ਧਰ ਦਿੱਤਾ ਕਿਉਂਕਿ ਉਸ ਦਿਨ ਬਸੰਤ ਪੰਚਮੀ ਦਾ ਤਿਉਹਾਰ ਸੀ। 'ਕੁਮਾਰ' ਇਸ ਨੇ ਆਪਣੇ ਨਾਂ ਨਾਲ ਬਾਅਦ ਵਿਚ ਜੋੜ ਲਿਆ। ਬਸੰਤ ਕੁਮਾਰ ਭਾਵੇਂ ਖ਼ੁਦ ਨੂੰ ਕਿਸਮਤ ਦਾ ਮਾਰਿਆ ਸਮਝਦਾ ਹੋਵੇ ਪਰ ਉਸ ਤੋਂ ਇਹ ਕਦੀ ਹਾਰਿਆ ਨਹੀਂ। ਇਸ ਵਿਚ ਹੀ ਉਸ ਨੂੰ ਖ਼ੁਸ਼ੀ ਅਤੇ ਤਸੱਲੀ ਮਿਲਦੀ ਹੈ। ਉਸ ਨੇ ਸ਼ੁਹਰਤ ਅਤੇ ਦੌਲਤ ਨੂੰ ਕਦੀ ਵੀ ਆਪਣਾ ਉਦੇਸ਼ ਨਹੀਂ ਮਿਥਿਆ ਪ੍ਰੰਤੂ ਗਿਆਨ, ਅਧਿਐਨ ਅਤੇ ਸਿਰਜਣਾ ਨੂੰ ਹੀ ਆਪਣਾ ਮਨੋਰਥ ਬਣਾਇਆ। ਇਹ ਜਜ਼ਬਾ 'ਤੇ ਬੇਪਰਵਾਹੀ ਉਸ ਦੀ ਸਾਹਿਤਕ ਅਤੇ ਹੁਨਰਮੰਦ ਪ੍ਰਤਿਭਾ ਨੂੰ ਖ਼ੂਬਸੂਰਤ ਬਣਾਉਣ ਦਾ ਸਬੱਬ ਬਣੀ।

ਬਸੰਤ ਸਾਡੇ ਬਰਨਾਲਵੀ ਲੇਖਕ ਭਾਈਚਾਰੇ ਦਾ ਰਤਨ ਹੈ। ਨਗੀਨਾ, ਬਸੰਤੀ ਰੁੱਤ ਵਰਗਾ ਜਿਸ ਦੀ ਸੂਰਤ ਵਿੱਚੋਂ ਸਰ੍ਹੋਂ ਰੰਗੇ ਫੁੱਲ ਦੀ ਭਾਹ ਆਉਂਦੀ ਹੈ ਤੇ ਸੀਰਤ ਕਿਸੇ ਫ਼ਰਿਸ਼ਤੇ ਵਰਗੀ। ਇਹ ਤਸ਼ਬੀਹ ਮੈਥੋਂ ਸੁਭਾਵਕ ਹੀ ਉਸ ਦੇ ਨਾਂ 'ਬਸੰਤ' ਕਰਕੇ ਦਿੱਤੀ ਗਈ। ਅਸਲ 'ਚ ਉਹ ਬਸੰਤੀ ਨਹੀਂ, ਬੱਤਖ਼ ਦੇ ਖੰਭਾਂ ਵਰਗੀ ਪੁਸ਼ਾਕ ਪਹਿਨਣ ਵਾਲਾ ਸਾਧੂ ਸੁਭਾਅ ਦਾ ਲੇਖਕ ਹੈ। ਉਸ ਦੀ ਮੂਰਤ ਗੋਲ-ਮਟੋਲ ਹੈ ਅਤੇ ਸੂਰਤ ਕੈਂਚੀ ਨਾਲ ਕੁਤਰੀ ਦਾੜ੍ਹੀ ਬੜੀ ਜਚਵੀਂ ਨਜ਼ਰ ਆਉਂਦੀ ਹੈ। ਮੈਂ ਉਸ ਨੂੰ ਸੱਤਰਵਿਆਂ ਤੋਂ ਇਸੇ ਤਰ੍ਹਾਂ ਹੀ ਦੇਖਦਾ ਆਇਆ ਹਾਂ।

ਬਸੰਤ ਕੁਮਾਰ ਸਾਹਿਤਕ ਗੋਸ਼ਟੀਆਂ ਵਿਚ ਜਾਂ ਆਮ ਸਧਾਰਣ ਰੂਪ ਵਿਚ ਜਦੋਂ ਵੀ ਬੋਲਦਾ ਹੈ ਤਾਂ ਮੁੱਲ ਦੀ ਗੱਲ ਕਰਦਾ ਹੈ। ਸੰਕੋਚਵੀਂ ਪ੍ਰੈਸੀ ਨੁਮਾ ਭਾਸ਼ਾ ਵਿਚ, ਚੰਗੀ ਤਰ੍ਹਾਂ ਤੋਲਕੇ ਬੋਲੇਗਾ, ਧੀਮੀ ਗਤੀ ਵਿਚ। ਉਸ ਦਾ ਇਹ ਅੰਦਾਜ਼ ਵੀ ਪਿਆਰਾ ਤੇ ਨਿਆਰਾ ਲੱਗਦਾ ਹੈ। ਉਹ ਵਿਦਵਾਨ ਪੰਡਿਤ ਹੈ। ਭਾਸ਼ਾ ਵਿਗਿਆਨੀ, ਕਈ ਲਿੱਪੀਆਂ ਤੇ ਬੋਲੀਆਂ ਦਾ ਵਾਕਫ਼। ਉਸ ਨੇ ਅਕੈਡਮਿਕ ਤਾਲੀਮ ਸਕੂਲਾਂ-ਕਾਲਜਾਂ ਵਿਚ ਦਾਖ਼ਲਾ ਲੈ ਕੇ ਹਾਸਲ ਨਹੀਂ ਕੀਤੀ ਸਗੋਂ ਤੁਰ ਫਿਰਕੇ ਵਾਇਆ ਬਠਿੰਡਾ ਐੱਮਏ, ਬੀਐੱਡ ਤਕ ਦੀਆਂ ਡਿਗਰੀਆਂ ਕੁੱਟੀ ਬੈਠਾ ਹੈ। ਉਰਦੂ ਦੀ ਅਦੀਬ, ਅਦੀਬ ਆਲਮ ਅਤੇ ਅਦੀਬ ਫਾਜ਼ਲ, ਪੰਜਾਬੀ ਦੀ ਵਿਦਵਾਨੀ, ਬੁੱਧੀਮਾਨੀ ਅਤੇ ਗਿਆਨੀ, ਹਿੰਦੀ ਦੀ ਰਤਨ, ਭੂਸ਼ਣ ਅਤੇ ਪ੍ਰਭਾਕਰ। ਅਲਾਹਾਬਾਦ ਯੂਨੀਵਰਸਿਟੀ ਤੋਂ ਧਰਮ ਰਤਨ ਅਤੇ ਆਯੁਰਵੈਦ ਦੀਆਂ ਪ੍ਰੀਖਿਆਵਾਂ ਵੀ ਪਾਸ ਕਰ ਰੱਖੀਆਂ ਹਨ।



ਉਨ੍ਹਾਂ ਦੇ ਪਿਤਾ ਪੰਡਤ ਅਮਰਨਾਥ ਰਤਨ ਆਪਣੇ ਵੇਲੇ ਦੇ ਮੰਨੇ-ਪ੍ਰਮੰਨੇ ਕਲਾਕਾਰ ਸਨ ਤੇ ਥੀਏਟਰ ਨਾਲ ਜੁੜੇ ਹੋਣ ਕਰਕੇ ਹਰ ਵਰ੍ਹੇ ਦੁਸਹਿਰੇ ਦੇ ਦਿਨਾਂ ਵੇਲੇ 'ਰਾਮ ਲੀਲਾ' ਵਿਚ ਵੀ ਕੰਮ ਕਰਿਆ ਕਰਦੇ ਸਨ। ਕਵਿਤਾਵਾਂ ਵੀ ਲਿਖਦੇ, ਕਥਾ ਵਾਚਕ, ਸੰਗੀਤ ਅਤੇ ਗਾਇਕੀ ਦੇ ਸ਼ੌਕ ਨੂੰ ਪਾਲ਼ਦੇ ਪ੍ਰੰਤੂ ਉਨ੍ਹਾਂ ਦੀ ਹਲਵਾਈ ਦੀ ਛੋਟੀ ਪਰ ਪ੍ਰਸਿੱਧ ਹੱਟੀ ਸੀ ਜਿਸ ਦੀ ਖੱਟੀ ਆਪਣੀ ਵੱਡੀ ਕਬੀਲਦਾਰੀ ਨੂੰ ਮਸਾਂ ਤੋਰਨ ਜੋਗੀ ਸੀ। ਪਿਤਾ ਚਾਹੁੰਦਾ ਸੀ ਕਿ ਉਸ ਦਾ ਪੁੱਤਰ ਵੀ ਪਿਤਾ-ਪੁਰਖ਼ੀ ਹਲਵਾਈ ਦੇ ਕਾਰੋਬਾਰ ਨੂੰ ਅੱਗੇ ਤੋਰੇ ਪਰ ਬਸੰਤ ਦਾ ਮਨ ਇਸ ਕਿੱਤੇ ਤੋਂ ਉਚਾਟ ਸੀ। ਪਿਤਾ ਨੇ ਆਪਣੇ ਪੁੱਤਰ ਦੀ ਮਾਨਸਿਕਤਾ ਨੂੰ ਵਰਗਲਾਉਣ ਲਈ ਸਿਖਾ ਕੇ ਭੇਜੇ ਜੋਤਸ਼ੀ ਮੂੰਹੋਂ ਵੀ ਕਹਾਇਆ ਕਿ ਬਸੰਤ ਨਾ ਹੀ ਤੇਰੇ ਕਰਮਾਂ ਵਿਚ ਪੜ੍ਹਾਈ ਹੈ ਅਤੇ ਨਾ ਹੀ ਸਰਕਾਰੀ ਨੌਕਰੀ ਪਰ ਉਸ ਜੋਤਸ਼ੀ ਤੋਂ ਵੀ ਰਤਨ ਦੀ ਮਨੋਵਿਗਿਆਨਤਾ ਛਲੀ ਨਹੀਂ ਜਾ ਸਕੀ ਤੇ ਉਸ ਨੇ ਉੱਚ ਦਰਜੇ ਦੀ ਪੜ੍ਹਾਈ ਕਰ ਕੇ ਅਧਿਆਪਕ ਦੀ ਸਰਕਾਰੀ ਨੌਕਰੀ ਲੈ ਕੇ ਹੀ ਦਮ ਲਿਆ।

ਬਸੰਤ ਕੁਮਾਰ ਰਤਨ ਸੁਲਝਿਆ ਨਾਵਲਕਾਰ, ਕਥਾ ਲੇਖਕ ਅਤੇ ਕਵੀ ਹੈ। ਉਸ ਦੀਆਂ ਰਚਨਾਵਾਂ ਪੜ੍ਹਕੇ ਹੈਰਾਨ ਹੋ ਜਾਈਦਾ ਕਿ ਉਹ ਐਨਾ ਕੁਝ ਕਿੱਥੋਂ ਤੇ ਕਿਵੇਂ ਸਿਖ ਗਿਆ। ਕਿਸੇ ਵਿਸ਼ਵਵਿਦਿਆਲੇ ਦਾ ਖੋਜੀ ਵਿਦਿਆਰਥੀ ਤਾਂ ਕਦੀ ਰਿਹਾ ਨਹੀਂ, ਸਾਡੇ ਵਰਗੇ ਹੀ ਵਿੱਦਿਅਕ ਮਾਹੌਲ ਵਿਚ ਪਲ਼ਿਆ ਤੇ ਸਾਡੇ ਵਰਗੀ ਤਾਲੀਮ ਉਸ ਨੇ ਹਾਸਲ ਕਰ ਰੱਖੀ ਹੈ ਫਿਰ ਉਸ ਦਾ ਦਿਮਾਗ਼ ਐਨਾ ਤੇਜ਼ ਤੇ ਉਪਜਾਊ ਕਿਵੇਂ ਬਣ ਗਿਆ। ਭਾਸ਼ਾ ਵਿਗਿਆਨੀਆਂ ਨੂੰ ਮਾਤ ਪਾਉਂਦਾ ਤੇ ਭਾਸ਼ਾਵਾਂ ਦੀਆਂ ਬਾਰੀਕੀਆਂ ਦਾ ਜਾਣਕਾਰ ਬਸੰਤ ਕਹਿੰਦਾ ਕਹਾਉਂਦਾ ਭਾਸ਼ਾਵਾਂ ਦਾ ਮਾਹਰ ਹੈ। ਐਡੀ ਅਕਲ ਦਾ ਮਾਲਕ ਲੇਖਕ ਪਤਾ ਨਹੀਂ ਕਿਉਂ ਮਧੋਲਿਆ ਪਿਆ ਹੈ।

ਉਰਦੂ, ਹਿੰਦੀ, ਪੰਜਾਬੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਨੂੰ ਤਹਿ ਤਕ ਜਾਣਦਾ ਹੈ। ਅੰਗਰੇਜ਼ੀ ਨੂੰ ਵੀ ਬਾਖ਼ੂਬੀ ਪਛਾਣਦਾ ਹੈ। ਸਾਹਿਤ ਦੇ ਖੇਤਰ ਵਿਚ ਵੀ ਆਪਣੇ ਸਮਕਾਲੀਆਂ ਦੇ ਹਾਣ ਦਾ ਹੈ। ਪਰ ਫਿਰ ਵੀ ਕਦੀ ਪੰਜਾਬੀ ਵਿਦਵਾਨਾਂ ਦੀ ਪਕੜ ਵਿਚ ਉਹ ਨਹੀਂ ਆਇਆ, ਉਨ੍ਹਾਂ ਇਸ ਨੂੰ ਸਾਹਿਤ ਵਿਚ ਗਿਠ-ਮੁੱਠੀਆ ਹੀ ਬਣਾ ਛੱਡਿਆ ਹੈ।

ਬਸੰਤ ਕੁਮਾਰ ਦੀ ਵਿਦਵਤਾ ਦਾ ਕਦਰਦਾਨ ਬਣਨ ਦਾ ਯਤਨ ਕਿਸੇ ਵੀ ਨਹੀਂ ਕੀਤਾ। ਇਸ ਵਿਚ ਉਸ ਦੇ ਸੰਗਾਊ ਸੁਭਾਅ ਅਤੇ ਛੁਪੇ ਰਹਿਣ ਦੀ ਚਾਹ ਦਾ ਵੀ ਕਸੂਰ ਹੈ, ਉਹ ਤਿਕੜਮਬਾਜ਼ ਨਹੀਂ। ਜੇ ਅਜਿਹਾ ਹੁੰਦਾ ਤਾਂ ਹੁਣ ਨੂੰ ਕਿਨੇ ਈ ਮਾਣ-ਸਨਮਾਨ ਮੁੱਛ ਲੈਂਦਾ ਪਰ ਉਸ ਨੂੰ ਤਾਂ ਅਜੇ ਤਕ ਕਿਸੇ ਸੰਸਥਾ ਨੇ ਨਿੱਕੇ ਮੋਟੇ ਸਨਮਾਨ ਨਾਲ ਵੀ ਨਹੀਂ ਨਿਵਾਜ਼ਿਆ। ਇਕ ਗੱਲ ਸਮਝੋਂ ਬਾਹਰ ਹੈ ਕਿ 1971 ਦੀ ਮਰਦਮਸ਼ੁਮਾਰੀ ਸਮੇਂ ਉਸ ਦੀ ਭੇਜੀ ਚੰਗੀ ਕਾਰਗੁਜ਼ਾਰੀ ਕਰਕੇ ਰਾਸ਼ਟਰਪਤੀ ਵੱਲੋਂ ਘੱਲੇ 'ਸਿਲਵਰ ਮੈਡਲ' ਨਾਲ ਸਰਕਾਰੀ ਤੌਰ 'ਤੇ ਕਿਵੇਂ ਸਨਮਾਨਤ ਕਰ ਦਿੱਤਾ। ਆਰੀਆ ਸਮਾਜ ਦੇ ਬਾਨੀ 'ਮਹਾਂਰਿਸ਼ੀ ਦਯਾਨੰਦ ਸਰਸਵਤੀ' ਦੇ ਜੀਵਨ ਅਤੇ ਉਸ ਦੀ ਵਿਚਾਰਧਾਰਾ ਨੂੰ ਪੇਸ਼ ਕਰਦਾ ਨਾਟਕ 'ਭਾਰਤ ਭਾਗਯ ਵਿਧਾਤਾ' ਹੁਣ ਤਕ ਲਿਖੀਆਂ ਉਨ੍ਹਾਂ ਦੀਆਂ ਜੀਵਨੀਆਂ ਨਾਲੋਂ ਕਿਤੇ ਉੱਤਮ ਅੰਦਾਜ਼ ਵਿਚ ਰਚਿਆ ਗਿਆ ਨਾਟਕ ਹੈ ਪਰ ਆਰੀਆ ਸਮਾਜੀਆਂ ਉਸ ਦੀ ਇਸ ਕਿਰਤ ਦੀ ਕਦਰ ਨਹੀਂ ਪਾਈ। ਉਹ ਸਾਹਿਤ ਆਚਾਰੀਆ ਹੈ, ਸਿੱਖਿਆ ਸ਼ਾਸਤਰੀ ਹੈ, ਸਾਹਿਤ ਦੀਆਂ ਕਈ ਵਿਧਾਵਾਂ ਤੇ ਅੱਧੀ ਦਰਜਨ ਤੋਂ ਵੱਧ ਕਿਤਾਬਾਂ ਛਪਵਾ ਚੁੱਕਿਆ ਹੈ ਪਰ ਉਹ ਗੋਦੜੀ ਦਾ ਲਾਲ ਰੂੜੀਆਂ ਤੇ ਹੀ ਰੁਲ਼ ਰਿਹਾ ਹੈ। ਜਾਗਦੀ ਜ਼ਮੀਰ ਵਾਲਾ ਬਸੰਤ ਕੁਮਾਰ ਮੁਫ਼ਲਿਸੀ ਵਿਚ ਹੀ ਗੁਜ਼ਾਰਾ ਕਰਨ ਨੂੰ ਤਰਜੀਹ ਦੇ ਰਿਹਾ ਹੈ। ਸੰਘਰਸ਼ਾਂ ਤੋਂ ਕੰਨੀਂ ਨਾ ਕੁਤਰਾਉਣ ਵਾਲਾ ਬਸੰਤ ਕੁਮਾਰ ਰਤਨ ਆਪਣੇ ਗ਼ੈਰਤਮੰਦ ਸੁਭਾਅ ਸਦਕਾ ਇਨਾਮਾਂ ਖਨਾਮਾ ਲਈ ਤਰਲੋ ਮੱਛੀ ਹੁੰਦਾ ਤਾਂ ਨਹੀਂ ਦੇਖਿਆ ਪਰ ਪਤਾ ਨਹੀਂ ਕਿਉਂ ਅਜੇ ਤਕ ਉਸ ਨੇ ਆਪਣੇ 'ਆਤਮ' 'ਤੇ 'ਵਿਸ਼ਵਾਸ' ਨਹੀਂ ਕੀਤਾ ਅਤੇ ਲਾਗੀ ਜਿਹਾ ਬਣਿਆ ਬੈਠਾ ਹੈ।

1964-65 ਵਿਚ ਜਦੋਂ ਮੈਂ ਆਪਣਾ ਜੱਦੀ ਪਿੰਡ ਟੂਸੇ ਛੱਡਕੇ ਤਪੇ ਆਇਆ ਤਾਂ ਬਸੰਤ ਕੁਮਾਰ ਰਤਨ ਉਨ੍ਹਾਂ ਦਿਨਾਂ ਵਿਚ ਕਿਸੇ ਸਕੂਲ ਵਿਚ ਸਰਕਾਰੀ ਮਾਸਟਰ ਲੱਗਿਆ ਹੋਇਆ ਸੀ। ਮੈਂ ਵੀ 1966 ਵਿਚ ਆਰੀਆ ਸਕੂਲ ਵਿਚ ਅਧਿਆਪਕ ਲੱਗ ਗਿਆ। ਉਨ੍ਹਾਂ ਦਿਨਾਂ ਵਿਚ ਸਾਡਾ ਸਕੂਲ ਸੱਭਿਆਚਾਰਕ ਅਤੇ ਸਾਹਿਤਕ ਸਰਗਰਮੀਆਂ ਦਾ ਕੇਂਦਰ ਹੁੰਦਾ ਸੀ ਇੱਥੇ ਵੱਡੇ-ਵੱਡੇ ਲੇਖਕ ਪੁੱਜਿਆ ਕਰਦੇ ਸਨ। ਉਨ੍ਹਾਂ ਵਿਚ ਬਸੰਤ ਕੁਮਾਰ ਰਤਨ ਵੀ ਹੁੰਦਾ। ਉਦੋਂ ਮੈਂ ਉਸ ਨੂੰ ਬਹੁਤਾ ਨੇੜਿਓਂ ਨਹੀਂ ਸੀ ਤੱਕਿਆ ਅਤੇ ਨਾ ਹੀ ਕਦੀ ਉਸ ਦੀਆਂ ਲਿਖਤਾਂ ਨੂੰ ਬਹੁਤਾ ਗੌਲਿਆ ਸੀ। ਉਹ ਵੀ ਸੰਗਾਊ ਜਿਹਾ ਹੈ ਤੇ ਮੇਰਾ ਸੁਭਾਅ ਤੇ ਆਦਤਾਂ ਵੀ ਥੋੜ੍ਹੀਆਂ ਬਹੁਤੀਆਂ ਉਸ ਨਾਲ ਮਿਲਦੀਆਂ ਜੁਲਦੀਆਂ ਹਨ, ਜਿਸ ਕਰਕੇ ਅਸੀਂ ਇਕ-ਦੂਜੇ ਦੇ ਅੰਦਰਲੇ ਭੇਤੀ ਨਹੀਂ ਬਣੇ।

ਬਸੰਤ ਕੁਮਾਰ ਰਤਨ ਬਹੁਪੱਖੀ ਪ੍ਰਤਿਭਾ ਦਾ ਮਾਲਕ ਹੈ। ਜੋ ਬੇਦਰਦ ਹਨੇਰੀਆਂ ਤੇ ਝੱਖੜਾਂ ਦਾ ਝੰਬਿਆ ਪਿਆ ਹੈ ਪਰ ਫਿਰ ਵੀ ਉਸ ਨੇ ਆਪੇ ਨੂੰ ਸੰਭਾਲਿਆ ਹੋਇਆ ਹੈ ਤੇ ਡੋਲਣ ਨਹੀਂ ਦਿੱਤਾ। ਉਸ ਦੇ ਨਾਵਲ ਬਿਸ਼ਨੀ, ਸੂਫ਼ ਦਾ ਘੱਗਰਾ, ਸੱਤ ਵਿੱਢਾ ਖੂਹ, ਰਾਤ ਦਾ ਕਿਨਾਰਾ ਅਤੇ ਨਿੱਕੀ ਝਨਾਂ ਵਰਗੇ ਪੰਜਾਬੀ ਨਾਵਲ ਸ਼ਾਹਕਾਰ ਹਨ। ਉਸ ਦਾ ਹਿੰਦੀ ਉਪਨਿਆਸ 'ਰੇਤ ਮੇ ਤੈਰਤੀ ਮਛਲੀਆਂ' ਅਤੇ ਸਵੈ ਜੀਵਨੀ 'ਕਾਫ਼ਰ' ਬੇਹਤਰੀਨ ਰਚਨਾਵਾਂ ਹਨ। •

---

## ਕਵਿਤਾਵਾਂ

### ਬਚਪਨ

ਚਿਰ ਹੋਇਆ ਮਾਂ ਨੂੰ ਮਿਲਿਆਂ
ਸੋਚਿਆ...
ਮਿਲ ਹੀ ਆਉਂਦੀ ਹਾਂ
ਪਹਿਲਾਂ ਦੱਸ ਕੇ ਨਹੀਂ ਜਾਣਾ
ਅਚੰਭਾ ਦੇਵਾਂਗੀ
ਦੱਬੇ ਪੈਰੀਂ ਜਾ ਖੋਲ੍ਹਦੀ ਹਾਂ ਬੂਹਾ
ਮੇਰੇ ਝਾਤ ਕਰਦਿਆਂ ਹੀ
ਮਾਂ ਦੇ ਹਾਸੇ ਕਿਲਕਾਰੀਆਂ ਨਾਲ
ਹੱਸਣ ਲੱਗੇ
ਬੂਹੇ ਬਾਰੀਆਂ
ਗੂੰਜ ਉੱਠਿਆ ਘਰ
ਮਾਂ ਚੁੰਮਦੀ ਹੈ ਮੇਰਾ ਮੱਥਾ
ਪਿਆਰਦੀ ਹੈ ਗੱਲ੍ਹਾਂ
ਪਲੋਸਦੀ ਹੈ ਸਿਰ
ਘੁੱਟ ਕੇ ਕਲਾਵੇ ਵਿਚ ਲੈ ਲੈਂਦੀ ਹੈ
ਠੀਕ ਉਸ ਤਰ੍ਹਾਂ
ਜਿਵੇਂ ਬਚਪਨ ਵਿਚ
ਮਿਲਦੀ ਸਾਂ ਮਾਂ ਨੂੰ
ਨੌਕਰੀ ਤੋਂ ਘਰ ਵਾਪਸ ਆਉਣ 'ਤੇ
ਸਮਾਂ ਕਿੰਜ ਕਰਵਟ ਬਦਲਦਾ ਹੈ
ਮਾਂ ਦੀਆਂ ਕਿਲਕਾਰੀਆਂ ਵਿੱਚੋਂ
ਮੈਨੂੰ ਆਪਣਾ ਬਚਪਨ ਨਜ਼ਰ ਆਇਆ...।



**ਜਸ ਪ੍ਰੀਤ**

### ਔਰਤ

ਚਾਨਣੀ ਰਾਤ ਵਿਚ
ਚੰਨ ਵੱਲ ਉਂਗਲ ਕਰ
ਮੇਰੇ ਵਲ ਵੇਖ
ਉਹ ਬੜੇ ਪਿਆਰ ਨਾਲ ਆਖਦਾ ਹੈ
ਕਿ ਇਸ ਚੰਨ ਨੂੰ ਮੈਂ
ਉਸ ਚੰਨ ਦੀ ਸੈਰ ਕਰਾਵਾਂਗਾ
ਤੇ ਮੈਂ
ਚੰਨ 'ਤੇ ਪੈਲ਼ਾਂ ਪਾਉਣ ਦੇ
ਸੁਪਨੇ ਵੇਖਣ ਲੱਗੀ ।
ਤੂੰ ਔਰਤ ਏ
ਔਰਤ ਬਣ ਕੇ ਰਹਿ
ਹੁਣ ਉਹ
ਪੈਰਾਂ 'ਚ ਪਾਈ ਜੁੱਤੀ ਵੱਲ
ਇਸ਼ਾਰਾ ਕਰ ਆਖਦਾ ਹੈ ।



**ਕਮਲ ਸੇਖੋਂ**

### ਬੋਲ ਸਮੇਂ ਦੇ ਰਾਜਿਆ

ਬੋਲ ਸਮੇਂ ਦੇ ਰਾਜਿਆ, ਕੀ ਤੇਰੀ ਸਰਕਾਰ।
ਚਾਰੇ ਪਾਸੇ ਵੇਖ ਲੈ ਮੱਚੀ ਹਾਹਾਕਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਗੱਦੀ ਮਿਲ ਗਈ ਭੁੱਲਿਆ ਕੀਤੇ ਕੌਲ ਕਰਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਦੇਣੀ ਕੀ ਸੀ ਨੌਕਰੀ ਖੋ ਲਏ ਨੇ ਰੁਜ਼ਗਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਕਿਰਤੀ ਜ਼ਹਿਰਾਂ ਪੀ ਰਹੇ ਵੇਖ ਭਰੇ ਅਖ਼ਬਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਦੇਸ਼ ਤਿਰੇ ਵਿਚ ਹੋ ਰਿਹਾ ਨਸ਼ਿਆਂ ਦਾ ਵਿਉਪਾਰ।

ਬੋਲ ਸਮੇਂ ਦੇ ਰਾਜਿਆ ਕੀ ਤੇਰੀ ਸਰਕਾਰ।
ਸੜਕਾਂ ਉੱਤੇ ਵੇਖ ਲੈ ਰੁਲਦੇ ਬੇਰੁਜ਼ਗਾਰ।



**ਜਗਤਾਰ ਪੱਖੋ**
9465196946

### ਤੁਫ਼ਾਨ ਦਾ ਮਿਜ਼ਾਜ

ਉਸ ਦਾ ਦਿਲ ਟੁੱਟਿਆ
ਜ਼ਰੂਰ ਹੋਵੇਗਾ।
ਜਦ ਤੂੰ ਉਹਦਾ ਸੁੱਟਿਆ
ਗੁਲਾਬ ਹੋਵੇਗਾ।

ਉਸ ਨੂੰ ਨਾ ਤੱਕਣਾ
ਸਿਰਫ਼ ਤੇਰੀ ਹੀ ਸੀ ਜ਼ਿੱਦ
ਉਸ ਜਾਣ ਲੱਗਿਆਂ ਤੈਨੂੰ
ਤੱਕਿਆ ਜ਼ਰੂਰ ਹੋਵੇਗਾ।

ਸ਼ਾਇਦ ਬਦਲ ਗਿਆ ਹੋਵੇ
ਹੁਣ ਤੁਫ਼ਾਨ ਦਾ ਮਿਜ਼ਾਜ
ਉਸ ਬਾਲ਼ ਦੀਵਾ ਫਿਰ ਤੋਂ
ਰੱਖਿਆ ਜ਼ਰੂਰ ਹੋਵੇਗਾ।

ਮੁਹੱਬਤ, ਵਫ਼ਾ, ਯਕੀਨ ਤੇ ਉਮੀਦ
ਸਿਰਫ਼ ਹਰਫ਼ਾਂ ਦਾ ਜੋੜ ਸੀ
ਇਹ ਸੱਚ ਜਾਣ ਉਹ ਮੇਰੇ 'ਤੇ
ਹੱਸਿਆ ਜ਼ਰੂਰ ਹੋਵੇਗਾ।



**ਡਾ. ਇੰਦਰਜੀਤ ਸਿੰਘ ਸੰਧੂ**
95011-05656

### ਦੁਖਾਂਤ

ਬੱਚੇ ਨੂੰ ਮਾਫ਼ ਕਰ ਸਕਦੇ ਹਾਂ
ਹਨੇਰੇ ਤੋਂ ਡਰਨ ਲਈ
ਪਰ ਦੁਖਾਂਤ ਹੈ
ਕਿਸੇ ਜਾਗੇ ਮਨੁੱਖ ਦਾ
ਰੋਸ਼ਨੀ ਤੋਂ ਡਰ ਜਾਣਾ।

ਅਸੀਂ ਮਾਫ਼ ਕਰ ਸਕਦੇ ਹਾਂ
ਲਾਪਰਵਾਹ ਲੋਕਾਂ 'ਤੇ ਹੁੰਦੇ ਸ਼ੋਸ਼ਣ ਨੂੰ
ਪਰ ਦੁਖਾਂਤ ਹੈ
ਵਿਦਵਾਨਾਂ ਦਾ ਚੁੱਪ ਰਹਿਣਾ
ਉਨ੍ਹਾਂ ਦੀ ਜ਼ਮੀਰ ਦਾ ਮਰ ਜਾਣਾ।

ਅਕਸਰ ਦੇਖਿਆ ਹੈ
ਕਿਰਤੀਆਂ ਨੂੰ ਭੁੱਖੇ ਪਿਆਸੇ
ਖ਼ੁਦਕੁਸ਼ੀਆਂ ਕਰਦੇ, ਫਾਹੇ ਲੈਂਦੇ
ਪਰ ਦੁਖਾਂਤ ਹੈ
ਨੇਤਾਵਾਂ ਦੇ ਲਾਰਿਆਂ ਦਾ ਜਿੱਤਣਾ
ਤੇ ਕਿਰਤੀਆਂ ਦੇ ਹਉਕਿਆਂ ਦਾ ਹਰ ਜਾਣਾ।

ਵਿੱਦਿਆ ਉਹ ਹੈ
ਜੋ ਸੋਚਣਾ, ਜਾਚਣਾ, ਪਰਖ਼ਣਾ ਸਿਖਾਏ
ਪਰਉਪਕਾਰੀ ਹੋ
ਅਗਿਆਨਤਾ ਦੇ ਹਨੇਰੇ ਨੂੰ ਭਜਾਏ
ਪਰ ਦੁਖਾਂਤ ਹੈ
ਵਿਚਾਰੀ ਵਿੱਦਿਆ ਦਾ ਵਪਾਰ ਬਣ ਜਾਣਾ।
ਸਭ ਤੋਂ ਵੱਡਾ ਦੁੱਖਾਂਤ ਹੈ
ਕਿਸੇ ਜਾਗੇ ਮਨੁੱਖ ਦਾ
ਰੋਸ਼ਨੀ ਤੋਂ ਡਰ ਜਾਣਾ।

**• ਦਿਲਰਾਜ ਸਿੰਘ ਬਾਜਵਾ**
95015-26264

---

ਕਹਾਣੀ

# ਲਕਸ਼ਮੀ

*ਜਗਸੀਰ ਜਿੰਨੀ ਫੁਰਤੀ ਨਾਲ ਡਾਕਟਰ ਦੇ ਕੈਬਿਨ ਵੱਲ ਦੌੜਿਆ ਸੀ ਓਨੇ ਹੀ ਹੌਲੀ ਕਦਮਾਂ ਨਾਲ ਵਾਪਸ ਮੁੜ ਆਇਆ। ਦਵਾਈ ਮਿਲ ਜਾਣ ਦੀ ਆਸ 'ਚ ਔਰਤ ਨੇ ਮੁੜੇ ਆਉਂਦੇ ਜਗਸੀਰ ਨੂੰ ਪਰਚੀ ਫੜਾਉਂਦਿਆਂ ਆਖਿਆ, "ਲੈ ਮੇਰਾ ਵੀਰ ਹੁਣ ਡਾਕਟਰ ਨੂੰ ਦਿਖਾਕੇ ਦਵਾਈ ਵੀ ਦਵਾ ਦੇ, ਰੱਬ ਤੇਰੀ ਹਰ ਮੁਰਾਦ ਪੂਰੀ ਕਰੂ"...*



**ਰੋਹਿਤ ਸੋਨੀ ਸਾਦਿਕ**
*92574-01900*



ਦੀਵਾਲੀ ਵਾਲੀ ਰਾਤ ਸੀ। ਮੱਸਿਆ ਹੋਣ ਕਾਰਨ ਚੰਨ ਵੀ ਨਹੀਂ ਸੀ ਚੜ੍ਹਿਆ ਜਿਸ ਕਾਰਨ ਆਸਮਾਨ ਵਿਚ ਹਨੇਰਾ ਸੀ ਪਰ ਚਾਰੇ ਪਾਸੇ ਘਰਾਂ 'ਚ ਲੱਗੀਆਂ ਲੜੀਆਂ, ਜਗ ਰਹੇ ਦੀਵਿਆਂ ਨੇ ਸ਼ਹਿਰ ਵਿਚ ਚਾਨਣ ਹੀ ਚਾਨਣ ਕੀਤਾ ਹੋਇਆ ਸੀ। ਪਟਾਕਿਆਂ ਦੀ ਅਵਾਜ਼ ਸਾਰੇ ਆਸਮਾਨ 'ਚ ਗੂੰਜ ਰਹੀ ਸੀ। ਰਾਤ ਸਾਢੇ ਕੁ ਅੱਠ ਵਜੇ ਨਿੱਕੇ ਜਿਹੇ ਕਸਬੇ ਵਿਚ ਬਣੇ ਹਸਪਤਾਲ ਦੇ ਕੰਪਾਊਡਰ ਤੋਂ ਪਰਚੀ ਕਟਵਾ ਕੇ ਕੈਬਿਨ 'ਚ ਡਾਕਟਰ ਕੋਲ ਬੈਠ ਜਗਸੀਰ ਨੇ ਆਪਣੀ ਤਕਲੀਫ਼ ਦੱਸਦਿਆਂ ਕਿਹਾ, "ਡਾ. ਸਾਹਿਬ ਕੱਲ੍ਹ ਦਾ ਖੰਘ, ਜ਼ੁਕਾਮ ਹੋਇਆ ਹੈ, ਸਾਹ ਵੀ ਔਖਾ ਜਿਹਾ ਆਉਂਦੈ"।

ਸਟੈਥੋਸਕੋਪ ਨਾਲ ਜਗਸੀਰ ਦੀ ਛਾਤੀ ਚੈੱਕ ਕਰਦਿਆਂ ਡਾਕਟਰ ਕਹਿਣ ਲੱਗਾ "ਕੋਈ ਗੱਲ ਨਹੀਂ ਇਨ੍ਹਾਂ ਦਿਨਾਂ ਵਿਚ ਪ੍ਰਦੂਸ਼ਣ ਜ਼ਿਆਦਾ ਹੁੰਦਾ ਹੈ, ਜਿਸ ਕਰਕੇ ਇਹ ਤਕਲੀਫ਼ ਹਰ ਇਕ ਨੂੰ ਹੋਈ ਪਈ ਹੈ, ਮੈਂ ਕੁਝ ਦਵਾਈ ਦੇ ਦਿੰਦਾ ਹਾਂ, ਇਕ ਖ਼ੁਰਾਕ ਹੁਣ ਲੈ ਲਵੀਂ, ਤੇਰੀ ਰਾਤ ਸੌਖੀ ਲੰਘ ਜਾਊ ਪਰ ਸਵੇਰੇ ਆ ਜਾਵੀਂ ਟੀਕਾ ਲਾਉਣਾ ਪੈਣਾ, ਫਿਰ ਠੀਕ ਹੋਊ"। ਡਾਕਟਰ ਨੇ ਜਲਦੀ ਨਾਲ ਡੱਬੇ 'ਚੋਂ ਤਿੰਨ ਚਾਰ ਗੋਲੀਆਂ ਦਿੰਦਿਆਂ ਜਗਸੀਰ ਨੂੰ ਆਖਿਆ।

"ਡਾ. ਸਾਹਿਬ ਜੇ ਟੀਕਾ ਲਾਉਣਾ ਹੀ ਹੈ ਤਾਂ ਹੁਣੇ ਲਾ ਦਿਉ, ਸਵੇਰ ਤਕ ਕੁਝ ਠੀਕ ਹੋ ਜਾਵਾਂਗਾ"। ਜਗਸੀਰ ਨੇ ਆਪਣੀ ਤਕਲੀਫ਼ ਮਹਿਸੂਸ ਕਰਦਿਆਂ ਆਖਿਆ। "ਨਹੀਂ ਹੁਣ ਨਹੀਂ, ਅੱਜ ਮੈਂ ਘਰੇ ਜਲਦੀ ਜਾਣਾ ਹੈ, ਲਕਸ਼ਮੀ ਦੀ ਪੂਜਾ ਕਰਨੀ ਹੈ। ਮੈਂ ਲੇਟ ਹੋ ਗਿਆ ਪਹਿਲਾਂ ਹੀ, ਨਹੀਂ ਤਾਂ ਹੁਣੇ ਲਾ ਦੇਣਾ ਸੀ। ਤੂੰ ਸਵੇਰੇ ਆ ਜਾਵੀਂ"। ਡਾਕਟਰ ਨੇ ਅੱਜ ਜਲਦੀ ਘਰ ਜਾਣ ਦਾ ਕਾਰਨ ਦੱਸਦਿਆਂ ਆਖਿਆ।

ਜਗਸੀਰ ਦਵਾਈ ਲੈ ਕੇ ਅਜੇ ਉੱਠਿਆ ਹੀ ਸੀ ਕਿ ਏਨੇ ਨੂੰ ਇਕ ਗ਼ਰੀਬ ਜਿਹੀ ਔਰਤ ਇਕ ਚਾਰ ਕੁ ਸਾਲਾਂ ਦੀ ਕੁੜੀ ਨੂੰ ਕੁੱਛੜ ਚੁੱਕੀ ਹਸਪਤਾਲ ਵਿਚ ਆਣ ਵੜੀ। ਜਿਸ ਨੂੰ ਸ਼ੀਸ਼ੇ ਵਿੱਚੋਂ ਦੇਖਦਿਆਂ ਹੀ ਡਾਕਟਰ ਮੂੰਹ ਵਿਚ ਬੁੜਬੁੜਾ ਕੇ ਬੋਲਿਆ, "ਲੈ ਫਿਰ ਆ ਗਈ ਇਹ, ਕਿੰਨੀ ਵਾਰ ਸਮਝਾਇਆ ਪਰ ਇਹ ਲੋਕ ਕਿੱਥੇ ਮੰਨਦੇ ਨੇ? ਹੁਣ ਇਨ੍ਹੇ ਦਿਮਾਗ਼ ਖਾ ਜਾਣਾ। ' ਬੁੜਬੁੜ ਕਰਦਾ ਡਾਕਟਰ ਆਪਣੀ ਕੁਰਸੀ ਤੋਂ ਉੱਠ ਖਲੋਤਾ ਤੇ ਜਗਸੀਰ ਵੀ ਡਾਕਟਰ ਦੇ ਕੈਬਿਨ 'ਚੋਂ ਬਾਹਰ ਆ ਗਿਆ।

"ਤੂੰ ਫਿਰ ਆ ਗਈ ਏਂ, ਤੈਨੂੰ ਕਿਹਾ ਬਈ ਜੇ ਦਵਾਈ ਲੈਣੀ ਆ ਤਾਂ ਪੈਸੇ ਲੈ ਕੇ ਆ, ਬਿਨਾਂ ਪੈਸਿਆਂ ਤੋਂ ਦਵਾਈ ਨਹੀਂ ਮਿਲਣੀ, ਡਾਕਟਰ ਸਾਹਿਬ ਨੇ ਮਨ੍ਹਾ ਕੀਤਾ ਹੋਇਆ"। ਡਾਕਟਰ ਦੇ ਕੰਪਾਊਡਰ ਨੇ ਔਰਤ ਨੂੰ ਵਰਜਦਿਆਂ ਬਾਹਰ ਜਾਣ ਲਈ ਕਿਹਾ। "ਨਾ ਮੇਰਾ ਵੀਰ ਇੰਜ ਨਾ ਕਰ, ਮੇਰੀ ਕੁੜੀ ਨੂੰ ਬਹੁਤ ਜ਼ਿਆਦਾ ਬੁਖ਼ਾਰ ਹੈ, ਮੈਂ ਥੋਡੀ ਪਰਚੀ ਤੇ ਦਵਾਈ ਦੇ ਪੈਸੇ ਸਵੇਰੇ ਦੇ ਦੇਊਂ, ਮੇਰੀ ਬੱਚੀ ਨੂੰ ਦਵਾਈ ਦੇ ਦਿਉ, ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ। ਪਰਮਾਤਮਾ ਥੋਨੂੰ ਬਾਹਲਾ-ਬਾਹਲਾ ਦਊ"। ਪੈਸੇ ਨਾ ਹੋਣ ਕਾਰਨ ਆਪਣੀ ਬੱਚੀ ਦੀ ਦਵਾਈ ਲਈ ਕੰਪਾਊਡਰ ਦੇ ਮਿੰਨਤਾਂ ਤਰਲੇ ਕਰ ਰਹੀ ਔਰਤ ਨੇ ਜਗਸੀਰ ਨੂੰ ਬਾਹਰ ਆਉਂਦਿਆਂ ਦੇਖਿਆ ਤਾਂ ਉਹ ਉਹਦੀਆਂ ਵੀ ਮਿੰਨਤਾਂ ਕਰਦਿਆਂ ਆਖਣ ਲੱਗੀ, "ਮੇਰੀ ਧੀ ਨੂੰ ਦਵਾਈ ਦਵਾ ਦੇ ਮੇਰਾ ਵੀਰ, ਵੇਖ ਕਿਵੇਂ ਬੁਖ਼ਾਰ ਨਾਲ ਤਪ ਰਹੀ ਆ, ਮਾਹਰਾਜ ਤੇਰੀ ਉਮਰ ਲੰਮੀ ਕਰੂ। ਤੇਰੇ ਬੱਚੇ ਜੀਣਗੇ"।

ਜਗਸੀਰ ਨੂੰ ਕੁਝ ਸਮਝ ਨਾ ਆਇਆ ਤਾਂ ਉਹਨੇ ਕੰਪਾਊਡਰ ਵੱਲ ਸਵਾਲੀਆ ਨਿਗਾਹ ਨਾਲ ਵੇਖਿਆ ਤਾਂ ਕੰਪਾਊਡਰ ਨੇ ਦੱਸਿਆ ਕਿ ਇਹਦੀ ਕੁੜੀ ਨੂੰ ਬੁਖ਼ਾਰ ਹੈ ਪਰ ਇਸ ਕੋਲ ਦਵਾਈ ਤੇ ਪਰਚੀ ਕਟਵਾਉਣ ਲਈ ਪੈਸੇ ਨਹੀਂ ਹਨ। ਮੈਂ ਡਾਕਟਰ ਨੂੰ ਵੀ ਪੁੱਛਿਆ ਸੀ, ਉਨ੍ਹਾਂ ਵੀ ਬਿਨਾਂ ਪਰਚੀ ਕਟਵਾਏ ਦਵਾਈ ਦੇਣ ਤੋਂ ਮਨ੍ਹਾ ਕਰ ਦਿੱਤਾ। ਇਸ ਲਈ ਮੈਂ ਇਸ ਨੂੰ ਅੰਦਰ ਨਹੀਂ ਜਾਣ ਦੇ ਸਕਦਾ"। ਕੰਪਾਊਡਰ ਨੇ ਆਪਣੀ ਮਜਬੂਰੀ ਦੱਸਦਿਆਂ ਜਗਸੀਰ ਨੂੰ ਸਾਰੀ ਗੱਲ ਦੱਸੀ। ਜਗਸੀਰ ਨੇ ਗ਼ਰੀਬ ਮਾਂ ਦੀ ਕੁੱਛੜ ਚੁੱਕੀ ਨਿੱਕੀ ਬਾਲੜੀ ਦੀ ਬਾਂਹ ਫੜ੍ਹਕੇ ਦੇਖਿਆ ਤਾਂ ਉਸ ਨੂੰ ਸੱਚਮੁੱਚ ਹੀ ਬਹੁਤ ਤੇਜ਼ ਬਖ਼ਾਰ ਸੀ ਤੇ ਉਹ ਬੇਸੁਰਤ ਆਪਣੀ ਮਾਂ ਦੇ ਮੋਢੇ ਨਾਲ ਲੱਗੀ ਹੋਈ ਸੀ। ਜਗਸੀਰ ਨੇ ਬਿਨਾਂ ਕਿਸੇ ਦੇਰੀ ਦੇ ਆਪਣੀ ਜੇਬ 'ਚੋਂ ਸੌ ਦਾ ਨੋਟ ਕੱਢ ਕੇ ਕੰਪਾਊਡਰ ਨੂੰ ਦਿੰਦਿਆਂ ਕਿਹਾ, "ਤੂੰ ਇਨ੍ਹਾਂ ਦੀ ਪਰਚੀ ਕੱਟ, ਮੈਂ ਡਾਕਟਰ ਸਾਹਿਬ ਨੂੰ ਰੋਕਦਾ, ਉਨ੍ਹਾਂ ਨੇ ਘਰ ਲਕਸ਼ਮੀ ਪੂਜਾ ਲਈ ਜਾਣਾ ਸੀ, ਕਿਤੇ ਚਲੇ ਹੀ ਨਾ ਜਾਣ"।

ਜਗਸੀਰ ਜਿੰਨੀ ਫੁਰਤੀ ਨਾਲ ਡਾਕਟਰ ਦੇ ਕੈਬਿਨ ਵੱਲ ਦੌੜਿਆ ਸੀ ਓਨੇ ਹੀ ਹੌਲੀ ਕਦਮਾਂ ਨਾਲ ਵਾਪਸ ਮੁੜ ਆਇਆ। ਦਵਾਈ ਮਿਲ ਜਾਣ ਦੀ ਆਸ 'ਚ ਔਰਤ ਨੇ ਮੁੜੇ ਆਉਂਦੇ ਜਗਸੀਰ ਨੂੰ ਪਰਚੀ ਫੜਾਉਂਦਿਆਂ ਆਖਿਆ, "ਲੈ ਮੇਰਾ ਵੀਰ ਹੁਣ ਡਾਕਟਰ ਨੂੰ ਦਿਖਾਕੇ ਦਵਾਈ ਵੀ ਦਵਾ ਦੇ, ਰੱਬ ਤੇਰੀ ਹਰ ਮੁਰਾਦ ਪੂਰੀ ਕਰੂ"।

ਜਗਸੀਰ ਨੇ ਦੁਆਵਾਂ ਦਿੰਦੀ ਉਸ ਗ਼ਰੀਬ ਤੇ ਲਾਚਾਰ ਮਾਂ ਤੋਂ ਪਰਚੀ ਫੜਦਿਆਂ ਨਿਰਾਸ਼ ਨਿਗਾਹਾਂ ਨਾਲ ਪਹਿਲਾਂ ਉਸ ਔਰਤ ਵੱਲ ਵੇਖਿਆ ਤੇ ਫਿਰ ਉਸ ਦੀ ਨਿਗ੍ਹਾ ਜਿਉਂ ਹੀ ਹੱਥ ਵਿਚ ਫੜੀ ਪਰਚੀ 'ਤੇ ਪਈ ਤਾਂ ਉਸ ਉੱਤੇ ਬਿਮਾਰ ਕੁੜੀ ਦਾ ਨਾਂ ਲਿਖਿਆ ਸੀ, 'ਲਕਸ਼ਮੀ' । ਪਰ ਡਾ. ਸਾਹਿਬ ਤਾਂ ਆਪਣੀ ਕਾਰ 'ਚ ਬੈਠ ਕੇ ਲਕਸ਼ਮੀ ਦੀ ਪੂਜਾ ਲਈ ਕਿਤੇ ਹੋਰ ਹੀ ਜਾ ਚੁੱਕੇ ਸਨ। •

---

ਮਿੰਨੀ ਕਹਾਣੀਆਂ

## ਗੱਲੀਂ ਬਾਤੀਂ ਮਹਾਨ

ਦੀਪਾ ਪਿੰਡ ਦੀ ਪੰਚਾਇਤ ਦਾ ਸਿਰਕੱਢ ਮੈਂਬਰ ਸੀ। ਸਾਰੇ ਪਿੰਡ ਵਿਚ ਉਸ ਦਾ ਚੰਗਾ ਮਾਣ- ਸਤਿਕਾਰ ਸੀ। ਆਪਣੀਆਂ ਗੱਲਾਂ ਨਾਲ ਠੱਗਣਾ ਦੀਪੇ ਦੀ ਕਾਬਲੀਅਤ ਸੀ । ਕੁਝ ਲੋਕ ਤਾਂ ਉਸ ਨੂੰ 'ਗਿਆਨੀ ਜੀ' ਆਖ ਬੁਲਾਉਂਦੇ । ਅੱਜ ਦੀਪੇ ਨੇ ਆਪਣੇ ਪਿੰਡ ਵਿਚ ਹੋਏ ਪ੍ਰੋਗਰਾਮ 'ਇਸਤਰੀ ਦਾ ਸਤਿਕਾਰ ਕਰੋ' ਵਿਚ ਬਹੁਤ ਹੀ ਸੋਹਣਾ ਭਾਸ਼ਣ ਦਿੱਤਾ।

ਭਾਸ਼ਣ ਤੋਂ ਬਾਅਦ ਜਦੋਂ ਦੀਪਾ ਘਰ ਆਇਆ ਤਾਂ ਉਸ ਦੀ ਘਰ ਵਾਲੀ ਨੇ ਬੜੇ ਪਿਆਰ ਨਾਲ ਰੋਟੀ ਪਾ ਕੇ ਉਸ ਦੇ ਅੱਗੇ ਰੱਖੀ ਪਰ ਸਬਜ਼ੀ ਵਿਚ ਨਮਕ ਥੋੜ੍ਹਾ ਜ਼ਿਆਦਾ ਹੋਣ ਕਾਰਨ ਦੀਪੇ ਨੇ ਗੁੱਸੇ 'ਚ ਆ ਥਾਲ਼ੀ ਚੁੱਕ ਕੇ ਪਰਾ ਸੁੱਟ ਦਿਆਂ ਕਿਹਾ, "ਤੇਰੀ ਮਾਂ ਨੇ ਤੈਨੂੰ ਸਬਜ਼ੀ ਬਣਾਉਣੀ ਨਹੀਂ ਸਿਖਾਈ"। ਸਾਡੇ ਘਰ ਵੱਡੇ ਲੋਕਾਂ ਦਾ ਆਉਣਾ ਜਾਣਾ ਰਹਿੰਦਾ ਹੈ। ਕੰਮ ਤਾਂ ਚੱਜ ਨਾਲ ਕਰਨਾ ਸਿੱਖ ਲੈ"!!!



**• ਕਿਰਨਪ੍ਰੀਤ ਕੌਰ**
0068864013133

## ਸਤੌਲ਼



ਗਰਮੀਆਂ ਦੀਆਂ ਛੁੱਟੀਆਂ ਹੋਣ ਪਿੱਛੋਂ ਸ਼ਿੰਦਰ ਨੇ ਆਪਣੇ ਦੋਵੇਂ ਬੱਚਿਆਂ ਨੂੰ ਕਿਹਾ ਕਿ 'ਜਿੱਦਣ ਤੁਸੀਂ ਛੁੱਟੀਆਂ ਦਾ ਕੰਮ ਪੂਰਾ ਕਰ ਲਿਆ ਉੱਦਣ ਹੀ ਮੈਂ ਥੋਨੂੰ ਨਾਨਕੇ ਘਰ ਭੇਜ ਦੇਊਂ" । ਇਹ ਸੁਣਦੇ ਹੀ ਬੱਚਿਆਂ ਦੇ ਚਿਹਰੇ ਫੁੱਲਾਂ ਵਾਂਗ ਖਿੜ ਗਏ । ਉਨ੍ਹਾਂ ਨੂੰ ਚਾਂਈ- ਚਾਂਈ ਸਕੂਲ ਦਾ ਕੰਮ ਕਰਦੇ ਵੇਖ ਸ਼ਿੰਦਰ ਦਾ ਪਤੀ ਬੋਲਿਆ, "ਸ਼ਿੰਦਰ! ਆਹ ਅੱਜ ਕਿਵੇਂ ਚੁੱਪ-ਚਾਪ ਕੰਮ ਕਰੀ ਜਾਂਦੇ ਐ, ਕੀ ਲਾਲਚ ਦੇ ਤਾ ਐਹੋ ਜਿਹਾ ਤੈਂ, ਕਮਾਲ ਈ ਹੋਈ ਪਈ ਐ ਐਹ ਤਾਂ"।

ਇਹ ਸੁਣਕੇ ਸ਼ਿੰਦਰ ਆਖਣ ਲੱਗੀ, "ਮਾਮੇ ਪਿੰਡ ਜਾਣਾ, ਤਾਹੀਂਓ ਫੁੱਲੇ ਨੀਂ ਸਮਾਉਂਦੇ। ਨਾਨਕੇ ਘਰ ਜਾਣ ਦਾ ਕੀਹਨੂੰ ਨੀਂ ਚਾਅ ਹੁੰਦੈ"।

ਛੁੱਟੀਆਂ ਦਾ ਕੰਮ ਮੁਕਾ ਕੇ ਬੱਚੇ ਆਪਣੇ ਮਾਮੇ ਨਾਲ ਖ਼ੁਸ਼ੀ-ਖ਼ੁਸ਼ੀ ਨਾਨਕੇ ਚਲੇ ਗਏ। ਕੁਝ ਕੁ ਦਿਨਾਂ ਮਗਰੋਂ ਜਦੋਂ ਉਹਦੀ ਨਣਦ ਆਪਣੇ ਬੱਚੇ ਲੈ ਕੇ ਪੇਕੇ ਆਈ ਤਾਂ ਸ਼ਿੰਦਰ ਮੱਥੇ ਤਿਉੜੀ ਪਾ ਕੇ ਬੋਲੀ, "ਆਹੀਓ ਤਾਂ ਦੋ ਦਿਨ ਆਰਾਮ ਕਰਨ ਦੇ ਸੀ, ਹੁਣ ਔਹ ਆ ਗਈ ਐ ਸਤੌਲ਼ ਲੈ ਕੇ"।

**• ਮਾ. ਸੁਖਵਿੰਦਰ ਦਾਨਗੜ੍ਹ,** 94171 80205

---

**• ਹਾਕਮ ਸਿੰਘ ਮੀਤ**

## ਅਣਮੁੱਲੇ ਹੰਝੂ

ਅੱਜ ਮਹਿਲਾ ਦਿਵਸ ਸੀ ਜਗ੍ਹਾ ਜਗ੍ਹਾ ਮਹਿਲਾ ਕਲਿਆਣ ਦੇ ਪ੍ਰੋਗਰਾਮ ਹੋ ਰਹੇ ਸਨ। ਸਵੇਰ ਦੇ ਨੌਂ ਕੁ ਵਜੇ ਦਾ ਟਾਈਮ ਸੀ ਇਕ ਭਿਖਾਰਣ ਔਰਤ ਆਪਣੇ ਬੱਚੇ ਸਮੇਤ ਬਜ਼ਾਰ ਵਿੱਚੋਂ ਗੁਜ਼ਰ ਰਹੀ ਸੀ ਤਾਂ ਕੀ ਦੇਖ ਦੀ ਹੈ ਟੀਵੀ ਵਾਲੀਆਂ ਦੁਕਾਨਾਂ ਤੇ ਟੀਵੀ ਬਾਹਰ ਕੱਢਕੇ ਲਗਾਏ ਹੋਏ ਸਨ।

ਭਿਖਾਰਣ ਔਰਤ ਆਪਣੇ ਬੱਚੇ ਸਮੇਤ ਇਕ ਦੁਕਾਨ ਅੱਗੇ ਖੜ੍ਹਕੇ ਟੀਵੀ ਦੇਖਣ ਲੱਗੀ ਜਿਸ ਵਿਚ ਮਹਿਲਾ ਦਿਵਸ ਦਾ ਪ੍ਰੋਗਰਾਮ ਚੱਲ ਰਿਹਾ ਸੀ। ਮੰਤਰੀ ਜੀ ਭਾਸ਼ਣ ਦਿੰਦੇ ਕਹਿ ਰਹੇ ਸਨ ਕਿ 'ਔਰਤ ਜਗ ਦੀ ਜਣਨੀ ਹੈ। ਔਰਤ ਮਰਦ ਦੇ ਸਿਰ ਦਾ ਤਾਜ ਹੈ। ਆਓ ਸਾਰੇ ਆਪਾਂ ਹਰ ਇਕ ਔਰਤ ਨੂੰ ਸਤਿਕਾਰੀਏ ਅਤੇ ਉਸ ਦੀ ਇੱਜ਼ਤ ਕਰਨਾ ਸਿੱਖੀਏ' ਇਹ ਦੇਖਕੇ ਉਸ ਭਿਖਾਰਣ ਔਰਤ ਸੋਚਣ ਲੱਗੀ ਕਿ ਕਦੇ ਝੌਂਪੜੀਆਂ ਵਿਚ ਰਹਿਣ ਵਾਲੀਆਂ ਔਰਤਾਂ ਦਾ ਵੀ ਸਤਿਕਾਰ ਹੋਵੇਗਾ। ਕੀ ਕਦੇ ਸਾਡੀ ਭੁੱਖ ਮਰੀ ਖ਼ਤਮ ਹੋਵੇਗੀ'। ਉਦੋਂ ਹੀ ਦੁਕਾਨਦਾਰ ਗੁੱਸੇ ਨਾਲ ਬਾਹਰ ਆਇਆ, ਭਿਖਾਰਣ ਨੂੰ ਗੁੱਤ ਤੋਂ ਫੜਕੇ ਹਲੂਣਿਆਂ ਅਤੇ ਕਹਿਣ ਲੱਗਾ, 'ਸਵੇਰੇ ਸਵੇਰੇ ਗਾਹਕਾਂ ਦਾ ਟਾਈਮ ਹੁੰਦਾ, ਹਰ ਰੋਜ਼ ਤੂੰ ਦੁਕਾਨ ਦੇ ਮੂਹਰੇ ਆ ਕੇ ਖੜ੍ਹੀ ਹੋ ਜਾਂਦੀ ਏਂ'। ਇਹ ਕਹਿ ਕੇ ਦੁਕਾਨਦਾਰ ਨੇ ਉਸ ਨੂੰ ਅੱਗੇ ਧਕੇਲ ਦਿੱਤਾ। ਭਿਖਾਰਣ ਔਰਤ ਆਪਣੀਆਂ ਅੱਖਾਂ 'ਚੋਂ ਸਮੁੰਦਰ ਦੀਆਂ ਛੱਲਾਂ ਦੀ ਤਰ੍ਹਾਂ ਅਣਮੁੱਲੇ ਹੰਝੂ ਵਹਾਉਂਦੀ ਆਪਣੇ ਬੱਚੇ ਸਮੇਤ ਕੁਝ ਸੋਚਦੀ-ਸੋਚਦੀ ਅੱਗੇ ਤੁਰ ਪਈ ਸੀ। •





# ਸ਼ਰੋਮਣੀ ਕਮੇਟੀ ਵੱਲੋਂ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਏ ਭੋਗ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ

ਕੌਮੀ ਪਤ੍ਰਿਕਾ

ਕ੍ਰਿਸ਼ਨ ਸਿੰਘ ਦੁਸਾਂਝ

ਅੰਮ੍ਰਿਤਸਰ, 26 ਫ਼ਰਵਰੀ- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੋ ਬੀਤੇ ਸਮੇਂ ਕੈਨੇਡਾ ਵਿਖੇ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੀ ਯਾਦ 'ਚ ਅੱਜ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ, ਸੀਨੀਅਰ ਅਕਾਲੀ ਆਗੂ ਸ. ਮਹੇਸ਼ਇੰਦਰ ਸਿੰਘ ਗਰੇਵਾਲ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਪਰਿਵਾਰਕ ਮੈਂਬਰ ਮੌਜੂਦ ਸਨ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਕੁਹਾੜਕਾ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਗਿਆਨੀ ਬਲਜੀਤ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਸੰਬੋਧਨ ਕਰਦਿਆਂ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੰਮਾ ਸਮਾਂ ਸੇਵਾ ਨਿਭਾਉਂਦਿਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਣਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਦੀ ਰਹਿਣੀ ਤੇ ਕਥਨੀ ਇਕ ਹੋ ਜਾਵੇ ਇਹ ਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ। ਗਿਆਨੀ ਮੋਹਣ ਸਿੰਘ ਦੇ ਜੀਵਨ ਵਿੱਚੋਂ ਇਸ ਦੀ ਝਲਕ ਹਮੇਸ਼ਾ ਝਲਕਦੀ ਰਹੀ। ਉਨ੍ਹਾਂ ਨੇ ਆਪਣੀ ਰਿਹਾਇਸ਼ ਵੀ ਗੁਰੂ ਘਰ ਦੇ ਨਾਂ ਲਗਵਾ ਕੇ ਸੰਗਤ ਲਈ ਵੱਡੀ ਪ੍ਰੇਰਣਾ ਬਣੇ। ਐਡਵੋਕੇਟ ਧਾਮੀ ਨੇ ਜਿਥੇ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਏ ਜਾਣ ਬਾਰੇ ਆਖਿਆ, ਉਥੇ ਹੀ ਉਨ੍ਹਾਂ ਦੇ ਜੀਵਨ ਬਾਰੇ ਇਕ ਕਿਤਾਬਚਾ ਵੀ ਛਾਪੇ ਦੀ ਗੱਲ ਕਹੀ। ਐਡਵੋਕੇਟ ਧਾਮੀ ਵੱਲੋਂ ਇਹ ਕਿਤਾਬਚਾ ਲਿਖਣ ਦੀ ਸੇਵਾ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੂੰ ਨਿਭਾਉਣ ਲਈ ਆਖਿਆ। ਇਸ ਮੌਕੇ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਸਮੇਂ ਗੁਰੂ ਘਰ ਦੀ ਮਰਯਾਦਾ ਨੂੰ ਕਾਇਮ ਰੱਖਣ ਲਈ ਗਿਆਨੀ ਜੀ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਪੰਥ ਹਮੇਸ਼ਾ ਯਾਦ ਰੱਖੇਗਾ। ਇਸ ਮੌਕੇ ਗਿਆਨੀ ਮੋਹਣ ਸਿੰਘ ਦੀ ਧਰਮਪਤਨੀ ਬੀਬੀ ਸੁਰਜੀਤ ਕੌਰ ਅਤੇ ਉਨ੍ਹਾਂ ਦੇ ਸਪੁੱਤਰ ਸ. ਤਰਲੋਚਨ ਸਿੰਘ ਨੇ ਗਿਆਨੀ ਮੋਹਣ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਨਾਂ ਕੀਤੀ



ਰਿਹਾਇਸ਼ ਦੀਆਂ ਚਾਬੀਆਂ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਨੂੰ ਸੌਂਪੀਆਂ। ਸ਼?ਰੋਮਣੀ ਕਮੇਟੀ ਪ੍ਰਧਾਨ ਅਤੇ ਸਿੰਘ ਸਾਹਿਬਾਨ ਵੱਲੋਂ ਗਿਆਨੀ ਮੋਹਣ ਸਿੰਘ ਜੀ ਦੇ ਪਰਿਵਾਰਕ ਮੈਂਬਰਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਗਿਆਨੀ ਬਲਜੀਤ ਸਿੰਘ, ਸ਼?ਰੋਮਣੀ ਕਮੇਟੀ ਦੇ ਮੈਂਬਰ ਸ. ਫੁੰਮਣ ਸਿੰਘ, ਭਾਈ ਅਜੈਬ ਸਿੰਘ ਅਭਿਆਸੀ, ਸ਼?ਰੋਮਣੀ ਰਾਗੀ ਭਾਈ ਜਸਵੰਤ ਸਿੰਘ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਵਧੀਕ ਸਕੱਤਰ ਸ. ਬਿਜੈ ਸਿੰਘ, ਸ. ਪ੍ਰੀਤਪਾਲ ਸਿੰਘ, ਮੀਤ ਸਕੱਤਰ ਸ. ਸੁਖਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਗਿਆਨੀ ਮੋਹਣ ਸਿੰਘ ਦੇ ਪਰਿਵਾਰਕ ਮੈਂਬਰ ਬੀਬੀ ਸੁਰਜੀਤ ਕੌਰ, ਗਿਆਨੀ ਤਰਲੋਚਨ ਸਿੰਘ, ਸ. ਜੁਝਾਰ ਸਿੰਘ, ਸ. ਸੁਖਦੇਵ ਸਿੰਘ ਤਲਵੰਡੀ, ਐਡੀਸ਼ਨਲ ਸੈਸ਼ਨ ਜੱਜ ਸ. ਬਲਜਿੰਦਰ ਸਿੰਘ, ਸ. ਹਰਪਾਲ ਸਿੰਘ ਤੇ ਸ. ਹਰਜੀਤ ਸਿੰਘ, ਮੈਨੇਜਰ ਸ. ਨਰਿੰਦਰ ਸਿੰਘ, ਸ. ਸਤਨਾਮ ਸਿੰਘ ਰਿਆੜ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਸ. ਗੁਰਵਿੰਦਰ ਸਿੰਘ ਦੇਵੀਦਾਸਪੁਰਾ ਵੀ ਮੌਜੂਦ ਸਨ।

# ਪੰਜਾਬ ਸਰਕਾਰ ਨੂੰ ਹਾਈਕੋਰਟ ਤੋਂ ਵੱਡਾ ਝਟਕਾ, ਪਾਵਰਕਾਮ ਦੀਆਂ ਜ਼ਮੀਨਾਂ ਤਬਦੀਲ ਕਰਨ 'ਤੇ ਲੱਗੀ ਰੋਕ

ਪਟਿਆਲ/ਚੰਡੀਗੜ੍ਹ 26 ਫਰਵਰੀ। ਪੰਜਾਬ ਸਰਕਾਰ ਨੂੰ ਹਾਈਕੋਰਟ ਤੋਂ ਇਕ ਹੋਰ ਵੱਡਾ ਝਟਕਾ ਲੱਗਾ ਹੈ। ਪੰਜਾਬ ਹਰਿਆਣਾ ਹਾਈਕੋਰਟ ਨੇ ਪਾਵਰਕਾਮ ਦੀ ਮਾਲਕੀ ਵਾਲੀ ਕਿਸੇ ਵੀ ਜਾਇਦਾਦ ਨੂੰ ਤਬਦੀਲ ਕਰਨ 'ਤੇ ਰੋਕ ਲਗਾ ਦਿੱਤੀ ਹੈ। ਹਾਈਕੋਰਟ ਦੇ ਇਸ ਫ਼ੈਸਲੇ ਨਾਲ ਪਾਵਰਕਾਮ ਦੀਆਂ ਮੁਲਾਜ਼ਮ ਧਿਰਾਂ ਨੇ ਰਾਹਤ ਮਹਿਸੂਸ ਕੀਤੀ ਹੈ। ਇਥੇ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਪਾਵਰਕਾਮ ਦੀਆਂ ਕੁੱਝ ਅਹਿਮ ਜ਼ਮੀਨਾਂ ਦੀ ਸ਼ਨਾਖ਼ਤ ਕੀਤੀ ਸੀ ਜਿਨ੍ਹਾਂ ਵਿਚੋਂ ਪਟਿਆਲਾ ਦੇ ਬਡੂੰਗਰ ਸਥਿਤ 50 ਏਕੜ ਜ਼ਮੀਨ ਨੂੰ ਪੁੱਡਾ ਨੂੰ ਤਬਦੀਲ ਵੀ ਕਰ ਦਿੱਤਾ ਗਿਆ ਸੀ। ਹਾਈ ਕੋਰਟ ਦੇ ਸੀਨੀਅਰ ਵਕੀਲ ਬਲਤੇਜ ਸਿੰਘ ਸਿੱਧੂ ਵੱਲੋਂ ਪਾਵਰਕਾਮ ਦੀਆਂ ਸੰਪਤੀਆਂ ਵੇਚੇ ਜਾਣ 'ਤੇ ਰੋਕ ਲਗਾਉਣ ਲਈ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਦੀ ਅਗਲੀ ਸੁਣਵਾਈ 16 ਮਾਰਚ ਨੂੰ ਹੋਣੀ ਹੈ। ਹਾਈ ਕੋਰਟ ਨੇ ਇਸ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ। ਹਫ਼ਤਾ ਪਹਿਲਾਂ ਰਾਜਬੀਰ ਸਿੰਘ ਤਰਫ਼ੋਂ ਅਰਜ਼ੀ ਦਾਇਰ ਕਰਕੇ ਅਦਾਲਤ ਦੇ ਤੁਰੰਤ ਦਾਖਲ ਦੀ ਮੰਗ ਕਰਦਿਆਂ ਤਰਕ ਪੇਸ਼ ਕੀਤਾ ਸੀ ਕਿ ਪਾਵਰਕਾਮ ਨੇ ਪਟੀਸ਼ਨ ਦੇ ਦੌਰਾਨ ਹੀ ਬਡੂੰਗਰ ਸਾਈਟ ਦੀ 50 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰ ਦਿੱਤੀ ਹੈ। ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਿਵੀਜ਼ਨ ਬੈਂਚ ਨੇ ਸ਼ੁੱਕਰਵਾਰ ਨੂੰ ਅਰਜ਼ੀ 'ਤੇ ਸੁਣਵਾਈ ਦੌਰਾਨ ਪਾਵਰਕਾਮ ਦੀ ਮਲਕੀਅਤ ਵਾਲੀਆਂ ਜਾਇਦਾਦਾਂ ਨੂੰ ਤਬਦੀਲ ਕਰਨ 'ਤੇ ਰੋਕ ਲਗਾ ਦਿੱਤੀ ਹੈ। ਯਾਦ ਰਹੇ ਕਿ ਪਾਵਰਕੌਮ ਦੀ ਪੀ. ਐੱਸ. ਈ. ਬੀ. ਇੰਜੀਨੀਅਰਜ਼ ਐਸੋਸੀਏਸ਼ਨ ਅਤੇ ਮੁਲਾਜ਼ਮ ਧਿਰਾਂ ਵੱਲੋਂ ਜ਼ਮੀਨਾਂ ਨੂੰ ਵੇਚੇ ਜਾਣ ਦੇ ਵਿਰੋਧ 'ਚ ਸੰਘਰਸ਼ ਵੀ ਸ਼ੁਰੂ ਕੀਤਾ ਹੋਇਆ ਸੀ। ਦੂਸਰੇ ਪਾਸੇ ਪੰਜਾਬ ਸਰਕਾਰ ਇਨ੍ਹਾਂ ਜਾਇਦਾਦਾਂ ਨੂੰ ਮਾਰਕੀਟ 'ਚ ਵੇਚ ਕੇ ਆਮਦਨ ਦੇ ਵਸੀਲੇ ਜੁਟਾਉਣਾ ਚਾਹੁੰਦੀ ਸੀ। ਹੁਣ ਹਾਈਕਰੋਟ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ 'ਤੇ ਰੋਕ ਲਗਾ ਦਿੱਤੀ ਹੈ।



# ਵਿਆਹ ਦੇ ਨਾਂ 'ਤੇ ਗਊ ਰੱਖਿਅਕ ਬਿੱਟੂ ਬਜਰੰਗੀ ਨਾਲ ਹੋਈ ਠੱਗੀ

ਫਰੀਦਾਬਾਦ 26 ਫਰਵਰੀ। ਗਊ ਰੱਖਿਅਕ ਬਿੱਟੂ ਬਜਰੰਗੀ, ਜੋ ਕਿ 2023 ਦੇ ਨੂਹ ਫਿਰਕੂ ਦੰਗਿਆਂ ਦਾ ਮੁਲਜ਼ਮ ਹੈ, ਨਾਲ ਵਿਆਹ ਕਰਵਾਉਣ ਦੇ ਨਾਂ 'ਤੇ ਕਥਿਤ ਤੌਰ 'ਤੇ 30,000 ਰੁਪਏ ਦੀ ਠੱਗੀ ਮਾਰੀ ਗਈ ਹੈ। ਪੁਲਸ ਨੇ ਸ਼ੁੱਕਰਵਾਰ ਨੂੰ ਜਾਣਕਾਰੀ ਦਿੱਤੀ ਕਿ ਬਜਰੰਗੀ ਦੀ ਸ਼ਿਕਾਇਤ ਦੇ ਆਧਾਰ 'ਤੇ ਮੁਲਜ਼ਮਾਂ ਖ਼?ਲਾਫ਼ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ। ਸ਼ਿਕਾਇਤ ਦੇ ਅਨੁਸਾਰ, ਬਜਰੰਗੀ ਨੇ ਆਪਣੇ ਗੁਆਂਢੀ ਦੇ ਰਿਸ਼ਤੇਦਾਰ ਬੰਟੀ ਨੂੰ ਕੋਈ ਢੁਕਵਾਂ ਰਿਸ਼ਤਾ ਲੱਭਣ ਲਈ ਕਿਹਾ ਸੀ। ਬੰਟੀ ਨੇ ਉਸ ਦੀ ਮੁਲਾਕਾਤ ਰਾਣੀ ਨਾਮ ਦੀ ਇਕ ਔਰਤ ਨਾਲ ਕਰਵਾਈ, ਜਿਸ ਤੋਂ ਬਾਅਦ ਉਸ ਨੂੰ ਇਕ ਕੁੜੀ ਦੀ ਤਸਵੀਰ ਦਿਖਾਈ ਗਈ। ਕੁੜੀ ਪਸੰਦ ਆਉਣ ਤੋਂ ਬਾਅਦ 5 ਸਤੰਬਰ, 2025 ਨੂੰ ਮੁਲਜ਼ਮ ਪਰਿਵਾਰ ਸਮੇਤ ਬਜਰੰਗੀ ਦੇ ਘਰ ਆਏ ਅਤੇ 7 ਫਰਵਰੀ ਨੂੰ ਵਿਆਹ ਕਰਨਾ ਤੈਅ ਹੋਇਆ। ਬਜਰੰਗੀ ਨੇ ਹੋਣ ਵਾਲੀ ਲਾੜੀ ਦੇ ਕੱਪੜੇ ਆਦਿ ਖਰੀਦਣ ਲਈ 6 ਫਰਵਰੀ ਨੂੰ ਮੁਲਜ਼ਮਾਂ ਨੂੰ 30,000 ਰੁਪਏ ਟਰਾਂਸਫਰ ਕੀਤੇ ਸਨ। ਜਦੋਂ ਉਹ ਬਾਰਾਤ ਲੈ ਕੇ ਅਲੀਗੜ੍ਹ ਪਹੁੰਚਿਆ ਤਾਂ ਉੱਥੇ ਕੋਈ ਨਹੀਂ ਮਿਲਿਆ ਅਤੇ ਸਾਰੇ ਮੁਲਜ਼ਮਾਂ ਦੇ ਮੋਬਾਈਲ ਫ਼ੋਨ ਬੰਦ ਸਨ। ਜਦੋਂ ਬਜਰੰਗੀ ਨੇ ਉਸ ਕੁੜੀ ਨਾਲ ਸੰਪਰਕ ਕੀਤਾ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਅਜਿਹੇ ਕਿਸੇ ਵੀ ਵਿਆਹ ਬਾਰੇ ਕੋਈ ਜਾਣਕਾਰੀ ਨਹੀਂ ਹੈ, ਜਿਸ ਕਾਰਨ ਬਜਰੰਗੀ ਨੂੰ ਖਾਲੀ ਹੱਥ ਵਾਪਸ ਪਰਤਣਾ ਪਿਆ। ਪੁਲਸ ਅਨੁਸਾਰ, ਬਜਰੰਗੀ ਅਤੇ ਮੁਲਜ਼ਮਾਂ ਵਿਚਕਾਰ ਵਿਆਹ ਦੇ ਪ੍ਰਬੰਧਾਂ ਲਈ 1.20 ਲੱਖ ਰੁਪਏ ਦਾ ਸੌਦਾ ਹੋਇਆ ਸੀ। ਸਾਰਨ ਪੁਲਸ ਸਟੇਸ਼ਨ 'ਚ ਬੰਟੀ, ਰਾਣੀ ਅਤੇ ਹੋਰਾਂ ਖ਼?ਲਾਫ਼ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਜਾਰੀ ਹੈ। ਬਜਰੰਗੀ ਦੇ ਗੁਆਂਢੀਆਂ ਨੇ ਦੱਸਿਆ ਕਿ ਘਰ 'ਚ ਨਵੀਂ ਲਾੜੀ ਦੇ ਸਵਾਗਤ ਦੀਆਂ ਪੂਰੀਆਂ ਤਿਆਰੀਆਂ ਸਨ, ਪਰ ਸਭ ਕੁਝ ਵਿਗੜ ਗਿਆ।

# ਕਾਨੂੰਨ-ਵਿਵਸਥਾ, ਰੋਜ਼ਗਾਰ ਅਤੇ ਕਿਸਾਨ ਹਿੱਤ ਵਰਗੇ ਮੁੱਦਿਆਂ 'ਤੇ 'ਆਪ' ਸਰਕਾਰ ਪੂਰੀ ਤਰ੍ਹਾਂ ਨਾਕਾਮ: ਅਸ਼ਵਨੀ ਸ਼ਰਮਾ

ਮੋਗਾ 26 ਫਰਵਰੀ। ਭਾਰਤੀ ਜਨਤਾ ਪਾਰਟੀ ਦੇ ਕਾਰਜਕਾਰੀ ਸੂਬਾ ਪ੍ਰਧਾਨ ਨੇ ਮੋਗਾ ਵਿਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸੂਬੇ ਦੀ ਮੌਜੂਦਾ ਸਿਆਸੀ ਅਤੇ




ਪ੍ਰਸ਼ਾਸਨਿਕ ਸਥਿਤੀ ਨੂੰ ਲੈ ਕੇ 'ਆਪ' ਸਰਕਾਰ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਬਦਲਾਅ ਚਾਹੁੰਦੀ ਹੈ ਅਤੇ ਭਾਜਪਾ ਸੂਬੇ ਵਿਚ ਵਿਕਾਸ, ਸੁਸ਼ਾਸਨ ਅਤੇ ਪਾਰਦਰਸ਼ਤਾ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਕਰਨ ਲਈ ਵਚਨਬੱਧ ਹੈ। ਅੱਜ ਇੱਥੇ ਉਹ ਭਾਰਤੀ ਜਨਤਾ ਪਾਰਟੀ ਦੇ ਵਰਕਰ ਟ?ਰੇਨਿੰਗ ਪ੍ਰੋਗਰਾਮ ਵਿਚ ਸ਼ਾਮਲ ਹੋਣ ਪਹੁੰਚੇ ਸਨ। ਇਸ ਮੌਕੇ ਜ਼ਿਲਾ ਪ੍ਰਧਾਨ ਡਾ. ਹਰਜੋਤ ਕਮਲ, ਸਹਿ-ਇੰਚਾਰਜ ਕੰਵਰਵੀਰ ਸਿੰਘ ਟੌਹੜਾ, ਨਿਧੜਕ ਸਿੰਘ ਬਰਾੜ, ਮੁਖਤਿਆਰ ਸਿੰਘ ਜ਼ਿਲਾ ਜਨਰਲ ਸਕੱਤਰ, ਵਿਨੈ ਸ਼ਰਮਾ, ਰਾਕੇਸ਼ ਸ਼ਰਮਾ, ਵਿਜੇ ਸ਼ਰਮਾ, ਦੇਵ ਪ੍ਰਿਆ ਤਿਆਗੀ, ਹੇਮੰਤ ਸੂਦ, ਕਮਲ ਘਾਰੂ, ਮਨਜੀਤ ਸਿੰਘ ਰਾਏ, ਸਤਨਾਮ ਸਿੰਘ, ਰਾਕੇਸ਼ ਰਾਠੌਰ, ਰਾਹੁਲ ਗਰਗ ਅਤੇ ਵਿੱਕੀ ਸਿਤਾਰਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੌਜੂਦਾ ਸਰਕਾਰ ਦੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਕਾਨੂੰਨ-ਵਿਵਸਥਾ, ਰੋਜ਼ਗਾਰ ਅਤੇ ਕਿਸਾਨ ਹਿੱਤ ਵਰਗੇ ਮੁੱਦਿਆਂ 'ਤੇ ਸਰਕਾਰ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਵਿਚੋਂ ਉਦਯੋਗਾਂ ਦਾ ਪਲਾਇਨ ਜਾਰੀ ਹੈ, ਬੇਰੋਜ਼ਗਾਰੀ ਵਧ ਰਹੀ ਹੈ ਅਤੇ ਆਮ ਆਦਮੀ ਮਹਿੰਗਾਈ ਤੋਂ ਪ੍ਰੇਸ਼ਾਨ ਹੈ। ਭਾਜਪਾ ਇਨ੍ਹਾਂ ਸਾਰੇ ਮੁੱਦਿਆਂ ਨੂੰ ਲੈ ਕੇ ਲੋਕਾਂ ਦੇ ਵਿਚਕਾਰ ਜਾਵੇਗੀ ਅਤੇ ਜਨਹਿੱਤ ਦੀ ਆਵਾਜ਼ ਨੂੰ ਬੁਲੰਦ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸਤ ਵਿਚ ਵੱਡਾ ਬਦਲਾਅ ਵੇਖਣ ਨੂੰ ਮਿਲੇਗਾ।

# ਮੋਤੀਆਬਿੰਦ ਦਾ ਆਪਰੇਸ਼ਨ ਕਰਵਾ ਕੇ ਅੰਨ੍ਹੇ ਹੋਏ ਲੋਕ, 9 ਦੀਆਂ ਕੱਢਣੀਆਂ ਪਈਆਂ ਅੱਖਾਂ

ਕੌਮੀ ਪਤ੍ਰਿਕਾ

ਗੋਰਖਪੁਰ 26 ਫਰਵਰੀ। ਉੱਤਰ ਪ੍ਰਦੇਸ਼ ਦੇ ਗੋਰਖਪੁਰ ਸ਼ਹਿਰ ਦੇ ਇਕ ਨਿੱਜੀ ਹਸਪਤਾਲ 'ਚ ਇਕ ਬਹੁਤ ਹੀ ਦਰਦਨਾਕ ਮਾਮਲਾ ਸਾਹਮਣੇ ਆਇਆ ਹੈ। ਇੱਥੋਂ ਦੇ ਇਕ ਹਸਪਤਾਲ 'ਚ ਲਗਾਏ ਗਏ ਅੱਖਾਂ ਦੇ ਕੈਂਪ ਦੌਰਾਨ ਮੋਤੀਆਬਿੰਦ ਦਾ ਆਪਰੇਸ਼ਨ ਕਰਵਾਉਣ ਵਾਲੇ 18 ਮਰੀਜ਼ਾਂ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ ਹੈ। ਇਨਫੈਕਸ਼ਨ ਇੰਨਾ ਭਿਆਨਕ ਸੀ ਕਿ ਡਾਕਟਰਾਂ ਨੂੰ ਇਨਫੈਕਸ਼ਨ ਫੈਲਣ ਤੋਂ ਰੋਕਣ ਲਈ 9 ਮਰੀਜ਼ਾਂ ਦੀਆਂ ਅੱਖਾਂ ਕੱਢਣੀਆਂ ਪਈਆਂ। ਗੋਰਖਪੁਰ ਦੇ 'ਨਿਊ ਰਾਜੇਸ਼ ਹਾਈਟੈਕ ਹਸਪਤਾਲ' 'ਚ 1 ਫਰਵਰੀ ਨੂੰ ਇਕ ਅੱਖਾਂ ਦਾ ਕੈਂਪ ਲਗਾਇਆ ਗਿਆ ਸੀ, ਜਿਸ 'ਚ ਲਗਭਗ 30 ਮਰੀਜ਼ਾਂ ਦੇ ਆਪਰੇਸ਼ਨ ਕੀਤੇ ਗਏ। ਇਨ੍ਹਾਂ 'ਚੋਂ ਕਈ ਸਰਜਰੀਆਂ 'ਆਯੁਸ਼ਮਾਨ ਭਾਰਤ ਯੋਜਨਾ' ਤਹਿਤ ਹੋਈਆਂ ਸਨ। ਮਰੀਜ਼ਾਂ ਦਾ ਦੋਸ਼ ਹੈ ਕਿ ਆਪਰੇਸ਼ਨ ਦੇ ਕੁਝ ਘੰਟਿਆਂ ਬਾਅਦ ਹੀ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਪਰ 24 ਘੰਟਿਆਂ ਦੇ ਅੰਦਰ ਹੀ ਮਰੀਜ਼ਾਂ ਨੂੰ ਅੱਖਾਂ 'ਚ ਤੇਜ਼ ਦਰਦ ਅਤੇ ਪਾਣੀ ਆਉਣ ਦੀ ਸ਼ਿਕਾਇਤ ਹੋਣ ਲੱਗੀ। ਇਨਫੈਕਸ਼ਨ ਵਧਣ ਕਾਰਨ ਮਰੀਜ਼ਾਂ ਨੂੰ ਦਿੱਲੀ ਦੇ ਏਮਜ਼ ਲਖਨਊ ਅਤੇ ਵਾਰਾਨਸੀ ਦੇ ਵੱਡੇ ਹਸਪਤਾਲਾਂ 'ਚ ਰੈਫਰ ਕਰਨਾ ਪਿਆ। ਪੀੜਤਾਂ 'ਚੋਂ ਇਕ, ਸਹਿਵਾਨ ਅਲੀ ਨੇ ਦੱਸਿਆ,÷ਅਗਲੇ ਦਿਨ ਹੀ ਮੇਰੀ ਅੱਖ 'ਚੋਂ ਖ਼ੂਨ ਨਿਕਲਣ ਲੱਗਾ। ਸਾਨੂੰ ਦਿੱਲੀ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਮੇਰੀ ਇਕ ਅੱਖ ਕੱਢ ਦਿੱਤੀ। ਹੁਣ ਮੈਂ ਦੇਖ ਨਹੀਂ ਸਕਦੀ।÷ ਇਕ ਹੋਰ ਪੀੜਤ ਸ਼ੰਕਰਵਤੀ ਦੀ



ਅੱਖ ਵਾਰਾਨਸੀ 'ਚ ਕੱਢੀ ਗਈ, ਜਿਸ ਨੇ ਦੱਸਿਆ ਕਿ ਉਸ ਨੂੰ ਹੁਣ ਦੂਜੀ ਅੱਖ ਦੀ ਰੌਸ਼ਨੀ ਜਾਣ ਦਾ ਵੀ ਡਰ ਸਤਾ ਰਿਹਾ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜ਼ਿਲ੍ਹਾ ਮੈਜਿਸਟ?ਰੇਟ ਦੀਪਕ ਮੀਨਾ ਨੇ ਹਸਪਤਾਲ ਨੂੰ ਤੁਰੰਤ ਪ੍ਰਭਾਵ ਨਾਲ ਸੀਲ ਕਰ ਦਿੱਤਾ ਹੈ ਅਤੇ ਪੂਰੇ ਮਾਮਲੇ ਦੀ ਮੈਜਿਸਟ?ਰੇਟ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਹਸਪਤਾਲ ਦੀ ਰਜਿਸਟ?ਰੇਸ਼ਨ ਰੱਦ ਕਰ ਦਿੱਤੀ ਜਾਵੇਗੀ। ਮੁੱਖ ਮੈਡੀਕਲ ਅਫ਼ਸਰ ਡਾ. ਰਾਜੇਸ਼ ਝਾਅ ਨੇ ਇਸ ਨੂੰ ਇਕ 'ਗੰਭੀਰ ਲਾਪਰਵਾਹੀ' ਦੱਸਿਆ ਹੈ ਅਤੇ ਸਿਹਤ ਵਿਭਾਗ ਦੀ ਜਾਂਚ 'ਚ ਬੈਕਟੀਰੀਅਲ ਇਨਫੈਕਸ਼ਨ ਦੀ ਪੁਸ਼ਟੀ ਹੋਈ ਹੈ। ਫਿਲਹਾਲ ਅਧਿਕਾਰੀ ਹੋਰ ਨਿੱਜੀ ਅਤੇ ਸਰਕਾਰੀ ਹਸਪਤਾਲਾਂ ਦੇ ਆਪਰੇਸ਼ਨ ਥੀਏਟਰਾਂ ਦੀ ਵੀ ਜਾਂਚ ਕਰ ਰਹੇ ਹਨ।

## ਡਿਊਟੀ 'ਤੇ ਤਾਇਨਾਤ 2 ਮੁਲਾਜ਼ਮਾਂ ਦੀ ਸ਼ੱਕੀ ਹਾਲਾਤ 'ਚ ਮੌਤ

ਗੁਰਦਾਸਪੁਰ/ਦੋਰਾਂਗਲਾ 26 ਫਰਵਰੀ। ਥਾਣਾ ਦੋਰਾਂਗਲਾ ਦੇ ਅਧੀਨ ਆਉਂਦੀ ਆਧੀਆਂ ਚੈਕ ਪੋਸਟ 'ਤੇ ਦੋ ਪੁਲਸ ਕਰਮਚਾਰੀਆਂ ਦੀ ਮੌਤ ਹੋਣ ਦੀ ਖ਼ਬਰ ਨਾਲ ਇਲਾਕੇ ਵਿੱਚ ਹੜਕੰਪ ਮਚ ਗਿਆ ਹੈ। ਇਹ ਚੈਕ ਪੋਸਟ ਭਾਰਤ-ਪਾਕਿਸਤਾਨ ਸਰਹੱਦ ਦੇ ਸੈਕਿੰਡ ਡਿਫੈਂਸ ਲਾਈਨ ਵਿੱਚ ਸਥਿਤ ਹੈ। ਜਾਣਕਾਰੀ ਮੁਤਾਬਕ ਡਿਊਟੀ 'ਤੇ ਤਾਇਨਾਤ ਦੋਵਾਂ ਪੁਲਸ ਕਰਮਚਾਰੀਆਂ ਦੀਆਂ ਸ਼ੱਕੀ ਹਾਲਾਤ 'ਚ ਚੈਕ ਪੋਸਟ ਦੇ ਅੰਦਰੋਂ ਲਾਸ਼ਾਂ ਮਿਲੀਆਂ ਹਨ। ਦੱਸ ਦੇਈਏ ਦੋਵਾਂ ਪੁਲਸ ਮੁਲਾਜ਼ਮਾਂ ਨੂੰ ਗੋਲੀ ਮਾਰੀ ਗਈ ਹੈ। ਮ੍ਰਿਤਕਾਂ ਦੀ ਪਹਿਚਾਣ ਹੋਮਗਾਰਡ ਦੇ ਜਵਾਨ ਅਸ਼ੋਕ ਕੁਮਾਰ ਅਤੇ ਏ.ਐਸ.ਆਈ. ਗੁਰਨਾਮ ਸਿੰਘ ਵਜੋਂ ਹੋਈ ਹੈ। ਇਸ ਘਟਨਾ ਦੀ ਸੂਚਨਾ ਤੋਂ ਇਲਾਕੇ ਵਿੱਚ ਹੜਕੰਪ ਮਚ ਗਿਆ ਅਤੇ ਗੁਰਦਾਸਪੁਰ ਐਸ.ਐਸ.ਪੀ. ਅਦਿੱਤਿਆ ਮੌਕੇ 'ਤੇ ਪਹੁੰਚ ਗਏ ਹਨ ਅਤੇ ਘਟਨਾ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

# ਇੰਟਰਨੈਸ਼ਨਲ ਸਾਇਬਰ ਠੱਗੀ ਦਾ ਪਰਦਾਫਾਸ਼: ਦੁਬਈ ਤੋਂ ਆਪਰੇਟ ਹੁੰਦਾ 100 ਕਰੋੜ ਤੋਂ ਵੱਧ ਦਾ ਨੈੱਟਵਰਕ

ਕੌਮੀ ਪਤ੍ਰਿਕਾ

ਖੰਨਾ 26 ਫਰਵਰੀ। ਇਕ ਐਸਾ ਸੰਗਠਿਤ ਸਾਇਬਰ ਕਰਾਈਮ ਨੈੱਟਵਰਕ, ਜਿਸ ਦੀਆਂ ਜੜ੍ਹਾਂ ਭਾਰਤ ਤੋਂ ਨਿਕਲ ਕੇ ਦੁਬਈ ਤੱਕ ਫੈਲੀਆਂ ਹੋਈਆਂ ਸਨ। ਹਜ਼ਾਰਾਂ ਕਿਲੋਮੀਟਰ ਦੂਰ ਬੈਠ ਕੇ ਲੋਕਾਂ ਦੀ ਮਿਹਨਤ ਦੀ ਕਮਾਈ 'ਤੇ ਡਾਕਾ ਮਾਰਿਆ ਜਾ ਰਿਹਾ ਸੀ। ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਇਕ ਤੋਂ ਬਾਅਦ ਇਕ ਸ਼ਿਕਾਇਤ ਆਉਂਦੀ ਰਹੀ, ਪਰ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਇਹ ਠੱਗੀ ਦਾ ਜਾਲ ਇੰਨਾ ਵੱਡਾ ਤੇ ਖ਼ਤਰਨਾਕ ਹੈ। ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੀ ਖੰਨਾ ਪੁਲਸ ਨੇ ਜਦੋਂ ਇਸ ਮਾਮਲੇ ਦੀਆਂ ਪਰਤਾਂ ਖੋਲ੍ਹੀਆਂ, ਤਾਂ ਸਾਹਮਣੇ ਆਇਆ 100 ਕਰੋੜ ਤੋਂ ਵੱਧ ਦੀ ਸਾਇਬਰ ਠੱਗੀ ਦਾ ਇੰਟਰਨੈਸ਼ਨਲ ਨੈੱਟਵਰਕ, ਜਿਸ ਦੀ ਕਿੰਗਪਿਨ ਨਵੀਂ ਦਿੱਲੀ ਦੀ ਰਹਿਣ ਵਾਲੀ ਇਕ ਨੌਜਵਾਨ ਔਰਤ ਨਿਕਲੀ। ਇਸ ਨੈੱਟਵਰਕ ਵੱਲੋਂ ਹੁਣ ਤੱਕ 200 ਤੋਂ ਵੱਧ ਲੋਕਾਂ ਨਾਲ 78 ਕਰੋੜ ਰੁਪਏ ਤੋਂ ਜ਼ਿਆਦਾ ਦੀ ਠੱਗੀ ਕੀਤੀ ਜਾ ਚੁੱਕੀ ਹੈ ਅਤੇ ਰੋਜ਼ਾਨਾ ਨਵੇਂ ਪੀੜਤ ਸਾਹਮਣੇ ਆ ਰਹੇ ਹਨ। ਖੰਨਾ ਦੇ ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ 2 ਸਤੰਬਰ 2025 ਨੂੰ ਉਨ੍ਹਾਂ ਨੂੰ ਨੈਸ਼ਨਲ ਸਾਇਬਰ ਕਰਾਈਮ ਰਿਪੋਰਟਿੰਗ ਪੋਰਟਲ ਰਾਹੀਂ 53 ਮਯੂਲ ਖਾਤਿਆਂ ਸਬੰਧੀ ਸ਼ਿਕਾਇਤਾਂ ਮਿਲੀਆਂ। ਜਾਂਚ ਵਿੱਚ ਪਤਾ ਲੱਗਿਆ ਕਿ ਇਹ ਸਾਰੇ ਖਾਤੇ ਪੁਲਿਸ ਜ਼ਿਲ੍ਹਾ ਖੰਨਾ ਵਿੱਚ ਖੁੱਲ੍ਹੇ ਸਨ ਅਤੇ ਇਨ੍ਹਾਂ ਵਿੱਚ 43 ਲੱਖ 54 ਹਜ਼ਾਰ 771 ਰੁਪਏ



ਦੀ ਠੱਗੀ ਹੋਈ। 7 ਖਾਤਿਆਂ ਦੀ ਡੂੰਘੀ ਜਾਂਚ ਤੋਂ ਬਾਅਦ 9 ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ। ਜਾਂਚ 'ਚ ਸਾਹਮਣੇ ਆਇਆ ਕਿ ਕੁੱਲ 31 ਖਾਤਿਆਂ ਰਾਹੀਂ ਦੇਸ਼ ਭਰ 'ਚ 200 ਤੋਂ ਵੱਧ ਸ਼ਿਕਾਇਤਾਂ ਦਰਜ ਹਨ ਅਤੇ ਹੁਣ ਤੱਕ 78 ਕਰੋੜ 5 ਲੱਖ ਰੁਪਏ ਤੋਂ ਵੱਧ ਦੀ ਠੱਗੀ ਹੋ ਚੁੱਕੀ ਹੈ। ਬਾਕੀ ਖਾਤਿਆਂ ਦੀ ਜਾਂਚ ਜਾਰੀ ਹੈ ਅਤੇ ਰਕਮ 100 ਕਰੋੜ ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਸਭ ਤੋਂ ਪਹਿਲਾਂ ਸੋਨੂੰ ਕੁਮਾਰ ਵਾਸੀ ਲੁਧਿਆਣਾ ਗ੍ਰਿਫ਼ਤਾਰ ਹੋਇਆ। ਫਿਰ ਸੁਰਿੰਦਰਪਾਲ ਸਿੰਘ ਡਿੱਪੀ ਵਾਸੀ ਖੰਨਾ, ਵਿੱਕੀ ਪ੍ਰਸਾਦ ਵਾਸੀ ਮੰਡੀ ਗੋਬਿੰਦਗੜ੍ਹ, ਰਾਜਨ ਵਾਸੀ ਲੁਧਿਆਣਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਬਾਅਦ ਗੈਂਗ ਦਾ ਸਿਕਿਉਰਿਟੀ ਗਾਰਡ ਗੋਪਾਲ ਵਾਸੀ ਜੋਧਪੁਰ ਫੜਿਆ ਗਿਆ। ਗੋਪਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਕਿੰਗਪਿਨ ਆਲਿਆ ਅਹਿਮਦ ਵਾਸੀ ਦਿੱਲੀ ਦਾ ਨਾਂ ਸਾਹਮਣੇ ਆਇਆ। ਫਿਰ ਸੁਮਿਤ ਕੁਮਾਰ ਝਾ ਵਾਸੀ ਵਰਧਮਾਨ (ਪੱਛਮੀ ਬੰਗਾਲ), ਮਲਨ ਰਾਇ ਉਰਫ਼ ਸੋਨੂ ਵਾਸੀ ਖੰਨਾ ਅਤੇ ਆਖ਼ਰ ਵਿੱਚ ਰਾਮਧਨ ਵਾਸੀ ਮੰਡੀ ਗੋਬਿੰਦਗੜ੍ਹ ਗ੍ਰਿਫ਼ਤਾਰ ਹੋਏ।

## ਅੰਮ੍ਰਿਤਸਰ ਪੁਲਸ ਵੱਲੋਂ ਗੈਰ-ਕਾਨੂੰਨੀ ਅਸਲਾ ਮੋਡਿਊਲ ਬੇਨਕਾਬ

ਅੰਮ੍ਰਿਤਸਰ 26 ਫਰਵਰੀ। ਪੰਜਾਬ ਵਿੱਚ ਗੈਰਕਾਨੂੰਨੀ ਹਥਿਆਰਾਂ ਦੇ ਜਾਲ ਖ਼?ਲਾਫ਼ ਵੱਡੀ ਕਾਰਵਾਈ ਕਰਦੇ ਹੋਏ ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਨੇ ਸਰਹੱਦ ਪਾਰ ਚੱਲ ਰਹੇ ਇਕ ਗੈਰਕਾਨੂੰਨੀ ਅਸਲਾ ਮੋਡਿਊਲ ਦਾ ਪਰਦਾਫਾਸ਼ ਕੀਤਾ ਹੈ। ਪੰਜਾਬ ਦੇ ਡੀਜੀਪੀ ਵੱਲੋਂ ਜਾਰੀ ਬਿਆਨ ਅਨੁਸਾਰ ਇਸ ਕਾਰਵਾਈ ਦੌਰਾਨ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ 5 ਆਧੁਨਿਕ ਪਿਸਤੌਲਾਂ ਅਤੇ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਡੀਜੀਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ ਅਧਾਰਤ ਸਮੱਗਲਰਾਂ ਨਾਲ ਸੰਪਰਕ ਵਿੱਚ ਸਨ। ਉਨ੍ਹਾਂ ਵੱਲੋਂ ਉਨ੍ਹਾਂ ਦੇ ਹੁਕਮਾਂ 'ਤੇ ਗੈਰਕਾਨੂੰਨੀ ਹਥਿਆਰਾਂ ਦੀ ਖੇਪ ਪ੍ਰਾਪਤ ਕਰਕੇ ਅਪਰਾਧਿਕ ਤੱਤਾਂ ਤੱਕ ਪਹੁੰਚਾਉਣ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਸੀ।

# ਪੌਣੀ ਬੋਤਲ ਸ਼ਰਾਬ ਪੀਣ ਵਾਲਾ ਹੁਣ ਰੱਬ ਦੀ ਕਚਹਿਰੀ ਦੇ ਫ਼ੈਸਲੇ ਦੱਸੇਗਾ: ਬਿਕਰਮ ਮਜੀਠੀਆ

ਜਲੰਧਰ/ਜ਼ੀਰਾ 26 ਫਰਵਰੀ। ਸ਼ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਮ ਆਦਮੀ ਪਾਰਟੀ 'ਤੇ ਸ਼ਬਦੀ ਹਮਲੇ ਕੀਤੇ ਹਨ। ਫਿਰੋਜ਼ਪੁਰ ਵਿਖੇ ਹਲਕਾ ਜ਼ੀਰਾ ਵਿਚ ਮਜੀਠੀਆ ਨੇ ਪੰਜਾਬ ਬਚਾਓ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਬੋਲਦੇ ਕਿਹਾ ਕਿ ਮੁੱਖ ਮੰਤਰੀ ਮੈਨੂੰ ਕਹਿੰਦਾ ਸੀ ਕਿ ਅਦਾਲਤਾਂ ਵਿਚੋਂ ਤਾਂ ਬਰੀ ਹੋ ਜਾਵੇਗਾ ਪਰ ਹੁਣ ਰੱਬ ਦੀ ਕਚਹਿਰੀ ਵਿਚੋਂ ਕਿਵੇਂ ਬਚੇਗਾ। ਮੈਂ ਹੈਰਾਨ ਹਾਂ ਕਿ ਹੁਣ ਪੌਣੀ ਬੋਤਲ ਸ਼ਰਾਬ ਪੀਣ ਵਾਲਾ ਰੱਬ ਦੀ ਕਚਿਹਰੀ ਦੇ ਫ਼ੈਸਲੇ ਦੱਸੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਹੰਕਾਰ ਇੰਨਾ ਹੋ ਗਿਆ ਕਿ ਇਸ ਗੱਲ ਦੀ ਕੋਈ ਸਮਝ ਨਹੀਂ ਕਿ ਗੁਰੂ ਮਹਾਰਾਜ ਦੀ ਕਚਿਹਰੀ ਦੇ ਫ਼ੈਸਲੇ ਸੱਚੇ ਪਾਤਸ਼ਾਹ ਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਕਿਸਮ ਦਾ ਹੰਕਾਰ ਹੋ ਗਿਆ ਕਿ ਕਦੇ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਤਾਂ ਕਦੇ ਬਿਆਸ ਵਾਲੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਬਾਰੇ ਗਲਤ ਸ਼ਬਦਾਵਲੀ ਬੋਲਦੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਇਕ ਗੱਲ ਨੋਟ ਕਰ ਲਵੇ, ਜਦੋਂ ਜੁਗਨੂ ਜਿਸ ਦਿਨ ਮਜੀਠੀਆ ਦਾ ਹੱਥ ਪੈ ਗਿਆ ਨਾ ਚੀਂ ਵਾਂਗ ਆਵਾਜ਼ ਨਿਕਲੇਗੀ। ਉਨ੍ਹਾਂ ਭਗਵੰਤ ਮਾਨ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਕਿਸੇ ਹੋਰ ਪਾਰਟੀ ਦੇ ਆਗੂਆਂ 'ਤੇ ਵੀ ਪਰਚੇ ਦਰਜ ਕਰ ਲਿਆ ਕਰ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਭਗਵੰਤ



ਮਾਨ ਦੇ ਪਰਚਿਆਂ ਦੀ ਨਾ ਅੱਜ ਤੇ ਨਾ ਕੱਲ੍ਹ ਪਰਵਾਹ ਸੀ ਅਤੇ ਨਾ ਹੀ ਅੱਗੇ ਰਹੇਗੀ। ਮੈਂ ਵੇਖਿਆ ਹੈ ਕਿ ਫੋਰਟਿਸ ਹਸਪਤਾਲ ਤੋਂ ਆ ਕੇ ਭਗਵੰਤ ਮਾਨ ਨੇ ਮੇਰਾ ਨਾਂ ਮੋਗਾ ਵਿਖੇ ਕੀਤੀ ਗਈ ਰੈਲੀ ਵਿਚ ਲਿਆ ਤਾਂ ਮੁੜ ਹਸਪਤਾਲ ਚਲਾ ਗਿਆ। ਇਸ ਦੀ ਤਾਂ ਘਰਵਾਲੀ ਵੀ ਇਸ ਨੂੰ ਸਮਝਾਉਂਦੀ ਹੈ ਕਿ ਮਜੀਠੀਆ ਨਾਲ ਪੰਗੇ ਨਾ ਲਿਆ ਕਰ ਪਰ ਇਸ ਨੂੰ ਸਮਝ ਨਹੀਂ ਆਉਂਦੀ। ਮੈਨੂੰ ਲੱਗਦਾ ਹੈ ਕਿ ਭਗਵੰਤ ਮਾਨ ਦੇ ਸਿਰ 'ਤੇ ਮੁੱਖ ਮੰਤਰੀ ਦਾ ਨਸ਼ਾ ਬੋਲਦਾ ਹੈ।

# ਜਾਮ 'ਚ ਫਸੀ ਔਰਤ ਨੇ ਦਿੱਤਾ ਬੱਚੇ ਨੂੰ ਜਨਮ, ਰਿਕਸ਼ੇ 'ਚ ਹੋਈ ਡਿਲਿਵਰੀ

ਏਜੰਸੀਆਂ

ਨਾਸਿਕ 26 ਫਰਵਰੀ। ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ 'ਚ ਇਕ ਗਰਭਵਤੀ ਔਰਤ ਦਾ ਵਾਹਨ ਭਾਰੀ ਟਰੈਫਿਕ 'ਚ ਜਾਮ 'ਚ ਫਸ ਗਿਆ, ਉਦੋਂ ਉਸ ਦੀ ਮਦਦ ਇਕ ਰਿਕਸ਼ੇ



ਵਾਲੇ ਨੇ ਕੀਤੀ ਪਰ ਉਹ ਔਰਤ ਹਸਪਤਾਲ ਪਹੁੰਚਦੀ ਉਸ ਤੋਂ ਪਹਿਲਾਂ ਹੀ ਰਿਕਸ਼ੇ 'ਚ ਹੀ ਬੱਚੇ ਦਾ ਜਨਮ ਹੋ ਗਿਆ। ਮਹਾਰਾਸ਼ਟਰ ਦੇ ਨੰਦੁਰਬਾਰ ਜ਼ਿਲ੍ਹੇ ਦੇ ਕੇਲੀਪਾਨੀ ਦੀ ਰਹਿਣ ਵਾਲੀ ਮਜੀਲਾ ਆਵੇਸ਼ ਵਾਡਵੇ ਨਾਂ ਦੀ ਇਹ ਮਜ਼ਦੂਰ ਔਰਤ ਹੋਰ ਗੰਨਾ ਮਜ਼ਦੂਰਾਂ ਨਾਲ ਯਾਤਰਾ ਕਰ ਰਹੀ ਸੀ, ਉਦੋਂ ਉਨ੍ਹਾਂ ਦਾ ਵਾਹਨ ਮਨਮਾਡ ਤੋਂ ਲੰਘਣ ਵਾਲੇ ਹਾਈਵੇਅ 'ਤੇ ਭਿਆਨਕ ਜਾਮ 'ਚ ਫਸ ਗਿਆ। ਜਦੋਂ ਵਾਹਨ ਲੰਬੀਆਂ ਲਾਈਨਾਂ 'ਚ ਖੜ੍ਹੇ ਸਨ, ਉਦੋਂ ਔਰਤ ਨੂੰ ਦਰਦਾਂ ਸ਼ੁਰੂ ਹੋ ਗਈਆਂ। ਇਸ ਵਿਚ ਰਿਕਸ਼ਾ ਚਾਲਕ ਅਮਜਦ ਅਤਾਰ ਅੱਗੇ ਆਏ ਅਤੇ ਹਸਪਤਾਲ ਪਹੁੰਚਾਉਣ ਦੀ ਕੋਸ਼ਿਸ਼ 'ਚ ਔਰਤ ਅਤੇ ਉਸ ਦੇ ਪਰਿਵਾਰ ਨੂੰ ਆਪਣੇ ਵਾਹਨ 'ਚ ਬਿਠਾ ਲਿਆ। ਹਾਲਾਂਕਿ, ਅੱਗੇ ਦਾ ਰਸਤਾ ਪੂਰੀ ਤਰ੍ਹਾਂ ਨਾਲ ਬੰਦ ਸੀ। ਸਥਿਤੀ ਦੀ ਗੰਭੀਰਤਾ ਨੂੰ ਸਮਝਦੇ ਹੋਏ, ਸਮਾਜਿਕ ਵਰਕਰ ਰਿਤੇਸ਼ ਪਗਾਰੇ ਆਪਣੀ ਦੋਪਹੀਆ ਗੱਡੀ 'ਤੇ ਅੱਗੇ ਵਧੇ ਅਤੇ ਟਰੈਫਿਕ ਹਟਾ ਕੇ ਰਸਤਾ ਬਣਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀਆਂ ਕਈ ਕੋਸ਼ਿਸ਼ਾਂ ਦੇ ਬਾਵਜੂਦ, ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਔਰਤ ਨੇ ਰਿਕਸ਼ੇ ਦੇ ਅੰਦਰ ਬੱਚੇ ਨੂੰ ਜਨਮ ਦੇ ਦਿੱਤਾ। ਜਣੇਪੇ ਤੋਂ ਬਾਅਦ ਮਾਂ ਅਤੇ ਨਵਜਾਤ ਬੱਚੇ ਨੂੰ ਤੁਰੰਤ ਨਜ਼ਦੀਕੀ ਹਸਤਪਾਲ ਲਿਜਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਦੀ ਹਾਲਤ ਸਥਿਰ ਹੈ ਅਤੇ ਉਹ ਸਿਹਤਮੰਦ ਹਨ। ਇਸ ਘਟਨਾ ਨੂੰ ਲੈ ਕੇ ਸਥਾਨਕ ਲੋਕ ਗੁੱਸੇ 'ਚ ਹਨ, ਜਿਨ੍ਹਾਂ ਨੇ ਖ਼ਰਾਬ ਟਰੈਫਿਕ ਪ੍ਰਬੰਧਨ ਅਤੇ ਹਾਈਵੇਅ 'ਤੇ ਲੱਗਣ ਵਾਲੇ ਜਾਮ ਨੂੰ ਲੈ ਕੇ ਪ੍ਰਸ਼ਾਸਨ ਦੀ ਸਖ਼ਤ ਆਲੋਚਨਾ ਕੀਤੀ ਹੈ।

# ਮੁਫ਼ਤ ਰਾਸ਼ਨ ਲੈਣ ਵਾਲਿਆਂ ਦਾ ਕੱਟਿਆ ਜਾਵੇਗਾ ਨਾਮ ! 1 ਅਪ੍ਰੈਲ ਤੋਂ ਲਾਗੂ ਹੋਣਗੇ ਇਹ ਨਵੇਂ ਨਿਯਮ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 26 ਫਰਵਰੀ। ਜੇਕਰ ਤੁਹਾਨੂੰ ਵੀ ਸਰਕਾਰੀ ਰਾਸ਼ਨ ਮਿਲਦਾ ਹੈ, ਤਾਂ ਇਹ ਖ਼ਬਰ ਤੁਹਾਡੇ ਲਈ ਇੱਕ ਚੇਤਾਵਨੀ ਤੋਂ ਘੱਟ ਨਹੀਂ ਹੈ। ਸਰਕਾਰ ਨੇ ਰਾਸ਼ਨ ਕਾਰਡ ਪ੍ਰਣਾਲੀ ਵਿੱਚ ਇੱਕ ਵੱਡੀ ਸਫਾਈ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। 1 ਅਪ੍ਰੈਲ, 2026 ਤੋਂ ਰਾਸ਼ਨ ਕਾਰਡਾਂ ਨਾਲ ਸਬੰਧਤ ਨਿਯਮਾਂ ਵਿੱਚ ਬਦਲਾਅ ਕੀਤੇ ਜਾ ਰਹੇ ਹਨ, ਜਿਸ ਨਾਲ ਅਯੋਗ ਲੋਕਾਂ ਦੀ ਛੁੱਟੀ ਕਰ ਦਿੱਤੀ ਜਾਵੇਗੀ। ਜੇਕਰ ਤੁਸੀਂ ਸਮੇਂ ਸਿਰ ਜ਼ਰੂਰੀ ਕਦਮ ਨਹੀਂ ਚੁੱਕੇ, ਤਾਂ ਤੁਹਾਡਾ ਨਾਮ ਸੂਚੀ ਵਿੱਚੋਂ ਵੀ ਹਟਾਇਆ ਜਾ ਸਕਦਾ ਹੈ। ਸਰਕਾਰ ਨੇ ਪਾਰਦਰਸ਼ਤਾ ਲਿਆਉਣ ਲਈ ਈ-ਕੇਵਾਈਸੀ ਨੂੰ ਲਾਜ਼ਮੀ ਕਰ ਦਿੱਤਾ ਹੈ। ਸਾਰੇ ਮੈਂਬਰਾਂ ਦਾ ਕੇਵਾਈਸੀ 28 ਫਰਵਰੀ, 2026 ਤੱਕ ਪੂਰਾ ਕਰਨਾ ਲਾਜ਼ਮੀ ਹੈ। ਜੇਕਰ ਕਿਸੇ ਮੈਂਬਰ ਦਾ ਕੇਵਾਈਸੀ ਪੂਰਾ ਨਹੀਂ ਹੁੰਦਾ, ਤਾਂ 1 ਮਾਰਚ ਤੋਂ ਉਸ ਨੂੰ ਰਾਸ਼ਨ ਦੇਣਾ ਬੰਦ ਕਰ ਦਿੱਤਾ ਜਾਵੇਗਾ। ਕਿਵੇਂ ਕਰੀਏ: ਤੁਸੀਂ ਰਾਸ਼ਨ ਦੀ ਦੁਕਾਨ 'ਤੇ ਜਾ ਕੇ ਆਪਣਾ ਫਿੰਗਰਪ੍ਰਿੰਟ ਦੇ ਸਕਦੇ ਹੋ ਜਾਂ ਤੁਸੀਂ 'ਮੇਰਾ ਰਾਸ਼ਨ' ਐਪ ਦੀ ਵਰਤੋਂ ਕਰਕੇ ਚਿਹਰੇ ਦੀ ਪ੍ਰਮਾਣਿਕਤਾ ਰਾਹੀਂ ਘਰ ਬੈਠੇ ਹੀ ਇਹ ਕੰਮ ਕਰ ਸਕਦੇ ਹੋ। ਨਵੇਂ ਕਾਰਡ ਬਣਾਉਣ ਵਾਲਿਆਂ ਲਈ ਚੰਗੀ ਖ਼ਬਰ ਇਹ ਹੈ ਕਿ ਇਸ ਦੇ ਲਈ ਹੁਣ ਆਮਦਨ ਸੀਮਾ ਵਧਾ ਦਿੱਤੀ ਗਈ ਹੈ।



ਹੁਣ ?1.20 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰ (ਪਹਿਲਾਂ, ਇਹ ਸੀਮਾ ਕਈ ਰਾਜਾਂ ਵਿੱਚ ?1 ਲੱਖ ਸੀ) ਹੁਣ ਰਾਸ਼ਨ ਕਾਰਡ ਲੈਣ ਦੇ ਯੋਗ ਹੋਣਗੇ। ਮਹਿਲਾ ਸਸ਼ਕਤੀਕਰਨ ਦੇ ਤਹਿਤ ਪਰਿਵਾਰ ਦੀ ਸਭ ਤੋਂ ਵੱਡੀ ਔਰਤ (18 ਸਾਲ+) ਕਾਰਡ ਦੀ ਮੁਖੀ ਹੋਵੇਗੀ। ਇੱਕ ਆਦਮੀ ਨੂੰ ਤਾਂ ਹੀ ਮੁਖੀ ਬਣਾਇਆ ਜਾਵੇਗਾ ਜੇਕਰ ਪਰਿਵਾਰ ਵਿੱਚ ਕੋਈ ਬਾਲਗ ਔਰਤ ਨਾ ਹੋਵੇ। ਰਾਸ਼ਨ ਦੀਆਂ ਦੁਕਾਨਾਂ 'ਤੇ ਲੰਬੀਆਂ ਕਤਾਰਾਂ ਵਿੱਚ ਵਾਰ-ਵਾਰ ਖੜ੍ਹੇ ਰਹਿਣ ਦੀ ਪਰੇਸ਼ਾਨੀ ਖਤਮ ਹੋਣ ਵਾਲੀ ਹੈ। 2026 ਦੇ ਨਵੇਂ ਨਿਯਮਾਂ ਦੇ ਤਹਿਤ, ਲਾਭਪਾਤਰੀਆਂ ਨੂੰ ਇੱਕੋ ਸਮੇਂ ਤਿੰਨ ਮਹੀਨਿਆਂ ਦਾ ਰਾਸ਼ਨ ਇਕੱਠਾ ਕਰਨ ਦਾ ਵਿਕਲਪ ਦਿੱਤਾ ਜਾਵੇਗਾ। ਇਸ ਨਾਲ ਸਮਾਂ ਅਤੇ ਵਾਰ-ਵਾਰ ਯਾਤਰਾਵਾਂ ਦੀ ਬਚਤ ਹੋਵੇਗੀ। ਹੁਣ ਤੁਹਾਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਲਗਾਉਣ ਜਾਂ ਏਜੰਟਾਂ ਦੇ ਪਿੱਛੇ ਭੱਜਣ ਦੀ ਲੋੜ ਨਹੀਂ ਹੈ। ਨਵੇਂ ਰਾਸ਼ਨ ਕਾਰਡਾਂ ਲਈ ਅਰਜ਼ੀਆਂ ਸਿਰਫ਼ ਆਨਲਾਈਨ ਹੀ ਸਵੀਕਾਰ ਕੀਤੀਆਂ ਜਾਣਗੀਆਂ। ਆਨਲਾਈਨ ਅਰਜ਼ੀ ਦੇਣ ਤੋਂ ਬਾਅਦ ਇੱਕ ਫੂਡ ਸਪਲਾਈ ਅਫਸਰ ਤੁਹਾਡੇ ਦਸਤਾਵੇਜ਼ਾਂ ਦੀ ਤਸਦੀਕ ਕਰਨ ਲਈ ਤੁਹਾਡੇ ਘਰ ਆਵੇਗਾ। ਇਸ ਦੌਰਾਨ ਕਾਰਡ ਨੂੰ ਤਾਂ ਹੀ ਮਨਜ਼ੂਰੀ ਦਿੱਤੀ ਜਾਵੇਗੀ ਜੇਕਰ ਸਭ ਕੁਝ ਸਹੀ ਪਾਇਆ ਜਾਂਦਾ ਹੈ। ਸਰਕਾਰ ਨੇ ਉਨ੍ਹਾਂ ਲੋਕਾਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਦੇ ਰਾਸ਼ਨ ਕਾਰਡ ਰੱਦ ਕੀਤੇ ਜਾਣਗੇ... ਚਾਰ ਪਹੀਆ ਵਾਹਨ: ਜੇਕਰ ਤੁਹਾਡੇ ਕੋਲ ਟਰੈਕਟਰ ਨੂੰ ਛੱਡ ਕੇ ਚਾਰ ਪਹੀਆ ਵਾਹਨ ਹੈ। ਗੈਰ-ਸਰਗਰਮ ਲਾਭਪਾਤਰੀ: ਜੇਕਰ ਤੁਸੀਂ ਪਿਛਲੇ ਤਿੰਨ ਲਗਾਤਾਰ ਮਹੀਨਿਆਂ ਤੋਂ ਰਾਸ਼ਨ ਇਕੱਠਾ ਨਹੀਂ ਕੀਤਾ ਹੈ। ਗਲਤ ਜਾਣਕਾਰੀ: ਜੇਕਰ ਮੈਂਬਰ ਦੀ ਮੌਤ ਤੋਂ ਬਾਅਦ ਜਾਂ ਵਿਆਹ ਤੋਂ ਬਾਅਦ ਘਰ ਛੱਡਣ ਤੋਂ ਬਾਅਦ ਵੀ ਉਸਦਾ ਨਾਮ ਕਾਰਡ 'ਤੇ ਰਹਿੰਦਾ ਹੈ।